ਕੈਨੇਡੀਅਨ ਪੰਜਾਬੀ ਪੋਸਟ

Award winning newspaper | Canadian Punjabi Post

Vol 18 *Issue 223 Thursday, November 21, 2019 Tel: 905-793-2202 | Fax: 905-793-2282 | news@punjabipost.ca

To view our online newspaper visit punjabipost.ca/epaper THE ONLY DAILY PUNJABI NEWS ਹੁਣ ਤੁਸੀਂ 'ਪੰਜਾਬੀ ਪੋਸਟ' Online ਰੋਜ਼ਾਨਾ ਪੜ੍ਹ ਸਕਦੇ ਹੋ



Fair Advice Financial | Care Wealth Management Inc.
RDSP (Registered Disability Savings Plan)
Disabled person who is eligible for Disability Tax Credit.
And who is 49 years old or younger.
By contributing in an RDSP Plan he/she may be eligible to receive up to$90,000 in government bonds & grants.
Contact : 647-951-7900
SUKHWINDER NAHAL CFP, CLU Financial Planner
www.fairadvicefinancial.com
7900 Hurontario St., Suite 308, Brampton, ON, L6Y 0P6



TOP 4% TREB REALTOR 2018
Buy With $0 Down Program
ROYAL CANADIAN
RESIDENTIAL-COMMERCIAL-INVESTMENT
SELL YOUR HOUSE Quick & For Top $$$$
GO WITH PRO SELLING GTA FOR 5 YEARS
Hardeep Sivia BROKER
647-970-7374
www.HardeepSivia.com


# ਟਰੂਡੋ ਵੱਲੋਂ ਕੈਬਨਿਟ ਦਾ ਪਸਾਰ



## ਸੱਤ ਨਵੇਂ ਚਿਹਰਿਆਂ ਨੂੰ ਕੀਤਾ ਮੰਤਰੀ ਮੰਡਲ ਵਿੱਚ ਸ਼ਾਮਲ

ਓਟਵਾ, 20 ਨਵੰਬਰ (ਪੋਸਟ ਬਿਊਰੋ) : ਪ੍ਰਧਾਨ ਮੰਤਰੀ ਜਸਟਿਨ ਟਰੂਡੋ ਵੱਲੋਂ ਆਪਣੇ ਮੰਤਰੀ ਮੰਡਲ ਦੇ ਪਸਾਰ ਦਾ ਐਲਾਨ ਕੀਤਾ ਗਿਆ। ਇਸ ਵਾਰੀ ਟਰੂਡੋ ਵੱਲੋਂ ਬਹੁਤਾ ਜ਼ੋਰ ਮੱਧ ਵਰਗ ਤੇ ਖੇਤਰੀ ਖੁਸ਼ਹਾਲੀ ਉੱਤੇ ਦਿੱਤਾ ਜਾ ਰਿਹਾ ਹੈ। ਇਸ ਤੋਂ ਇਲਾਵਾ ਨੁਮਾਇੰਦਗੀ ਲਈ ਵੀ ਨਵੀਂ ਪਹੁੰਚ ਅਪਨਾਉਣ ਦੀ ਕੋਸ਼ਿਸ਼ ਕੀਤੀ ਜਾਵੇਗੀ। ਮੌਜੂਦਾ ਮੰਤਰੀਆਂ ਵਿੱਚੋਂ ਦਰਜਨਾਂ ਨੂੰ ਨਵੇਂ ਮਹਿਕਮੇ ਦਿੱਤੇ ਗਏ ਹਨ ਤੇ ਸੱਤ ਨਵੇਂ ਮੰਤਰੀਆਂ ਨੂੰ ਕੈਬਨਿਟ ਵਿੱਚ ਸ਼ਾਮਲ ਕੀਤਾ ਗਿਆ ਹੈ। ਇਨ੍ਹਾਂ ਨਵੇਂ ਮੰਤਰੀਆਂ ਵਿੱਚੋਂ ਵੀ ਦੋ ਪਹਿਲੀ ਵਾਰੀ 2019 ਦੀਆਂ ਇਨ੍ਹਾਂ ਚੋਣਾਂ ਵਿੱਚ ਹੀ ਚੁਣੇ ਗਏ।

ਇਸ ਸਮਾਰੋਹ ਤੋਂ ਬਾਅਦ ਮੀਡੀਆ ਨਾਲ ਰੂ-ਬ-ਰੂ ਹੁੰਦਿਆਂ ਟਰੂਡੋ ਨੇ ਆਖਿਆ ਕਿ ਉਹ ਬਹੁਤ ਉਤਸ਼ਾਹਿਤ ਹਨ ਕਿ ਕੈਨੇਡੀਅਨਾਂ ਨੂੰ ਉਨ੍ਹਾਂ ਤੋਂ ਜੋ ਆਸ ਹੈ ਉਸ ਨੂੰ ਪੂਰਾ ਕਰਨ ਦਾ ਇੱਕ ਹੋਰ ਮੌਕਾ ਉਨ੍ਹਾਂ ਨੂੰ ਮਿਲਿਆ ਹੈ। ਇੱਕ ਵਾਰੀ ਫਿਰ ਉਹ ਦੇਸ਼ ਨੂੰ ਇੱਕਜੁੱਟ ਕਰਨ, ਮੱਧ ਵਰਗ ਨਾਲ ਜੁੜੇ ਆਰਥਿਕ ਮਸਲਿਆਂ ਉੱਤੇ ਧਿਆਨ ਕੇਂਦਰਿਤ ਕਰਨ, ਕਲਾਈਮੇਟ ਚੇਂਜ ਨਾਲ ਲੜਨ ਤੇ ਕੈਨੇਡੀਅਨਜ਼ ਤੇ ਕਮਿਊਨਿਟੀਜ਼ ਨੂੰ ਸੇਫ ਰੱਖਣ ਲਈ ਉਹ ਆਪਣੀ ਟੀਮ ਲੈ ਕੇ ਤਿਆਰ ਹਨ। ਟਰੂਡੋ ਨੇ ਇਸ ਵਾਰੀ ਕਈ ਮੰਤਰਾਲਿਆਂ ਨੂੰ ਮੁੜ ਆਕਾਰ ਤੇ ਨਵਾਂ ਨਾਂ ਦਿੱਤਾ ਹੈ। ਟਰੂਡੋ ਦੇ ਨਵੇਂ ਮੰਤਰੀ ਮੰਡਲ ਵਿੱਚ 37 ਕੈਬਨਿਟ ਮੰਤਰੀ ਓਨਟਾਰੀਓ ਤੇ ਕਿਊਬਿਕ ਤੋਂ ਐਮਪੀਜ ਹਨ, 4 ਐਮਪੀਜ ਬ੍ਰਿਟਿਸ਼ ਕੋਲੰਬੀਆ, ਇੱਕ ਮੈਨੀਟੋਬਾ ਤੇ ਇੱਕ ਇੱਕ ਐਟਲਾਂਟਿਕ ਪ੍ਰੋਵਿੰਸਾਂ ਤੋਂ ਲਿਆ ਗਿਆ ਹੈ। ਇਸ ਵਾਰੀ ਵੀ 2015 ਦੀ ਤਰ੍ਹਾਂ ਟਰੂਡੋ ਨੇ ਆਪਣੇ ਮੰਤਰੀ ਮੰਡਲ ਵਿੱਚ ਲਿੰਗਕ ਸਮਾਨਤਾ ਬਰਕਰਾਰ ਰੱਖਣ ਦੀ ਕੋਸਿਸ ਕੀਤੀ ਹੈ। 29ਵੇਂ ਫੈਡਰਲ ਮੰਤਰਾਲੇ ਦਾ ਐਲਾਨ ਰਿਡਿਊ ਹਾਲ ਵਿੱਚ ਹੋਏ ਸੰਹੁ ਚੁੱਕ ਸਮਾਗਮ ਦੌਰਾਨ ਕੀਤਾ ਗਿਆ ਤੇ ਇਸ ਸਮਾਰੋਹ ਦੀ ਪ੍ਰਧਾਨਗੀ ਗਵਰਨਰ ਜਨਰਲ ਜੂਲੀ ਪੇਯੇਟੇ ਨੇ ਕੀਤੀ।

...ਬਾਕੀ ਪੰਨਾ 6 'ਤੇ

# ਨਿੱਕ ਗਹੂਨੀਆ ਨੇ ਟੋਰਾਂਟੋ ਪੁਲਿਸ ਖਿਲਾਫ ਠੋਕਿਆ 12 ਮਿਲੀਅਨ ਡਾਲਰ ਦਾ ਮੁੱਕਦਮਾ



ਓਨਟਾਰੀਓ, 20 ਨਵੰਬਰ (ਪੋਸਟ ਬਿਊਰੋ) : ਕੰਜ਼ਰਵੇਟਿਵ ਉਮੀਦਵਾਰ ਬਣਨ ਦੇ ਦਾਅਵੇਦਾਰ ਵੱਲੋਂ ਉਸ ਨੂੰ ਬਦਨਾਮ ਕਰਨ ਲਈ ਚਲਾਈ ਗਈ ਮੁਹਿੰਮ ਲਈ ਗੁਪਤ ਪੁਲਿਸ ਦਸਤਾਵੇਜ਼ਾਂ ਨੂੰ ਲੀਕ ਕਰਨ ਵਾਲੇ ਅਧਿਕਾਰੀਆਂ ਦੇ ਸਬੰਧ ਵਿੱਚ ਟੋਰਾਂਟੋ ਪੁਲਿਸ ਖਿਲਾਫ 12 ਮਿਲੀਅਨ ਡਾਲਰ ਦਾ ਮੁਕੱਦਮਾ ਦਾਇਰ ਕੀਤਾ ਜਾ ਰਿਹਾ ਹੈ।

ਪੁਲਿਸ ਦੇ ਇਸ ਤਰ੍ਹਾਂ ਦੇ ਮਾੜੇ ਵਿਵਹਾਰ ਦੇ ਆਲੇ ਦੁਆਲੇ ਬੁਣੀ ਗਈ ਗੰਦੀ ਸਿਆਸੀ ਖੇਡ ਦਾ ਇਹ ਅਲੋਕਾਰਾ ਮਾਮਲਾ ਹੈ ਜਿਸ ਵਿੱਚ ਨਿੱਕ ਗਹੂਨੀਆ ਨੂੰ ਫਸਾਉਣ ਦੀ ਕੋਸ਼ਿਸ਼ ਕੀਤੀ ਗਈ। ਇੱਥੇ ਦੱਸਣਾ ਬਣਦਾ ਹੈ ਕਿ ਪਿਛਲੇ ਸਾਲ ਪ੍ਰੋਵਿੰਸ਼ੀਅਲ ਚੋਣਾਂ ਤੋਂ ਠੀਕ ਪਹਿਲਾਂ ਬਰੈਂਪਟਨ ਦੇ ਹਲਕੇ ਤੋਂ ਪ੍ਰੋਗਰੈਸਿਵ ਕੰਜ਼ਰਵੇਟਿਵ ਉਮੀਦਵਾਰ ਨਿੱਕ ਗਹੂਨੀਆ ਦੀ ਨਾਮੀਨੇਸ਼ਨ ਰੱਦ ਕਰ ਦਿੱਤੀ ਗਈ ਸੀ। ਪਾਰਟੀ ਵੱਲੋਂ ਇਹ ਕਾਰਵਾਈ ਉਦੋਂ ਕੀਤੀ ਗਈ ਜਦੋਂ 29 ਸਾਲਾ ਗਹੂਨੀਆ ਦੀ ਗ੍ਰਿਫਤਾਰੀ ਸਬੰਧੀ ਪੱਤਰ ਬਰੈਂਪਟਨ, ਓਨਟਾਰੀਓ ਦੇ ਵੱਖ ਵੱਖ ਕਮਿਊਨਿਟੀ ਮੈਂਬਰਜ਼ ਨੂੰ ਮੇਲ ਕੀਤੇ ਗਏ।

...ਬਾਕੀ ਪੰਨਾ 5 'ਤੇ

# ਪੰਜਾਬੀ ਪੋਸਟ ਵਿੱਚ ਅਗਲੇ ਸੋਮਵਾਰ ਤੋਂ ਛਪੇਗੀ ਪੁਸਤਕ 'ਪਾਕਿਸਤਾਨ ਵਿੱਚ ਸਿੱਖ ਇਤਿਹਾਸਕ ਸਥਾਨ'

ਸ੍ਰੀ ਗੁਰੂ ਨਾਨਕ ਦੇਵ ਜੀ ਦੇ 550 ਵੇਂ ਪ੍ਰਕਾਸ਼ ਉਸਤਵ ਵਰ੍ਹੇ ਨੂੰ ਨਤਮਸਤਕ ਹੁੰਦੇ ਹੋਏ ਕੈਨੇਡੀਅਨ ਪੰਜਾਬੀ ਪੋਸਟ ਵੱਲੋਂ ਪਾਕਿਸਤਾਨੀ ਸਕਾਲਰ ਅਤੇ ਖੋਜੀ ਮੁਹੰਮਦ ਇਕਬਾਲ ਕੈਸਰ ਦੀ ਪੁਸਤਕ 'ਪਾਕਿਸਤਾਨ ਵਿਚ ਸਿੱਖ ਇਤਿਹਾਸਕ ਸਥਾਨ' ਨੂੰ 25 ਨਵੰਬਰ ਦਿਨ ਸੋਮਵਾਰ ਤੋਂ ਲੜੀਵਾਰ ਛਾਪਿਆ ਜਾਵੇਗਾ। ਅਖਬਾਰ ਦੇ ਹਰ ਅੰਕ ਵਿੱਚ ਇੱਕ ਗੁਰਦੁਆਰਾ ਸਾਹਿਬ ਦੀ ਤਸਵੀਰ ਅਤੇ ਸੰਖੇਪ ਵੇਰਵਾ ਪਾਠਕਾਂ ਦੇ ਲਾਭ ਹਿੱਤ ਛਾਪਿਆ ਜਾਵੇਗਾ। ਪੁਸਤਕ ਵਿੱਚ 175 ਗੁਰਦੁਆਰਿਆਂ ਦਾ ਜ਼ਿਕਰ ਹੈ। ਇਹਨਾਂ ਵਿੱਚੋਂ ਕਈ ਅਜਿਹੇ ਗੁਰਦੁਆਰੇ ਹਨ ਜਿਹਨਾਂ ਵਿੱਚ ਕਿਸੇ ਵੇਲੇ ਲੱਖਾਂ ਦੀ ਗਿਣਤੀ ਵਿੱਚ ਸੰਗਤ ਪੁੱਜਦੀ ਹੁੰਦੀ ਸੀ ਪਰ ਅੱਜ ਕੱਲ ਵਿਰਾਨ ਹੋ ਚੁੱਕੇ ਹਨ। ਕਈ ਵਿਰਾਨ ਹੋ ਚੁੱਕੇ ਗੁਰਦੁਆਰਿਆਂ ਨੂੰ ਸੰਗਤ ਦੇ ਉਪਰਾਲੇ ਨਾਲ ਮੁੜ ਸੁਰਜੀਤ ਕੀਤਾ ਜਾ ਰਿਹਾ ਹੈ। 7 ਸਾਲ ਦੇ ਲੰਬੇ ਅਰਸੇ ਦੀ ਮਿਹਨਤ ਤੋਂ ਬਾਅਦ ਤਿਆਰ ਹੋਈ ਇਸ ਪੁਸਤਕ ਵਿੱਚ ਕਈ ਉਹਨਾਂ ਗੁਰਦੁਆਰਿਆਂ ਦਾ ਵੀ ਵਰਨਣ ਹੈ ਜਿਹਨਾਂ ਬਾਰੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਰਿਕਾਰਡਾਂ ਵਿੱਚ ਵੀ ਜਾਣਕਾਰੀ ਮੌਜੂਦ ਨਹੀਂ ਸੀ। ਲੇਖਕ ਮੁਹੰਮਦ ਇਕਬਾਲ ਕੈਸਰ ਨੇ ਬੀਤੇ ਦਿਨੀਂ ਕੈਨੇਡੀਅਨ ਪੰਜਾਬੀ ਪੋਸਟ ਦੇ ਦਫ਼ਤਰ ਆ ਕੇ ਇਸ ਪੁਸਤਕ ਨੂੰ ਛਾਪਣ ਦੇ ਅਧਿਕਾਰ ਦਿੱਤੇ।


Best Insurance Rates
Auto Home Business
Dir: 647-400-2949
ਕਾਰ ਅਤੇ ਘਰ ਦੀ ਇੰਸ਼ੋਰੈਂਸ ਲਈ ਘੱਟ ਰੇਟ
Discounts upto 35% on Auto & Home
Amanpreet S. Batth
Axxel Insurance Brokers Ltd.
Address: 1550 South Gateway Rd. Suite 220 Mississauga, ON L4W 5G6

NOW HIRING !!! ALLKIND INSURANCE
Life Insurance • Super Visa Insurance
Critical illness Ins • Mortgage Insurance
Travel & Visitor Ins • Disability Insurance
RESP & TFSA & RRSP • Funeral Insurance
SIMRAN SAINI 416.994.7272
www.allkindinsurance.com

INSURANCE
Home Auto
Business Trucking
Life Insurance Commercial
647-206-2452 Sukhwinder K Singh
CONNEX 7050A Bramalea Rd, Unit # 13, Mississauga, ON L5S 1T1

HELPING YOUR PLAN TODAY......FOR TOMORROW
• Supervisa / Visitor Insurance
• Life /Mortgage/Funeral Insurance
• Disability Insurance
• Critical Illness Insurance
• RESP /RRSP
JATINDERBIR S BAJWA Insurance Broker
Dir: 647-928-4990 www.ufsinsurance.com
# 25-831 Bovarid Dr. W. Brampton,ON,L6X0T9

AUTO & HOME INSURANCE
Super visa Insurance
Life & Disability
Critical illness
RESP
Visitor & Travel insurance
(416-845-1352) Manwinder Mangat
Axxel InsuranceBrokers Ltd. 1332 Khalsa Dr, Unit # 11, Mississauga, ON L5S 0A2

JOSHI LAW OFFICE
Barrister, Solicitor & Notary Public
info@joshilawoffice.com | joshilawoffice.com
Immigration
Real Estate / Commercial Law
Affidavit / Power of Attorney
6921 Steels Ave. W. Unit 11, Etobicoke, ON
Rakesh M. Joshi B.A., LL.B 416-213-8600

WE DESIGN & BUILD ANGLECON CONSTRUCTION
Fully Insured | Team of licensed trades | Quality work & on-time insured
RESIDENTIAL • Custom homes • Home additions • Full home renovations • Legal basement
COMMERCIAL • New store design & build • Lease hold Improvements • Medical, offices, restaurants, retail & salon
FAST TRACK PERMIT & CONSTRUCTION 437.219.5009 info@anglecon.ca
BRAMPTON ◦ MISSISSAUGA ◦ ETOBICOKE ◦ OAKVILLE

INSURANCE
Auto | Home | Business | Trucking | Life
ਇੰਸ਼ੋਰੈਂਸ ਦੇ ਵਧੀਆ ਰੇਟ Best rates & Best Coverage
RAJESH SOOD (RAJ) CAIB (hons.), MBA (finance), RIBO
ਸੰਪਰਕ ਕਰੋ: 416-908-6237
Unit 1, 30 Topflight dr., Mississauga

GOEL TRAVEL
Low Rates Best Service
ਸਸਤੀਆਂ ਹਵਾਈ ਟਿਕਟਾਂ ਅਤੇ ਵਧੀਆ ਸਰਵਿਸ ਲਈ ਇੱਕ ਵਾਰੀ ਕਾਲ ਜਰੂਰ ਕਰੋ
ਗੋਇਲ ਟਰੈਵਲ
Tico # 50021780 905.796.7500
900 Raylawson Blvd. Unit # 6, Brampton

Canada Consumer Credit Assistance ਕਰਜ਼ਾ ਰਹਿਤ ਜ਼ਿੰਦਗੀ ਜੀਓ
• ਪਾਵਰ ਆਫ ਸੇਲ ਨੋਟਿਸ ?
• ਗਾਰਨਿਸ਼ਮੈਂਟ?
• ਬੈਂਕ ਵੱਲੋਂ ਪੈਸੇ ਦੀ ਮੰਗ ?
• ਰੈਵਨਿਊ ਕੈਨੇਡਾ ਵੱਲੋਂ ਟੈਕਸ ਦੀ ਮੰਗ ?
ਕੁਲੈਕਸ਼ਨ ਕਾਲਾਂ, ਬੈਂਕ ਕਰਪਸੀ ਅਤੇ ਕਰਜ਼ੇ ਤੋਂ ਪੱਕਾ ਛੁਟਕਾਰਾ ਪਾ ਕੇ ਆਪਣਾ ਕਰੈਡਿਟ ਦੁਬਾਰਾ ਬਣਾਉਣ ਲਈ
ਹੁਣੇ ਹੀ ਕਾਲ ਕਰੋ
75% ਤੱਕ ਆਪਣਾ ਕਰਜ਼ਾ ਮਾਫ ਕਰਾਓ, ਬਹੁਤ ਆਸਾਨ ਕਿਸ਼ਤਾਂ ਬਿਨਾ ਵਿਆਜ ਤੋਂ
ਮੁਫਤ ਅਤੇ ਗੁਪਤ ਸਲਾਹ ਲਈ ਅੱਜ ਹੀ ਜਸਬੀਰ ਹੁੰਦਲ ਨੂੰ ਕਾਲ ਕਰੋ
ਕਰਜ਼ੇ ਦੀ ਸਿਰਦਰਦੀ ?
Late Evening and Weekends Appointments Available 1888 864 3131
Jasbir Singh Hundal Qualified Credit Counsellor
www.MakeMeDebtFree.ca 416-502-3100 Unit #20 - 7015 Tranmere Drive Mississauga, ON L5S 1T7

SEHMBI RENOVATIONS
ਰੈਨੋਵੇਸ਼ਨ ਦੇ ਕਿਸੇ ਵੀ ਕੰਮ ਲਈ ਸਾਡੀਆਂ ਪਰੋਫੈਸ਼ਨਲ ਤੇ ਭਰੋਸੇਯੋਗ ਸੇਵਾਵਾਂ ਦਾ ਲਾਭ ਉਠਾਓ
• Custom Kitchen Cabinets • Completly Furnished
• Legal Basement • Painting & Flooring
ਵਾਜਿਬ ਕੀਮਤ ਤੇ ਸਮੇਂ ਸਿਰ ਕੰਮ
Jaswant Sehmbi: 647.524.0885

Law Office of Aman Sharma
Real Estate - Commercial Lease
Business Purchase & Sale
Notarizations & Affidavits
Wills & Power Of Attorney
Fax: 905-913-2344 Tel: 905-913-2355
4515 Ebenezer Rd, Suite 211, Brampton, Ontario L6P2K7
Aman Sharma Open Saturday
Providing excellent quality legal services to our clients

Mortgage! We Will Beat Any Rate !!!
*Each Mortgage Center Office is Independently Owned & Operated
Purchase || Refinance || Major Banks /Credit Unions || Private Lenders || Second Mortgages-Lowest 6.99 %
The Mortgage Centre
Cell: 416-841-4218 Tel: 905-216-5563
AvonFinancial Brokerage Lic. 12538
Harpreet Singh Goraya Principal Broker (Lic # M12000607)
831 Bovaird Dr. West, Unit 25, Brampton, ON L6X 0T9 Fax : 905-216-0392

SNOW PLOWING & SALTING SERVICES
WE SERVICE ALL KINDS OF PROPERTIES
- Truck & Trailer parking yards
- Plazas & Industrial buildings
- Banquet halls & restaurants
- Gas stations & repair shops
- Offices & Clinics
We are Professional, Reliable & Experienced
AAA LANDSCAPING | 647-784-1213

PROTECT YOUR HOME FROM PESTS
Pest Control
100% Success rate for bed bug Treatment
Low Rates/Excellent Pest Control Services
Free Home Inspection Call Today
Ranjit Sidhu Certified & Licenced Exterminator
BED BUG MATTRESS COVER ALSO AVAILABLE
Cell: 647.668.3944 | Office: 905.455.0648
info@atozpestcontroltoronto.com | www.atozpestcontroltoronto.com

•Super Visa Insurance
•Visitor Visa Insurance
•Travel Insurance
•Student Insurance
•New Immigrant 90 Days Med. Insurance
Punjab Insurance Inc
www.punjabinsurance.com
Sherjang Singh Rana 416.910.9000 rana@punjabinsurance.ca
10-7003 Steeles Ave. West, Etobicoke, ON M9W 0A2
Harpreet Rana 416.871.3571 harpreetrana@punjabinsurance.ca

CN Forklift Training Center
Counterbalance All Types | Walkie pallet Low Lift | Electric Motor Narrow Aisle Reach | Cherry Order Picker
License $69 Toll Free: 1 855 230 0001
7033 Telford Way, Unit #4, Mississauga, ON L5S 1V4
When You Need Re certified License & Training First Call to us
Cell: 416 726 6206 Tel: 905 405 0001
NC Dhawan Certified Instructor

KELLEY LAW OFFICE
Immigration • Real Estate
Family Law • Business Closing
Corporate • Wills & Estate
Power of Attorney/Affidavit /Attestations
www.kelleylawoffice.ca | info@kelleylawoffice.ca
1200 Derry Road E, #15, Mississauga, ON L5T 0B3
Shinder Kelley 905-362-0755

Royal Pest Control
Residential Commercial Industrial
Specialist in Bedbugs Service
All Pest Control :
•Mouse & Rats •Spiders & Fleas •Bedbugs •Wasps
•Cockroaches •Carpenter Ants •Silver Fish •Racoons
Call : PARESH PATEL
416 938 4598

MANN LAW FIRM
• Real Estate Law • Business Law
• Wills & Estates • Family Law
• Power of Attorney • Civil Litigation
• Affidavits Notarization / Declaration
Maninder S. Mann B.A. (Hons.), LLB
BARRISTER SOLICITOR NOTARY
Address: 2130 North Park Dr. Suite 246 Brampton, ON L6S 0C9
T: 905 799 9333 www.mannlawfirm.ca

PEST PROBLEM ?
Residential & Commercial
100% Customer Satisfaction
All Pest Control
MICE, COCKROACH, BEDBUG & ALL COMMON BUGS
Protect yourself & your family from the Pests
AFFORDABLE & RELIABLE
KSG Pest Control Inc.
647.990.3205
www.ksgpestcontrol.ca ksgpestcontrol@gmail.com
Amarjeet Singh Gill Certified & Licenced Exterminator


NOW
HIRING
U.S. CROSS BORDER
SINGLES & TEAMS
AND CANADIAN TEAMS
US Singles $0.64/mile
US Teams $0.66/mile
Canadian teams $0.62/mile
LIGHT SPEED Logistics Inc.
OUR FAMILY WELCOMES YOU
U.S. Singles – Dedicated Truck
Desirable Lanes to the U.S.
U.S. Teams – New Dedicated Truck
Canadian Teams – New Dedicated Truck
Comprehensive Company Benefits
Flexible Work Schedule
LIGHT SPEED HAS YOU COVERED
Steve Hunt O 905.696.0700 x7224 C 905.229.9011 E shunt@lslinc.com
6015 Kestrel Road, Mississauga, ONTARIO L5T 1S8
www.lslinc.com


Black Friday
Deals
VISIT US IN STORE FOR
EXCLUSIVE OFFERS
GET $50 IN-STORE CREDIT*
*WITH NEW ACTIVATION ON
A $40/MO DATA, TALK & TEXT PLAN
chatr
AUTHORIZED DEALER
Offer Available Nov 28th, 29th, 30th | Dec 1st & 2nd at :
379 Main St. North Brampton | 905-451-0379
2456 Lake shore Blvd W. Etobicoke | 416-259-3654
*Valid at participating location(s) above. Only applicable with new activation on a $40/mo or higher Data, Talk & Text plan. In-store credit cannot be applied to top-ups, bill payments or redeemed for cash and has no cash value. Visit chatrmobile.com/plans for more details. ™ Trademarks used under license ©2019

AMAN TRAVEL SPECIAL FARES TO DELHI & AMRITSAR | LAST MINUTE DEALS AVAILABLE
ਅਮਨ ਟਰੈਵਲ
Gaurav Gupta
905.796.3535
ਦੇਸ਼ ਵਿਦੇਸ਼ ਜਾਣ ਸਮੇਂ ਸਸਤੀਆਂ ਹਵਾਈ ਟਿਕਟਾਂ ਅਤੇ ਭਰੋਸੇਮੰਦ ਸਰਵਿਸ ਲੈਣ ਲਈ ਕਾਲ ਕਰੋ
TICO # 50022741
or Visit us at: 218 Kingknoll Dr., Brampton, ON L6Y 4X4

# ਸੀਨੀਅਰਜ਼ ਲਈ ਮੁਫਤ ਡੈਂਟਲ ਕੇਅਰ ਉੱਤੇ ਸਾਲ ਦੇ 90 ਮਿਲੀਅਨ ਡਾਲਰ ਖਰਚੇਗੀ ਓਨਟਾਰੀਓ ਸਰਕਾਰ

ਓਨਟਾਰੀਓ, 20 ਨਵੰਬਰ (ਪੋਸਟ ਬਿਊਰੋ) : ਡੱਗ ਫੋਰਡ ਸਰਕਾਰ ਨੇ ਐਲਾਨ ਕੀਤਾ ਹੈ ਕਿ ਓਨਟਾਰੀਓ ਵਿੱਚ ਘੱਟ ਆਮਦਨ ਵਾਲੇ ਸੀਨੀਅਰਜ਼ ਨੂੰ ਮੁਫਤ ਰੁਟੀਨ ਡੈਂਟਲ ਕੇਅਰ ਮੁਹੱਈਆ ਕਰਵਾਉਣ ਲਈ ਉਨ੍ਹਾਂ ਵੱਲੋਂ ਸਾਲਾਨਾ 90 ਮਿਲੀਅਨ ਡਾਲਰ ਖਰਚ ਕੀਤੇ ਜਾਣਗੇ।

ਬੁੱਧਵਾਰ ਨੂੰ ਟੋਰਾਂਟੋ ਦੇ ਰੈਕਸਡੇਲ ਕਮਿਊਨਿਟੀ ਹੈਲਥ ਸੈਂਟਰ ਵਿਖੇ ਪ੍ਰੀਮੀਅਰ ਡੱਗ ਫੋਰਡ, ਸਿਹਤ ਮੰਤਰੀ ਕ੍ਰਿਸਟੀਨ ਐਲੀਅਟ ਤੇ ਮਨਿਸਟਰ ਫੌਰ ਸੀਨੀਅਰਜ਼ ਐਂਡ ਅਸੈੱਸੇਬਿਲਿਟੀ ਰੇਅਮੰਡ ਚੋਅ ਵੱਲੋਂ ਇਹ ਪ੍ਰੋਗਰਾਮ ਲਾਂਚ ਕੀਤਾ ਗਿਆ। ਪ੍ਰੋਵਿੰਸ਼ੀਅਲ ਸਰਕਰਾਰ ਦੇ ਅੰਦਾਜ਼ੇ ਮੁਤਾਬਕ ਜਦੋਂ ਇਹ ਪ੍ਰੋਗਰਾਮ ਪੂਰੀ ਤਰ੍ਹਾਂ ਲਾਗੂ ਹੋ ਗਿਆ ਤਾਂ ਇਸ ਨਾਲ 100,000 ਸੀਨੀਅਰਜ਼ ਨੂੰ ਫਾਇਦਾ ਹੋਵੇਗਾ। ਫਰੀ ਡੈਂਟਲ ਕੇਅਰ ਦਾ ਵਾਅਦਾ ਬਹਾਰ ਵਾਲੇ ਬਜਟ ਵਿੱਚ ਕੀਤਾ ਗਿਆ ਸੀ।

ਇਸ ਮੌਕੇ ਐਲੀਅਟ ਨੇ ਆਖਿਆ ਕਿ ਦੰਦਾਂ ਦੀਆਂ ਸਮੱਸਿਆਵਾਂ ਨਾਲ ਜੂਝ ਰਹੇ ਸੀਨੀਅਰਜ਼ ਦੇ ਐਮਰਜੰਸੀ ਰੂਮ ਦੇ ਗੇੜਿਆਂ ਨੂੰ ਘਟਾਉਣ ਲਈ ਇਹ ਪ੍ਰੋਗਰਾਮ ਸ਼ੁਰੂ ਕੀਤਾ ਗਿਆ ਹੈ। ਉਨ੍ਹਾਂ ਆਖਿਆ ਕਿ ਹਾਲਵੇਅ ਹੈਲਥ ਕੇਅਰ ਨੂੰ ਖਤਮ ਕਰਨ ਲਈ ਇਹ ਪ੍ਰੋਵਿੰਸ਼ੀਅਲ ਪਲੈਨ ਦਾ ਹਿੱਸਾ ਹੈ। ਉਨ੍ਹਾਂ ਆਖਿਆ ਕਿ ਇਹ ਪਲੈਨ ਵਿੱਚ ਰੋਕਥਾਮ ਤੇ ਹੈਲਥ ਪ੍ਰਮੋਸ਼ਨ ਵੀ ਸ਼ਾਮਲ ਹੈ। ਬੁੱਧਵਾਰ ਨੂੰ ਐਲੀਅਟ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਦੱਸਿਆ ਕਿ ਇਸ ਵਿੱਚ ਕੋਈ ਸ਼ੱਕ ਨਹੀਂ ਕਿ ਹਸਪਤਾਲ ਸਾਡੇ ਹੈਲਥ ਕੇਅਰ ਸਿਸਟਮ ਦੀ ਰੀੜ੍ਹ ਦੀ ਹੱਡੀ ਹਨ



ਪਰ ਹਮੇਸ਼ਾਂ ਕੇਅਰ ਹਾਸਲ ਕਰਨ ਲਈ ਇਹ ਬਿਹਤਰੀਨ ਥਾਂ ਨਹੀਂ ਹੋ ਸਕਦੇ। ਖਾਸਤੌਰ ਉੱਤੇ ਉਦੋਂ ਜਦੋਂ ਸਾਡੇ ਕਈ ਹਸਪਤਾਲ 100 ਫੀ ਸਦੀ ਸਮਰੱਥਾ ਤੋਂ ਵੱਧ ਆਪਰੇਟ ਕਰ ਰਹੇ ਹੋਣ।

ਐਲੀਅਟ ਨੇ ਆਖਿਆ ਕਿ ਜਿਨ੍ਹਾਂ ਸੀਨੀਅਰਜ਼ ਦੀ ਆਮਦਨ ਫਿਕਸ ਹੈ ਉਨ੍ਹਾਂ ਨੂੰ ਬਹੁਤੀ ਵਾਰੀ ਡੈਂਟਲ ਕੇਅਰ ਹਾਸਲ ਕਰਨੀ ਔਖੀ ਲੱਗਦੀ ਹੈ। ਪ੍ਰੋਵਿੰਸ ਅਨੁਸਾਰ ਮਸੂੜ੍ਹਿਆਂ ਦੀ ਬਿਮਾਰੀ, ਇਨਫੈਕਸ਼ਨ ਤੇ ਲੰਮੇਂ ਸਮੇਂ ਤੱਕ ਰਹਿਣ ਵਾਲੀ ਦਰਦ ਕਾਰਨ ਸਾਲ ਵਿੱਚ 60,000 ਤੋਂ ਵੀ ਵੱਧ ਲੋਕ ਐਮਰਜੰਸੀ ਡਿਪਾਰਟਮੈਂਟ ਦਾ ਦੌਰਾ ਕਰਦੇ ਹਨ। ਇਨ੍ਹਾਂ ਵਿੱਚੋਂ ਵੀ ਵੱਡੀ ਗਿਣਤੀ ਬਜ਼ੁਰਗਾਂ ਦੀ ਹੁੰਦੀ ਹੈ। ਇਹ ਪ੍ਰੋਗਰਾਮ ਪ੍ਰਾਈਵੇਟ ਡੈਂਟਲ ਕਲੀਨਿਕਸ ਦੀ ਥਾਂ ਉੱਤੇ ਪਬਲਿਕ ਹੈਲਥ ਯੂਨਿਟਸ, ਕਮਿਊਨਿਟੀ ਹੈਲਥ ਸੈਂਟਰਜ਼ ਤੇ ਇਸੇ ਤਰ੍ਹਾਂ ਦੇ ਹੋਰ ਸੈਂਟਰਜ਼ ਰਾਹੀਂ ਚਲਾਇਆ ਜਾਵੇਗਾ।

ਇਸ ਦੌਰਾਨ ਰੁਟੀਨ ਡੈਂਟਲ ਵਰਕ ਵੀ ਕਵਰ ਕੀਤਾ ਜਾਵੇਗਾ। ਓਨਟਾਰੀਓ ਸਰਕਾਰ ਨੇ ਇਸ ਪ੍ਰੋਗਰਾਮ ਲਈ ਅਪਲਾਈ ਕਰਨ ਵਾਸਤੇ ਨਵਾਂ ਵੈੱਬ ਪੋਰਟਲ ੋਨਟਅਰੋ।ਚਅ/ਸਏਨੋਰਸ-ਦਏਨਟਅਲ ਲਾਂਚ ਕੀਤਾ ਹੈ। ਕੁਆਲੀਫਾਈ ਕਰਨ ਵਾਲੇ ਇਸ ਪੋਰਟਲ ਰਾਹੀਂ ਅਪਲਾਈ ਕਰ ਸਕਣਗੇ। ਇਸ ਦੌਰਾਨ ਚੋਅ ਨੇ ਆਖਿਆ ਕਿ ਘੱਟ ਆਮਦਨ ਵਾਲੇ ਸੀਨੀਅਰਜ਼ ਨਿਯਮਿਤ ਡੈਂਟਲ ਕੇਅਰ ਅਫੋਰਡ ਨਹੀਂ ਕਰ ਸਕਦੇ ਕਿਉਂਕਿ ਉਨ੍ਹਾਂ ਨੂੰ ਵਿੱਤੀ ਚੁਣੌਤੀਆਂ ਦਾ ਸਾਹ-ਮਣਾ ਕਰਨਾ ਪੈਂਦਾ ਹੈ। ਇਸ ਤੋਂ ਇਲਾਵਾ ਰੁਟੀਨ ਡੈਂਟਲ ਕੇਅਰ ਦੀ ਘਾਟ ਉਨ੍ਹਾਂ ਦੀ ਸਿਹਤ ਉੱਤੇ ਵੀ ਅਸਰ ਪਾਉਂਦੀ ਹੈ।

ਚੋਅ ਨੇ ਆਖਿਆ ਕਿ ਘੱਟ ਆਮਦਨ ਵਾਲੇ ਦੋ ਤਿਹਾਈ ਸੀਨੀਅਰਜ਼ ਕੋਲ ਡੈਂਟਲ ਇੰਸ਼ੋਰੈਂਸ ਨਹੀਂ ਹੈ। ਓਨਟਾਰੀਓ ਵਿੱਚ ਸੀਨੀਅਰਜ਼ ਦੀ ਆਬਾਦੀ ਤੇਜ਼ੀ ਨਾਲ ਵੱਧ ਰਹੀ ਹੈ। ਇੱਕ ਅੰਦਾਜ਼ੇ ਮੁਤਾਬਕ 2023 ਤੱਕ ਓਨਟਾਰੀਓ ਵਿੱਚ ਤਿੰਨ ਮਿਲੀਅਨ ਦੇ ਨੇੜੇ ਤੇੜੇ ਸੀਨੀਅਰਜ਼ ਹੋਣਗੇ। ਉਨ੍ਹਾਂ ਇਹ ਵੀ ਆਖਿਆ ਕਿ ਜੇ ਸਮਾਂ ਰਹਿੰਦਿਆਂ ਦੰਦਾਂ ਦਾ ਇਲਾਜ ਨਾ ਕਰਵਾਇਆ ਜਾਵੇ ਤਾਂ ਇਹ ਲੰਮਾਂ ਸਮਾਂ ਚੱਲਣ ਵਾਲੀ ਬਿਮਾਰੀ ਬਣ ਜਾਂਦੀ ਹੈ ਤੇ ਇਸ ਨਾਲ ਜ਼ਿੰਦਗੀ ਦੇ ਮਿਆਰ ਉੱਤੇ ਵੀ ਅਸਰ ਪੈਂਦਾ ਹੈ।

## ਅ ਅੱਜ ਨਾਮਾ >>

ਕਰਦਾ ਮਿਲਦਾ ਪਿਆਰ ਜੇ ਕੋਈ ਲੜਕਾ,
ਚਾੜ੍ਹੀ ਪਕੜ ਕੇ ਜਾਂਦੀ ਕੜ-ਕੁੱਟ ਮੀਆਂ।
ਮੁੰਡਾ-ਕੁੜੀ ਜਦ ਧਰਮ ਅਸਥਾਨ ਪਹੁੰਚੇ,
ਪੈ ਗਏ ਫਿਰਤੂ ਸੀ ਉਨ੍ਹਾਂ ਨੂੰ ਟੁੱਟ ਮੀਆਂ।
ਮੁੰਡੇ-ਕੁੜੀਆਂ ਸੀ ਪਾਰਕ ਦੇ ਵਿੱਚ ਬੈਠੇ,
ਜਾ ਕੇ ਲਿਆ ਸੀ ਸ਼ੋਹਦਿਆਂ ਸੁੱਟ ਮੀਆਂ।
ਕਰਦੀ ਫੋਨ ਸੀ ਕੁੜੀ ਤਾਂ ਪਿਤਾ ਉਸ ਦੇ,
ਸੰਘੀਓਂ ਦਿੱਤੀ ਹੈ ਪਕੜ ਕੇ ਘੁੱਟ ਮੀਆਂ।
ਤਾਲਿਬਾਨ ਦਾ ਆਇਆ ਨਾ ਰਾਜ ਬੇਸ਼ੱਕ,
ਤਾਲਿਬਾਨੀ ਤਾਂ ਚੱਲ ਪਿਆ ਕਰਮ ਮੀਆਂ।
ਖਤਰੇ ਅਣਖ ਦੇ ਮਾਰੀ ਪਈ ਮੱਤ ਮੀਆਂ,
ਰੋਣਾ ਪਾ ਗਿਆ ਪੱਲੇ ਆਹ ਭਰਮ ਮੀਆਂ।

**ਤੀਸ ਮਾਰ ਖਾਂ**

# ਸਰਕਾਰ ਦਾ ਦਾਅਵਾ: ਕਸ਼ਮੀਰ ਦੇ ਹਾਲਾਤ ਆਮ, ਪੁਲਿਸ ਗੋਲ਼ੀ ਨਾਲ ਇਕ ਵੀ ਮੌਤ ਨਹੀਂ ਹੋਈ : ਸ਼ਾਹ

ਨਵੀਂ ਦਿੱਲੀ, 20 ਨਵੰਬਰ, (ਪੋਸਟ ਬਿਊਰੋ)- ਭਾਰਤ ਦੀ ਪਾਰਲੀਮੈਂਟ ਦੇ ਸਰਦ ਰੁੱਤ ਸਮਾਗਮ ਦੇ ਤੀਸਰੇ ਦਿਨ ਅੱਜ ਗ੍ਰਹਿ ਮੰਤਰੀ ਅਮਿਤ ਸ਼ਾਹ ਨੇ ਰਾਜ ਸਭਾ ਵਿਚ ਬੋਲਦਿਆਂ ਕਿਹਾ ਕਿ ਜੰਮੂ ਕਸ਼ਮੀਰ ਵਿਚ ਇੰਟਰਨੈਟ ਸੇਵਾਵਾਂ ਮੁੜ ਚਾਲੂ ਕਰਨ ਦਾ ਫੈਸਲਾ ਓਥੋਂ ਦੇ ਅਧਿਕਾਰੀ ਲੈਣਗੇ। ਕਸ਼ਮੀਰ ਇਲਾਕੇ ਵਿਚਪਾਕਿਸਤਾਨ ਦੇਦਖਲ ਤੇ ਇਸ ਕਾਰਨ ਸੁਰੱਖਿਆ ਦੀ ਲੋੜਮੁਤਾਬਕਜਦੋਂਸਥਾਨਕ ਅਧਿਕਾਰੀ ਸਹੀ ਸਮਝਣਗੇ, ਇਸਦਾ ਫੈਸਲਾ ਲੈ ਲੈਣਗੇ।



ਅਮਿਤ ਸ਼ਾਹ ਨੇ ਜੰਮੂ-ਕਸ਼ਮੀਰ ਦੇ ਹਾਲਾਤਬਾਰੇ ਬਿਆਨ ਦੇਂਦੇ ਹੋਏ ਕਿਹਾ ਕਿ ਉਥੇ ਦੀ ਹਾਲਤਇਸ ਵੇਲੇ ਪੂਰੀ ਤਰ੍ਹਾਂ ਆਮ ਵਾਂਗ ਹੈ। ਇਸ ਬਾਰੇ ਕਈ ਕਿਸਮ ਦੀਆਂ ਅਫ਼ਵਾਹਾਂ ਫੈਲੀਆਂ ਹੋਈਆਂ ਹਨ। ਕਸ਼ਮੀਰ ਵਿਚ ਪੰਜ ਅਗਸਤ ਤੋਂ ਬਾਅਦ ਪੁਲਿਸ ਫਾਇਰਿੰਗ ਵਿਚ ਇਕ ਵੀ ਮੌਤਨਹੀਂ ਹੋਈ। ਪਥਰਾਅ ਦੀਆਂ ਘਟਨਾਵਾਂ ਘਟੀਆਂ ਤੇ ਸਕੂਲ-ਕਾਲਜ ਖੁੱਲ੍ਹੇ ਹੋਏ ਹਨ। ਇਮਤਿਹਾਨ ਵਧੀਆ ਚੱਲ ਰਹੇ ਹਨ। ਸਾਰੇ ਹਸਪਤਾਲ ਅਤੇ ਸਿਹਤ ਕੇਂਦਰ ਖੁੱਲ੍ਹੇ ਹਨ। ਲੋਕ ਆਮ ਵਾਂਗ ਓਪੀਡੀ ਵਿਚ ਆ ਰਹੇ ਹਨ।ਪੈਟਰੋਲ, ਡੀਜ਼ਲ, ਕੈਰੋਸਿਨ, ਐਲਪੀ ਜੀ ਅਤੇ ਚੌਲਸਪਲਾਈ ਪੂਰੀ ਹੈ। 22 ਲੱਖ ਮੀਟ੍ਰਿਕ ਟਨ ਸੇਬ ਦਾ ਉਤਪਾਦਨ ਹੋਣ ਦੀ ਆਸ ਹੈ। ਸਾਰੇ ਲੈਂਡਲਾਈਨ ਟੈਲੀਫੋਨ ਖੁੱਲ੍ਹੇ ਹਨ।

ਇਸ ਮੁੱਦੇ ਉੱਤੇ ਕਾਂਗਰਸਵਿਰੁੱਧ ਹਮਲਾ ਬੋਲਦੇ ਹੋਏ ਅਮਿਤ ਸ਼ਾਹ ਨੇ ਕਿਹਾ ਕਿ ਗੁਲਾਮ ਨਬੀ ਆਜ਼ਾਦ ਨੂੰ ਮੇਰੀ ਚੁਣੌਤੀ ਹੈ ਕਿ ਇਨ੍ਹਾਂ ਤੱਥਾਂ ਤੇ ਅੰਕੜਿਆਂ ਨੂੰ ਰਿਕਾਰਡ ਉੱਤੇ ਇਤਰਾਜ਼ ਕਿਉਂ ਨਹੀਂਕਰਦੇ? ਮੈਂ ਇਸ ਮੁੱਦੇ ਉੱਤੇ ਇਕ ਘੰਟਾ ਚਰਚਾ ਕਰਨ ਨੂੰ ਤਿਆਰ ਹਾਂ।ਅਮਿਤ ਸ਼ਾਹ ਨੇ ਕਿਹਾ ਕਿ ਸਭ ਉਰਦੂ/ਅੰਗਰੇਜ਼ੀ ਅਖ਼ਬਾਰ ਅਤੇ ਟੀ ਵੀ ਚੈਨਲ ਚੱਲ ਰਹੇ ਹਨ, ਬੈਂਕ ਸੇਵਾਵਾਂ ਪੂਰੀ ਤਰ੍ਹਾਂ ਕੰਮ ਕਰਦੀਆਂ ਹਨ। ਸਾਰੇ ਸਰਕਾਰੀ ਦਫਤਰ ਅਤੇ ਅਦਾਲਤਾਂ ਖੁੱਲ੍ਹੀਆਂ ਹਨ। ਬਲਾਕ ਵਿਕਾਸ ਕੌਂਸਲ ਦੀ ਚੋਣ ਹੋਈ ਤਾਂ 98.3 ਫੀਸਦੀ ਵੋਟਿੰਗ ਹੋਈ ਹੈ।

ਇਸ ਦੌਰਾਨ ਕਾਂਗਰਸ ਐੱਮ ਪੀ ਆਨੰਦ ਸ਼ਰਮਾ ਨੇ ਰਾਜ ਸਭਾ ਵਿਚ ਆਪਣੀ ਪਾਰਟੀ ਦੇ ਪ੍ਰਮੁੱਖ ਨੇਤਾਵਾਂ ਸੋਨੀਆ ਗਾਂਧੀ, ਡਾਕਟਰ ਮਨਮੋਹਨ ਸਿੰਘ, ਰਾਹੁਲ ਗਾਂਧੀ ਅਤੇ ਪ੍ਰਿਅੰਕਾ ਗਾਂਧੀ ਦਾ ਐੱਸ ਪੀਜੀ ਸੁਰੱਖਿਆ ਕਵਰ ਵਾਪਸ ਲੈਣ ਦਾ ਮੁੱਦਾ ਚੁੱਕਿਆ ਤੇ ਕਿਹਾ ਕਿ ਅਸੀਂ ਸਰਕਾਰ ਨੂੰ ਅਪੀਲ ਕਰਦੇ ਹਾਂ ਕਿ ਨੇਤਾਵਾਂ ਦੀ ਸੁਰੱਖਿਆ ਬਾਰੇ ਪੱਖਪਾਤੀ ਰਾਜਨੀਤੀ ਤੋਂ ਦੂਰ ਰਹਿਣਾ ਚਾਹੀਦਾ ਹੈ।ਇਸਦੇ ਜਵਾਬ ਵਿੱਚ ਰਾਜ ਸਭਾ ਵਿਚ ਭਾਜਪਾ ਨੇਤਾ ਜੇਪੀ ਨੱਢਾ ਨੇ ਕਿਹਾ ਕਿ ਰਾਜਨੀਤਕ ਕੁਝ ਨਹੀਂ, ਸੁਰੱਖਿਆ ਵਾਪਸ ਨਹੀਂ ਲਈ ਗਈ, ਗ੍ਰਹਿ ਮੰਤਰਾਲੇ ਦਾ ਬਹੁਤ ਨਿਰਧਾਰਤ ਪੈਟਰਨ ਅਤੇ ਇਕ ਪ੍ਰੋਟੋਕੋਲ ਹੈ। ਇਹ ਕਿਸੇ ਨੇਤਾ ਦੇ ਵੱਸ ਨਹੀਂ ਹੁੰਦਾ, ਗ੍ਰਹਿ ਮੰਤਰਾਲਾ ਤੋਂ ਕੀਤਾ ਜਾਂਦਾ ਹੈ ਅਤੇ ਖ਼ਤਰੇ ਦੀ ਧਾਰਨਾ ਮੁਤਾਬਕ ਸੁਰੱਖਿਆ ਦਿੱਤੀ ਜਾਂਦੀ ਅਤੇ ਵਾਪਸ ਲੈ ਲਈ ਜਾਂਦੀ ਹੈ।

GNR ਹਰਬਲ ਤੇਲ 647-853-5800
globalnaturalremedies@yahoo.com
ਦਰਦਾਂ ਵਾਸਤੇ Pain-Care Ext. Use Only $9.99
ਮਰਦਾਂ ਲਈ He-Oil Joint Support $19.99
Stress-Care For Men Only $9.99
ਔਰਤਾਂ ਲਈ Chest Massage Oil Feel Relaxed $14.99
Herbal Products
GLOBAL NATURAL REMEDIES

# ਓਵਰਟੇਕ ਕਰਦਿਆਂ ਸਕੂਟੀ ਤਿਲਕ ਕੇ ਟਰਾਲੀ ਹੇਠ ਚਲੀ ਗਈ, ਦੋ ਬੱਚਿਆਂ ਦੀ ਮੌਤ

ਬਰਨਾਲਾ, 20 ਨਵੰਬਰ (ਪੋਸਟ ਬਿਊਰੋ)- ਵਿਆਹ ਤੋਂ ਘਰ ਮੁੜਦੇ ਜੋੜੇ ਦੀ ਸਕੂਟੀ ਇੱਕ ਟਰਾਲੀ ਨੂੰ ਕਰਾਸ ਕਰਦੇ ਸਮੇਂ ਤਿਲਕ ਕੇ ਉਸ ਦੇ ਹੇਠਾਂ ਆ ਗਈ। ਟਾਇਰ ਹੇਠਾਂ ਆਉਣ ਕਾਰਨ ਜੋੜੇ ਦੇ ਬੇਟੇ ਅਤੇ ਉਨ੍ਹਾਂ ਦੇ ਰਿਸ਼ਤੇਦਾਰ ਦੀ ਬੇਟੀ ਦੀ ਮੌਕੇ 'ਤੇ ਮੌਤ ਹੋ ਗਈ ਅਤੇ ਪਤੀ-ਪਤਨੀ ਗੰਭੀਰ ਰੂਪ ਵਿੱਚ ਜ਼ਖਮੀ ਹੋ ਗਏ।

ਜਸਪਾਲ ਸਿੰਘ ਵਾਸੀ ਗੋਵਿੰਦਵਾਲ (ਲੁਧਿਆਣਾ) ਬਰਨਾਲਾ ਜ਼ਿਲੇ ਦੇ ਪਿੰਡ ਟੱਲੇਵਾਲ ਵਿੱਚ ਆਪਣੇ ਪਰਵਾਰ ਨਾਲ ਵਿਆਹ ਵਿੱਚ ਆਇਆ ਸੀ ਅਤੇ ਕੱਲ੍ਹ ਸ਼ਾਮ ਵਾਪਸ ਜਾ ਰਿਹਾ ਸੀ। ਉਸ ਨਾਲ ਪਤਨੀ ਗੁਰਮੀਤ ਕੌਰ, ਅੱਠ ਸਾਲਾ ਬੇਟਾ ਹਰਸ਼ਦੀਪ ਸਿੰਘ ਅਤੇ ਉਸ ਦੇ ਰਿਸ਼ਤੇਦਾਰ ਦੀ ਛੇ ਸਾਲ ਦੀ ਬੇਟੀ ਕੋਮਲਪ੍ਰੀਤ ਸਕੂਟੀ 'ਤੇ ਬੈਠੇ ਸਨ। ਇਸੇ ਦੌਰਾਨ ਉਸ ਦੇ ਅੱਗੇ ਇੱਟਾਂ ਨਾਲ ਭਰੀ ਟਰੈਕਟਰ ਟਰਾਲੀ ਜਾ ਰਹੀ ਸੀ। ਪਿੰਡ ਬੀਹਲਾ ਤੋਂ ਅੱਗੇ ਜਾ ਕੇ ਜਸਪਾਲ ਸਿੰਘ ਜਦ ਸਕੂਟੀ ਨੂੰ ਟਰੈਕਟਰ ਟਰਾਲੀ ਨੂੰ ਕਰਾਸ ਕਰਨ ਲੱਗਾ ਤਾਂ ਸਕੂਟੀ ਤਿਲਕ ਜਾਣ ਕਾਰਨ ਸਕੂਟੀ 'ਤੇ ਸਵਾਰ ਲੜਕਾ ਤੇ ਲੜਕੀ ਟਰਾਲੀ ਦੇ ਟਾਇਰ ਦੇ ਹੇਠਾਂ ਆ ਗਏ। ਇਸ ਕਾਰਨ ਉਨ੍ਹਾਂ ਦੀ ਮੌਕੇ 'ਤੇ ਮੌਤ ਹੋ ਗਈ। ਥਾਣਾ ਟੱਲੇਵਾਲ ਦੀ ਮੁਖੀ ਅਮਨਦੀਪ ਕੌਰ ਨੇ ਦੱਸਿਆ ਕਿ ਪੁਲਸ ਕੇਸ ਦੀ ਜਾਂਚ ਕਰ ਰਹੀ ਹੈ। ਮ੍ਰਿਤਕ ਦੇ ਪਰਵਾਰ ਨੇ ਜਿਸ ਤਰ੍ਹਾਂ ਦੇ ਬਿਆਨ ਹੋਏ, ਉਸੇ ਆਧਾਰ 'ਤੇ ਉਹ ਅਗਲੀ ਕਾਰਵਾਈ ਕਰਨਗੇ। ਘਟਨਾ ਦੇ ਬਾਅਦ ਟਰੈਕਟਰ ਚਾਲਕ ਮੌਕੇ ਤੋਂ ਫਰਾਰ ਹੋ ਗਿਆ।

REXDALE FINANCIAL SERVICES
WE HELP YOU START, GROW AND SUCCEED
We bring Canada's leading lenders to you The Mortgage Centre
I direct mortgages Inc. 21 Roysun Rd, #6, Woodbridge, ON L4L 8R3 Ph: 905.652.3000 ext 467 | 905.652.300 ext 468
Each Mortgage center is independently owned and operated
Call now: 416.674.8035 | 416.674.7050 or Fax: 416.674.9009
ਮਿਲ ਰਹੇ ਘੱਟ ਵਿਆਜ ਦਰਾਂ ਦਾ ਫਾਇਦਾ ਚੱਕੋ ਅਤੇ ਹਜ਼ਾਰਾਂ ਹੀ ਡਾਲਰ ਬਚਾਓ!
• DEBT CONSOLIDATION • HOME EQUITY • LOANS • HOME RENOVATION • WANT TO GET OUT OF CREDIT CARD DEBT
ਜਿਆਦਾ ਕਰਜਾ ਦੇ ਕੇ ਥੱਕ ਚੁੱਕੇ ਹੋ? ਆਪਣਾ ਕਰਜਾਂ ਚੁਕਾਓ!!! ਬੈਂਕ ਨੇ ਕਰ ਦਿੱਤੀ 'ਨਾਂਹ', ਅਸੀਂ ਕਰਾਂਗੇ 'ਹਾਂ'
MORTGAGES SUITABLE FOR EVERY NEED!
1st & 2nd Mortgage Available
ALL IN ONE LOW MONTHLY PAYMENT!
Increase Your Cash Flow by up to 50%
YOU NEED A MORTGAGE? WE'LL ARANGE IT FOR YOU NO MATTER WHAT YOUR REASON IS!
Self Employed or Unemployed
19 Woodbine Downs Blvd, #201, Etobicoke, ON M9W 6N5
Jaspal Singh Gahunia #M08006400 416.677.0047

# ਟਰੰਪ ਸਰਕਾਰ ਨੇ ਭਾਰਤ ਲਈ ਇੱਕ ਅਰਬ ਡਾਲਰ ਦੇ ਹਥਿਆਰ ਵੇਚਣ ਨੂੰ ਪ੍ਰਵਾਨਗੀ ਦਿੱਤੀ

ਵਾਸ਼ਿੰਗਟਨ, 20 ਨਵੰਬਰ, (ਪੋਸਟ ਬਿਊਰੋ)- ਅਮਰੀਕਾ ਦੀ ਟਰੰਪ ਸਰਕਾਰ ਨੇ ਆਪਣੀ ਪਾਰਲੀਮੈਂਟ ਨੂੰ ਦੱਸਿਆ ਹੈ ਕਿ ਉਸ ਨੇ ਭਾਰਤ ਨੂੰ ਇੱਕ ਅਰਬ ਅਮਰੀਕੀ ਡਾਲਰ ਮੁੱਲ ਦੀਆਂ ਸਮੁੰਦਰੀ ਫੌਜ ਦੀਆਂ ਤੋਪਾਂ ਵੇਚਣ ਦਾ ਫੈਸਲਾ ਕੀਤਾ ਹੈ। ਇਸ ਵਿਕਰੀ ਨਾਲ ਭਾਰਤ ਉਨ੍ਹਾਂ ਚੋਣਵੇਂ ਦੇਸ਼ਾਂ ਵਿੱਚ ਸ਼ਾਮਲ ਹੋ ਜਾਵੇਗਾ, ਜਿਨ੍ਹਾਂ ਨੂੰ ਅਮਰੀਕਾ ਨੇ ਆਪਣੀਸਮੁੰਦਰੀ ਫੌਜ ਦੀਆਂ ਤੋਪਾਂ ਦੇ ਮੋਡ-4 ਦੀ ਵਿਕਰੀ ਕਰਨੀ ਹੈ। ਇਨ੍ਹਾਂ ਤੋਪਾਂ ਦੀ ਵਰਤੋਂ ਜੰਗੀ ਬੇੜਿਆਂ ਅਤੇ ਹਵਾਈ ਜਹਾਜ਼ਾਂ ਦੇ ਖਿਲਾਫ ਅਤੇ ਸਮੁੰਦਰੀ ਕੰਢਿਆਂ ਨੇੜਲੇ ਵਿਰੋਧੀ ਅੱਡਿਆਂ ਉੱਤੇ ਬੰਬਾਰੀ ਲਈ ਕੀਤੀ ਜਾਂਦੀ ਹੈ ਅਤੇ ਇਸ ਫੈਸਲੇ ਨਾਲ ਭਾਰਤ ਦੀ ਸਮੁੰਦਰੀ ਫੌਜ ਦੀ ਘਾਤਕ ਸਮਰੱਥਾ ਵਿਚ ਵਾਧਾ ਹੋ ਜਾਵੇਗਾ।

ਡਿਫੈਂਸ ਸਹਿਯੋਗ ਏਜੰਸੀ ਨੇ ਮੰਗਲਵਾਰ ਨੂੰ ਆਪਣੇ ਬਿਆਨ ਵਿੱਚਕਿਹਾ ਹੈ ਕਿ 13 ਐੱਮ ਕੇ-45 ਪੰਜ ਇੰਚ/ .62 ਕੈਲੀਬਰ (ਐੱਮ ਓ ਡੀ-4) ਦੀਆਂ ਸਮੁੰਦਰੀ ਤੋਪਾਂਅਤੇ ਉਨ੍ਹਾਂ ਨਾਲ ਸਬੰਧਤ ਸਾਮਾਨ ਦੀ ਪ੍ਰਸਤਾਵਤ ਵਿਦੇਸ਼ੀ ਫੌਜੀ ਵਿਕਰੀ ਦੀ ਅਨੁਮਾਨਤ ਲਾਗਤ 1.0210 ਅਰਬ ਡਾਲਰ ਬਣਦੀ ਹੈ। ਬਿਆਨਮੁਤਾਬਕ ਬੀ ਏ ਈ ਸਿਸਟਮਸ ਲੈਂਡ ਐਂਡ ਆਰਮਾਮੈਂਟਸ ਵੱਲੋਂ ਬਣਾਏ ਜਾਂਦੇ ਹਨ ਅਤੇ ਇਨ੍ਹਾਂ ਦੀ ਪ੍ਰਸਤਾਵਤ ਵਿਕਰੀ ਨਾਲ ਭਾਰਤ ਨੂੰ ਦੁਸ਼ਮਣਾਂ ਦੇ ਹਥਿਆਰਾਂ ਨਾਲ ਮੌਜੂਦਾ ਅਤੇ ਭਵਿੱਖ ਦੇ ਖਤਰਿਆਂ ਨਾਲ ਨਜਿੱਠਣ ਵਿਚ ਮਦਦ ਮਿਲੇਗੀ। ਇਸ ਬਿਆਨ ਵਿੱਚਕਿਹਾ ਗਿਆ ਹੈ ਕਿ ਐੱਮ ਕੇ-45 ਗੰਨ ਸਿਸਟਮ ਨਾਲ ਅਮਰੀਕਾ ਅਤੇ ਹੋਰ ਸਬੰਧਤ ਫੋਰਸਾਂ ਦੀ ਅੰਤਰ-ਸਮਰੱਥਾ ਵਧਾਉਣ ਦੇ ਨਾਲ ਐਂਟੀ ਸਰਫੇਸ ਜੰਗ ਅਤੇ ਐਂਟੀ ਏਅਰ ਡਿਫੈਂਸ ਮਿਸ਼ਨ ਚਲਾਉਣ ਦੀ ਸਮਰੱਥਾ ਮਿਲੇਗੀ ਤੇ ਇਸ ਵਧਦੀ ਸਮਰੱਥਾ ਨਾਲ ਭਾਰਤ ਆਪਣੇ ਖੇਤਰ ਦੇ ਖਤਰਿਆਂ ਨਾਲ ਨਜਿੱਠਣ ਅਤੇ ਜ਼ਮੀਨੀ ਰੱਖਿਆ ਕਰਨਦੇ ਸਮਰੱਥ ਹੋਵੇਗਾ, ਪਰ ਇਸ ਵਿਕਰੀ ਦੇ ਨਾਲ ਇਸ ਖੇਤਰ ਵਿੱਚ ਬੁਨਿਆਦੀ ਫੌਜੀ ਸੰਤੁਲਨ ਵਿੱਚ ਬਦਲਾਅ ਨਹੀਂ ਹੋਵੇਗਾ।

ਵਰਨਣ ਯੋਗ ਹੈ ਕਿ ਹਾਲੇ ਤੱਕ ਇਹ ਤੋਪਾਂ ਸਿਰਫ ਆਸਟ੍ਰੇਲੀਆ, ਜਾਪਾਨ ਅਤੇ ਦੱਖਣੀ ਕੋਰੀਆ ਨੂੰ ਹੀ ਵੇਚੀਆਂ ਗਈਆਂ ਸਨ। ਥਾਈਲੈਂਡ ਨੂੰ ਮੋਡ-4 ਦਾ ਨਵਾਂ ਐਡੀਸ਼ਨ ਦਿੱਤਾ ਗਿਆ ਹੈ। ਬ੍ਰਿਟੇਨ ਤੇ ਕੈਨੇਡਾ ਜਿਹੇ ਆਪਣੇ ਮਿੱਤਰ ਦੇਸ਼ਾਂ ਨੂੰ ਵੀ ਅਮਰੀਕਾ ਇਨ੍ਹਾਂ ਤੋਪਾਂ ਦੀ ਵਿਕਰੀ ਕਰਨ ਲਈ ਵਚਨਬੱਧ ਹੈ।

ukttc UK TRUCK TRAINING CENTRE
PCC #179958
Registered as a Private Careers College
Forklift $79 Recertification
➔ Automatic & Manual Trucks
○1:1 Training
➔ Forklift Training
Reach Truck
Counterbalance
Air Brake Classes Sat-Sun 8am to 4pm
Kuldip Singh Grewal 647.894.8590
17 ਸਾਲਾਂ ਦਾ ਤਜ਼ਰਬਾ | 7 ਦਿਨ ਖੁੱਲਾ | ਗੇਅਰਾਂ ਵਾਲੇ ਟਰੱਕਾਂ ਦੀ ਸਪੈਸ਼ਲ ਟ੍ਰੇਨਿੰਗ
Gurjot Singh Grewal: 437-224-8500 Off:905.673.7979
7542 Bath Rd, Mississauga, ON L4T 1L2

ਖਿੜਕੀਆਂ ਅਤੇ ਦਰਵਾਜੇ ਲਗਵਾਓ Free Estimates
ਵਨਾਈਲ ਅਤੇ ਐਲੂਮੀਨੀਅਮ ਵਿੰਡੋਜ਼, ਸਟੋਰਮ ਡੋਰ, ਕਲੋਸੈਟ ਡੋਰ ਮਿਰਰਜ਼, ਪੋਰਚ ਐਨਕਲੋਜ਼ਡ, ਮੇਨ ਐਂਟਰੈਂਸ ਡੋਰ, ਹਰ ਤਰਾਂ ਦਾ ਗਲਾਸ ਰਿਪਲੇਸਮੈਂਟ
ਅਸੀਂ ਪੇਂਟ ਵੀ ਕਰਦੇ ਹਾਂ
24 ਘੰਟੇ ਤੁਹਾਡੀ ਸੇਵਾ ਵਿੱਚ
CANADIAN GLASS AND WINDOW
SINGH (TOCHI)
416-454-3031
647-784-8240
Email: tochisangha1@hotmail.com

ShertGill Law Firm
Barrister, Solicitor & Notary Public
Services:
* Real Estate
* Residential, Commercial & Franchise
* Criminal Law
* Family Law
* Affidavit, Power Of Attorney & Notarization
* Immigration Matters
Paramjit Singh Gill (MBA,LL.B.)
Tel: 905-790-3636
2565 Steeles Ave E Unit #20, Brampton, ON L6T 4L6
Emergency Contact: 416.910.5676
www.shergilllawfirm.ca

ਪੰਜਾਬੀ ਪੋਸਟ 'ਚ ਸੇਲਜ਼ ਐਗਜ਼ੀਕਿਊਟਵਜ਼ ਦੀ ਲੋੜ
ਤਨਖਾਹ+ ਕਮਿਸ਼ਨ, ਪ੍ਰਤੀ ਸਾਲ 50,000 ਡਾਲਰ, ਆਪਣੀ ਕਾਰ ਹੋਣੀ ਚਾਹੀਦੀ ਹੈ ਅਤੇ ਅੰਗਰੇਜ਼ੀ ਤੇ ਪੰਜਾਬੀ ਬੋਲਣ 'ਚ ਮੁਹਾਰਤ ਹਾਸਿਲ ਹੋਵੇ। ਆਪਣਾ ਬਾਇਓਡਾਟਾ balwinder@punjabi-post.ca ਈਮੇਲ ਆਈਡੀ ਉਤੇ ਭੇਜ ਸਕਦੇ ਹੋ।
ਸੰਪਰਕ: 905-793-2202

PUNJABI POST NOW HIRING! SALES EXECUTIVES
Salary $19/hr + Bonus, Must be Sales Skill Master, have own car, fluent in english & punjabi.
Send your resume at: balwinder@punjabipost.ca
Call Punjabi Post: 905.793.2202

# ਰੋਪੜ ਦੇ ਵਿਧਾਇਕ ਅਮਰਜੀਤ ਸਿੰਘ ਸੰਦੋਆ ਨੇ ਵੀ ਵਿਧਾਨ ਸਭਾ ਤੋਂ ਅਸਤੀਫ਼ਾ ਵਾਪਸ ਲਿਆ

*** ਖਹਿਰਾ ਤੋਂ ਬਾਅਦ ਇੱਕ ਹੋਰ ਵਿਧਾਇਕ ਦਾ ਬੈਕ ਗੇਅਰ * ਲੋਕ ਸਭਾ ਚੋਣਾਂ ਮੌਕੇ ਕਾਂਗਰਸ ਵਿੱਚ ਗਿਆ ਸੀ ਸੰਦੋਆ**

ਚੰਡੀਗੜ੍ਹ, 20 ਨਵੰਬਰ, (ਪੋਸਟ ਬਿਊਰੋ)- ਆਮ ਆਦਮੀ ਪਾਰਟੀਤੋਂਪਿਛਲੇ ਸਾਲ ਬਾਗੀ ਹੋਏ ਨੇਤਾ ਅਤੇ ਕਾਂਗਰਸ ਦਾ ਹੱਥ ਫੜਨ ਵਾਲੇ ਹਲਕਾ ਰੂਪਨਗਰ ਦੇ ਵਿਧਾਇਕ ਅਮਰਜੀਤ ਸਿੰਘ ਸੰਦੋਆ ਨੇ ਵਿਧਾਨ ਸਭਾ ਤੋਂ ਅਸਤੀਫ਼ਾ ਵਾਪਸ ਲੈ ਲਿਆ ਹੈ। ਸੰਦੋਆ ਤੋਂ ਪਹਿਲਾਂ ਆਮ ਆਦਮੀ ਪਾਰਟੀ ਦੇ ਬਾਗੀ ਵਿਧਾਇਕਾਂ ਦੀ ਅਗਵਾਈ ਕਰਨ ਵਾਲੇ ਹਲਕਾ ਭੁਲੱਥ ਦੇ ਵਿਧਾਇਕ ਸੁਖਪਾਲ ਸਿੰਘ ਖਹਿਰਾ ਨੇ ਵੀ 22 ਅਕਤੂਬਰ ਨੂੰ ਆਪਣਾ ਅਸਤੀਫਾ ਵਾਪਸ ਲੈ ਲਿਆ ਸੀ। ਅਮਰਜੀਤ ਸਿੰਘ ਸੰਦੋਆ ਨੇ ਅਸਤੀਫ਼ਾ ਵਾਪਸ ਲੈਣ ਦੀ ਪੁਸ਼ਟੀ ਕੀਤੀ ਤੇ ਇਸ ਫੈਸਲੇ ਨੂੰ ਰਾਹਤ ਭਰਿਆ ਕਿਹਾ ਹੈ।


ਫਾਈਲ ਫੋਟੋ

ਵਰਨਣ ਯੋਗ ਹੈ ਕਿ ਅਮਰਜੀਤ ਸਿੰਘ ਸੰਦੋਆ ਇਸ ਸਾਲ ਲੋਕ ਸਭਾ ਚੋਣਾਂ ਵੇਲੇ ਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਦੀ ਹਾਜ਼ਰੀ ਵਿਚ ਕਾਂਗਰਸ ਵਿੱਚ ਸ਼ਾਮਲ ਹੋ ਗਏ ਸਨ ਤੇ ਏਦਾਂ ਕਰਨ ਵੇਲੇ ਆਮ ਆਦਮੀ ਪਾਰਟੀ ਜਾਂ ਬਾਗੀ ਗਰੁੱਪ ਦੇ ਸਾਥੀਆਂ ਨੂੰ ਵੀ ਖ਼ਬਰ ਨਹੀਂ ਸੀ ਲੱਗਣ ਦਿੱਤੀ। ਕਾਂਗਰਸ ਵਿਚ ਜਾਣਵੇਲੇ ਅਮਰਜੀਤ ਸਿੰਘ ਸੰਦੋਆ ਨੇ ਵਿਧਾਇਕ ਵਜੋਂ ਅਸਤੀਫ਼ਾ ਦੇ ਦਿੱਤਾ ਸੀ, ਪਰ ਤਕਨੀਕੀ ਕਾਰਨਾਂ ਕਰਕੇ ਸਪੀਕਰ ਨੇ ਅਜੇ ਤੱਕ ਪ੍ਰਵਾਨ ਨਹੀਂ ਸੀ ਕੀਤਾ। ਅਮਰਜੀਤ ਸਿੰਘ ਸੰਦੋਆ ਤੋਂ ਪਹਿਲਾਂ ਆਮ ਆਦਮੀ ਪਾਰਟੀ ਦੇ ਵਿਧਾਇਕ ਨਾਜ਼ਰ ਸਿੰਘ ਮਾਨਸ਼ਾਹੀਆਂ ਨੇ ਵੀ ਕਾਂਗਰਸ ਵਿੱਚ ਜਾਣ ਦਾ ਐਲਾਨ ਕਰ ਦਿੱਤਾ ਸੀ। ਪਿਛਲੇ ਸਾਲ ਆਮ ਆਦਮੀ ਪਾਰਟੀ ਦੇ ਬਾਗੀ ਕਰੀਬ ਇੱਕ ਦਰਜਨ ਵਿਧਾਇਕਾਂ ਦੀ ਅਗਵਾਈ ਕਰਦੇ ਸੁਖਪਾਲ ਸਿੰਘ ਖਹਿਰਾ ਨੂੰ ਅਮਰਜੀਤ ਸਿੰਘ ਸੰਦੋਆ ਤੇ ਨਾਜ਼ਰ ਸਿੰਘ ਮਾਨਸ਼ਾਹੀਆ ਦੇ ਕਾਂਗਰਸ ਵਿਚ ਸ਼ਾਮਲ ਹੋਣ ਨਾਲ ਧੱਕਾ ਲੱਗਾ ਸੀ ਅਤੇ ਇੱਕ ਵੱਡਾ ਰਾਜਸੀ ਸੰਕਟ ਬਣ ਗਿਆ ਸੀ।

ਪਿਛਲੇ ਮਹੀਨੇ ਜੈਤੋ ਹਲਕੇ ਦੇ ਵਿਧਾਇਕ ਮਾਸਟਰ ਬਲਦੇਵ ਸਿੰਘ ਦੀ ਆਮ ਆਦਮੀ ਪਾਰਟੀ ਵਿੱਚ ਘਰ ਵਾਪਸੀ ਤੋਂ ਬਾਅਦ ਇਸ ਪਾਰਟੀ ਦੀ ਲੀਡਰਸ਼ਿਪ ਨੇ ਰੁੱਸੇ ਹੋਏ ਵਿਧਾਇਕਾਂ ਅਤੇ ਆਗੂਆਂ ਨੂੰ ਮਨਾਉਣ ਦਾ ਸਿਲਸਿਲਾ ਸ਼ੁਰੂ ਕੀਤਾ ਹੋਇਆ ਸੀ। ਸੁਣਿਆ ਗਿਆ ਹੈ ਕਿ ਅਮਰਜੀਤ ਸਿੰਘ ਸੰਦੋਆ ਨੇ ਕੱਲ੍ਹ ਵਿਧਾਨ ਸਭਾ ਦੇ ਸਪੀਕਰ ਰਾਣਾ ਕੇ ਪੀ ਸਿੰਘ ਨੂੰਮਿਲ ਕੇ ਵਿਧਾਇਕ ਵਜੋਂ ਦਿੱਤਾ ਗਿਆ ਅਸਤੀਫ਼ਾ ਵਾਪਸ ਲੈ ਲਿਆ ਹੈ।

# ਦਿੱਲੀ ਏਅਰਪੋਰਟ ਤੋਂ ਜਾਅਲੀ ਪਾਇਲਟ ਜਹਾਜ਼ ਚੜ੍ਹਨ ਚੱਲਿਆ ਗ੍ਰਿਫਤਾਰ

ਨਵੀਂ ਦਿੱਲੀ, 20 ਨਵੰਬਰ, (ਪੋਸਟ ਬਿਊਰੋ)- ਦਿੱਲੀ ਦੇਇੰਦਰਾ ਗਾਂਧੀ ਏਅਰਪੋਰਟ ਦੀ ਸੁਰੱਖਿਆ ਵਿਚ ਲੱਗੇ ਹੋਏ ਸੀ ਆਈ ਐਸ ਐਫ ਦੇ ਅਧਿਕਾਰੀਆਂ ਨੇ ਕੱਲ੍ਹ ਵੱਡਾ ਹਾਦਸਾ ਹੋਣ ਤੋਂ ਬਚਾ ਲਿਆ, ਜਦੋਂਉਨ੍ਹਾਂ ਨੇ ਇਕ ਫਰਜ਼ੀ ਪਾਇਲਟ ਨੂੰ ਗ੍ਰਿਫਤਾਰ ਕਰ ਲਿਆ। ਇਹ ਫਰਜ਼ੀ ਪਾਇਲਟ ਬੜੀ ਚੁਸਤੀ ਨਾਲ ਏਅਰਪੋਰਟ ਉੱਤੇਜਾਣ ਦੀ ਸਕੀਮ ਘੜ ਰਿਹਾ ਸੀ। ਜੇ ਅੰਦਰ ਕਿਸੇ ਜਹਾਜ਼ ਵਿਚ ਚਲਾ ਜਾਂਦਾ ਤਾਂ ਕੋਈ ਅਣਸੁਖਾਵੀਂ ਘਟਨਾ ਵਾਪਰ ਸਕਦੀ ਸੀ।

ਇਕ ਨਿਊਜ਼ ਵੈਬਸਾਈਟ ਨੇਇਹ ਖਬਰ ਦਿੱਤੀਹੈ ਕਿਲੁਫਥਾਂਸਾ ਏਅਰਲਾਈਨਜ਼ ਦੇ ਚੀਫ ਸਕਿਓਰਟੀ ਅਫਸਰ ਆਦਿਤਿਆ ਸਿੰਘ ਨੇ ਸੀ ਆਈ ਐਸ ਐਫ ਨੂੰ ਦੱਸਿਆ ਕਿ ਲੁਫਥਾਂਸਾ ਦੇ ਫਲਾਈਟ ਕੈਪਟਨ ਦੀ



ਯੂਨੀਫਾਰਮ ਵਿਚ ਇਕ ਵਿਅਕਤੀ ਏਅਰਪੋਰਟ ਉੱਤੇ ਐਂਟਰੀ ਦੀ ਕੋਸ਼ਿਸ਼ਕਰ ਰਿਹਾ ਹੈ। ਉਸ ਕੋਲ ਇਕ ਫਰਜ਼ੀ ਆਈ ਕਾਰਡ ਹੈ, ਜੋ ਲੁਫਥਾਂਸਾ ਏਅਰਲਾਈਨ ਵਾਲਾ ਜਾਪਦਾ ਸੀ। ਇਸ ਦੀ ਸੂਚਨਾ ਮਿਲਦੇ ਹੀ ਸੁਰੱਖਿਆ ਅਧਿਕਾਰੀ ਚੌਕਸ ਹੋ ਗਏ ਤੇ ਤੁਰੰਤ ਖੋਜ ਸ਼ੁਰੂ ਕੀਤੀ ਤਾਂ ਸ਼ੱਕੀ ਵਿਅਕਤੀ ਬੋਰਡਿੰਗ ਗੇਟ ਨੰਬਰ 52 ਦੇ ਕੋਲ ਦਿੱਸ ਪਿਆ। ਇਸ ਪਿੱਛੋਂ ਉਸ ਨੂੰ ਸੁਰੱਖਿਆ ਮੁਲਾਜ਼ਮਾਂ ਨੇ ਫੜ ਲਿਆ। ਜਾਂਚ ਵਿੱਚ ਉਸ ਤੋਂ ਮਿਲੇ ਵੋਟਰ ਆਈਕਾਰਡ ਤੋਂਉਸ ਦੀ ਪਛਾਣ ਵਸੰਤਕੁੰਜ ਦੇ ਵਾਸੀ ਰਾਜਨ ਵਜੋਂ ਹੋਈ ਹੈ। ਉਸ ਦੇ ਇਸ ਤਰ੍ਹਾਂ ਏਅਰਪੋਰਟ ਵਿੱਚਜਾਣ ਦੇ ਇਰਾਦੇ ਦਾ ਪਤਾ ਨਹੀਂ ਲੱਗ ਸਕਿਆ।ਪੁੱਛਗਿਛ ਤੋਂ ਪਤਾ ਲੱਗਾ ਕਿ ਉਹ ਵੀਡੀਓ ਬਣਾ ਕੇ ਯੂ-ਟਿਊਬ ਉੱਤੇ ਅਪਲੋਡ ਕਰਦਾ ਹੈ, ਜਿਸ ਵਿੱਚ ਜਹਾਜ਼ਾਂ ਦੀ ਸਹੂਲਤਦਾ ਵੇਰਵਾ ਹੁੰਦਾ ਹੈ। ਉਸ ਨੇ ਬੈਂਕਾਕ ਤੋਂ ਲੁਫਥਾਂਸਾ ਦਾ ਫਰਜ਼ੀ ਆਈਕਾਰਡ ਬਰਾਮਦ ਕੀਤਾ ਸੀ। ਸ਼ੱਕੀ ਦੇ ਫੜੇ ਜਾਣ ਮਗਰੋਂ ਸੁਰੱਖਿਆ ਪੱਖ ਤੋਂ ਜਹਾਜ਼ ਨੂੰ ਖਾਲੀ ਕਰਵਾ ਕੇ ਪੂਰੇ ਜਹਾਜ਼ ਦੀ ਜਾਂਚ ਕੀਤੀ ਗਈ ਹੈ।

## ਅੰਪਾਇਰ ਦੇ ਗਲਤ ਫ਼ੈਸਲੇ ਕਾਰਨ ਦਿਲ ਦੇ ਦੌਰੇ ਨਾਲ ਕ੍ਰਿਕਟਰ ਦੀ ਮੌਤ

ਨਵੀਂ ਦਿੱਲੀ, 20 ਨਵੰਬਰ (ਪੋਸਟ ਬਿਊਰੋ)- ਹੈਦਰਾਬਾਦ ਦੇ ਕ੍ਰਿਕਟਰ ਵੀਰੇਂਦਰ ਨਾਇਕ ਨਾਲ ਕੁਝ ਅਜਿਹਾ ਹੋਇਆ ਹੈ, ਜਿਸ ਬਾਰੇ ਕੋਈ ਸੋਚ ਨਹੀਂ ਸਕਦਾ। ਏ-3 ਡਿਵੀਜ਼ਨ ਵਨਡੇ ਲੀਗ ਮੈਚ ਵਿਚ ਮਰੇਜਪਲੀ ਸਪੋਰਟਿੰਗ ਕਲੱਬ ਵੱਲੋਂ ਖੇਡਦੇ ਵੀਰੇਂਦਰ ਅਰਧ ਸੈਂਕੜਾ ਬਣਾ ਕੇ ਆਊਟ ਹੋਏ। ਉਨ੍ਹਾਂ ਨੇ ਮਰੇਡਪਲੀ ਬਲੁਜ਼ ਦੇ ਵਿਰੁੱਧ ਐਤਵਾਰ ਨੂੰ ਅਰਧ ਸੈਂਕੜਾ ਜੜਿਆ। ਇਸ ਤੋਂ ਬਾਅਦ ਜਦੋਂ ਉਹ ਪਵੇਲੀਅਨ ਪਰਤੇ ਤਾਂ ਦਿਲ ਦੇ ਦੌਰੇ ਨਾਲ ਉਨ੍ਹਾਂ ਦੀ ਮੌਤ ਹੋ ਗਈ। 41 ਸਾਲਾ ਵੀਰੇਂਦਰ ਦੀ ਪਤਨੀ ਘਰੇਲੂ ਔਰਤ ਹੈ, ਉਨ੍ਹਾਂ ਦਾ ਇਕ ਅੱਠ ਸਾਲਾ ਲੜਕਾ ਅਤੇ ਪੰਜ ਸਾਲ ਦੀ ਲੜਕੀ ਹੈ। ਵੀਰੇਂਦਰ ਹੈਦਰਾਬਾਦ ਦੇ ਰਹਿਣ ਵਾਲੇ ਸਨ। ਸੋਮਵਾਰ ਨੂੰ ਗਾਂਧੀ ਹਸਪਤਾਲ ਵਿਚ ਪੋਸਟ ਮਾਰਟਮ ਤੋਂ ਬਾਅਦ ਉਨ੍ਹਾਂ ਦੀ ਮ੍ਰਿਤਕ ਦੇਹ ਪਰਿਵਾਰ ਨੂੰ ਸੌਂਪੀ ਗਈ। ਹਾਲੇ ਤੱਕ ਮੰਨਿਆ ਜਾ ਰਿਹਾ ਹੈ ਕਿ ਉਨ੍ਹਾਂ ਦੀ ਮੌਤ ਦਿਲ ਦੇ ਦੌਰਾ ਨਾਲ ਹੋਈ ਹੈ।

# ਤਰਨ ਤਾਰਨ ਬੰਬ ਕਾਂਡ: ਐੱਨ ਆਈ ਏ ਵੱਲੋਂ ਖਾੜਕੂ ਨੇਤਾ ਪੰਜਵੜ ਦੇ ਭਰਾਵਾਂ ਤੋਂ ਪੁੱਛ-ਗਿੱਛ

ਤਰਨ ਤਾਰਨ, 20 ਨਵੰਬਰ, (ਪੋਸਟ ਬਿਊਰੋ)- ਬੀਤੀ ਚਾਰ ਸਤੰਬਰ ਦੀ ਰਾਤ ਤਰਨ ਤਾਰਨ ਦੇ ਬਾਹਰ ਵਾਰ ਪੈਂਦੇ ਪਿੰਡ ਪੰਡੋਰੀ ਗੋਲਾ ਵਿੱਚ ਹੋਏ ਬੰਬ ਧਮਾਕੇ ਦੀ ਜਾਂਚ ਕਰਦੀ ਕੌਮੀ ਜਾਂਚ ਏਜੰਸੀ (ਐੱਨ ਆਈ ਏ) ਦੀ ਟੀਮ ਨੇ ਅੱਜ ਬੁੱਧਵਾਰ ਨੂੰ ਖਾਲਿਸਤਾਨੀ ਆਗੂ ਬਿਕਰਮਜੀਤ ਸਿੰਘ ਪੰਜਵੜ ਦੇ ਪਰਿਵਾਰ ਤੋਂ ਪੁੱਛਗਿੱਛ ਦੇ ਬਾਅਦ ਦੋ ਸਾਬਕਾ ਖਾੜਕੂਆਂ ਸਮੇਤ ਛੇ ਜਣਿਆਂ ਨੂੰ ਹਿਰਾਸਤ ਵਿੱਚ ਲਿਆ ਹੈ।ਇਸ ਦੌਰਾਨ ਇਸ ਟੀਮ ਨੇ ਇਸ ਬੰਬ ਧਮਾਕੇ ਦੇ ਕੇਸ ਵਿੱਚ ਗ੍ਰਿਫ਼ਤਾਰ ਕੀਤੇ ਦੋਸ਼ੀਆਂ ਦੇ ਘਰੀਂ ਛਾਪੇ ਵੀ ਮਾਰੇ ਹਨ ਤੇ ਟੀਮ ਨੂੰ ਕੁਝ ਅਹਿਮ ਦਸਤਾਵੇਜ਼ ਮਿਲੇ ਦੱਸੇ ਜਾਂਦੇ ਹਨ।

ਵਰਨਣ ਯੋਗ ਹੈ ਕਿ ਚਾਰ ਸਤੰਬਰ ਨੂੰ ਪਿੰਡ ਪੰਡੋਰੀ ਗੋਲਾ ਦੇ ਇੱਕ ਖਾਲੀ ਪਏ ਪਲਾਟ ਵਿੱਚ ਓਦੋਂ ਬੰਬ ਧਮਾਕਾ ਹੋ ਗਿਆ ਸੀ, ਜਦੋਂ ਜ਼ਮੀਨ ਵਿੱਚ ਦੱਬਿਆ ਹੋਇਆ ਬੰਬ ਕੁਝ ਲੋਕ ਕੱਢਣ ਲੱਗੇ ਸਨ। ਇਸ ਧਮਾਕੇ ਕਾਰਨ ਕੱਦਗਿੱਲ ਦਾ ਵਿਕਰਮਜੀਤ ਸਿੰਘ ਵਿੱਕੀ ਤੇ ਪਿੰਡ ਬਚੜੇ ਦਾ ਹਰਪ੍ਰੀਤ ਸਿਘ ਹੈਪੀ ਮਾਰੇ ਗਏ ਤੇ ਗੁਰਜੰਟ ਸਿੰਘ ਜੰਟਾ ਗੰਭੀਰ ਜ਼ਖ਼ਮੀ ਹੋਇਆ ਸੀ। ਇਲਾਜ ਦੇ ਦੌਰਾਨ ਉਸ ਦੀਆਂ ਅੱਖਾਂ ਦੀ ਰੌਸ਼ਨੀ ਖਤਮ ਹੋ ਗਈ ਸੀ। ਇਸ ਕੇਸ ਦੀ ਜਾਂਚ ਵਿੱਚ ਧਮਾਕੇ ਦੇ ਤਾਰ ਪਾਕਿਸਤਾਨ, ਜਰਮਨੀ ਅਤੇ ਹੋਰ ਦੇਸ਼ਾਂ ਨਾਲ ਜੁੜੇ ਹੋਣ ਦਾ ਦਾਅਵਾ ਕਰਨ ਪਿੱਛੋਂਪੰਜਾਬ ਸਰਕਾਰ ਨੇ ਇਸ ਕੇਸ ਦੀ ਜਾਂਚ 21 ਸਤੰਬਰ ਨੂੰ ਐੱਨ ਆਈ ਏ ਨੂੰ ਸੌਂਪ ਦਿੱਤੀ ਸੀ। ਇਸ ਜਾਂਚ ਦੌਰਾਨ ਥਾਣਾ ਸਦਰਤਰਨ ਤਾਰਨ ਦੀ ਪੁਲਿਸ ਨੇ ਪਿੰਡ ਦੀਨੇਵਾਲ ਦੇ ਪੰਚ ਮਾਨਦੀਪ ਸਿੰਘ ਮੱਸਾ, ਫਤਹਿਗੜ੍ਹ ਚੂੜੀਆਂ ਦੇ ਅਮਰਜੀਤ ਸਿੰਘ ਅੰਬਾ, ਕੋਟਲਾ ਗੁੱਜਰ ਪਿੰਡ ਦੇ ਮਲਕੀਤ ਸਿੰਘ ਮੀਤਾ, ਮੁਰਾਦਾਪੁਰ ਦੇ ਮਨਪ੍ਰੀਤ ਸਿੰਘ ਮੰਨਾ, ਪਿੰਡ ਬਚੜੇ ਦੇ ਅੰਮ੍ਰਿਤਪਾਲ ਸਿੰਘ, ਬਟਾਲਾ ਦੇ ਚੰਨਦੀਪ ਸਿੰਘ ਗੱਬਰ, ਪੰਡੋਰੀ ਗੋਲਾ ਦੇ ਹਰਜੀਤ ਸਿੰਘ ਹੀਰਾ ਨੂੰ ਗ੍ਰਿਫ਼ਤਾਰ ਕਰਕੇ ਜੇਲ੍ਹ ਭੇਜ ਦਿੱਤਾ ਸੀ।ਪਿੱਛੋਂਇਨ੍ਹਾਂ ਵਿੱਚੋਂ ਚਾਰ ਜਣਿਆਂ ਨੂੰ ਐੱਨ ਆਈ ਏਟੀਮ ਨੇ ਪ੍ਰੋਡਕਸ਼ਨ ਵਾਰੰਟ ਉੱਤੇ ਲਿਆਂਦਾ ਅਤੇ ਕਈ ਦਿਨ ਪੁੱਛਗਿੱਛ ਕੀਤੀ ਸੀ।

ਇਸ ਕੇਸ ਦਾ ਸੰਬੰਧ ਪਿੰਡ ਪੰਜਵੜ ਦੇ ਬਿਕਰਮਜੀਤ ਸਿੰਘ ਵਿੱਕੀ ਪੰਜਵੜ ਨਾਲ ਜੁੜਦਾ ਦੱਸਿਆ ਗਿਆ ਸੀ ਅਤੇ ਪਤਾ ਲੱਗਾ ਸੀ ਕਿਵਿੱਕੀ ਪੰਜਵੜ ਨੇ ਆਪਣੇ ਸਾਥੀਆਂ ਨਾਲ ਮਿਲ ਕੇ ਸਾਲ 2016 ਵਿੱਚ ਗਠਜੋੜ ਸਰਕਾਰ ਦੌਰਾਨ ਹੋਈ ਧਾਰਮਿਕ ਬੇਅਦਬੀ ਦਾ ਬਦਲਾ ਲੈਣ ਲਈ ਓਦੋਂ ਦੇ ਡਿਪਟੀ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਨੂੰ ਬੰਬ ਧਮਾਕੇ ਨਾਲ ਮਾਰਨ ਦੀ ਯੋਜਨਾ ਬਣਾਈ ਸੀ, ਪਰ ਇਹ ਸਿਰੇ ਨਹੀਂ ਸੀ ਚੜ੍ਹੀ। ਇਸ ਪਿੱਛੋਂ ਬਿਕਰਮਜੀਤ ਸਿੰਘ ਵਿੱਕੀ ਪੰਜਵੜ ਆਸਟਰੇਲੀਆ ਚਲਾ ਗਿਆ ਸੀ ਅਤੇ ਇਹ ਬੰਬ ਕਾਂਡ ਉਸ ਦੇ ਸਾਥੀਆਂ ਦਾ ਕੰਮ ਦੱਸਿਆ ਗਿਆ ਸੀ।

ਅੱਜ ਐੱਨ ਆਈ ਏ ਦੀ ਟੀਮ ਨੇ ਦਮਦਮੀ ਟਕਸਾਲ ਨਾਲ ਜੁੜੇ ਹੋਏ ਵਿੱਕੀ ਪੰਜਵੜ ਦੇ ਪਰਿਵਾਰ ਦੇ ਮੈਂਬਰਾਂ ਨੂੰ ਅੱਜ ਐੱਸ ਐੱਸਪੀ ਤਰਨ ਤਾਰਨ ਦੇ ਦਫਤਰ ਬੁਲਾਇਆ ਤੇ ਇਸ ਟੀਮ ਦੇ ਇੱਕ ਡੀ ਐੱਸਪੀ ਦੀ ਹਾਜ਼ਰੀ ਵਿੱਚ ਉਨ੍ਹਾਂ ਤੋਂ ਪੁੱਛਗਿੱਛ ਕੀਤੀ ਗਈ ਹੈ। ਇਸ ਮੌਕੇ ਬੰਬ ਧਮਾਕੇ ਦੇ ਦੋਸ਼ ਵਿੱਚ ਫੜੇ ਗਏ ਕੁਝ ਹੋਰ ਦੋਸ਼ੀਆਂ ਦੇ ਪਰਿਵਾਰਕ ਮੈਂਬਰਾਂ ਤੋਂ ਵੀ ਪੁੱਛਗਿੱਛ ਕੀਤੀ ਗਈ। ਕਿਹਾ ਜਾ ਰਿਹਾ ਹੈ ਕਿ ਬੰਬ ਧਮਾਕੇ ਦੇ ਮ੍ਰਿਤਕਾਂ ਦੇ ਪਰਿਵਾਰਕ ਮੈਂਬਰਾਂ ਦੇ ਬੈਂਕ ਖਾਤਿਆਂ ਵਿੱਚ ਵਿਦੇਸ਼ੀ ਫੰਡਿੰਗ ਦੀ ਗੱਲ ਨਿਕਲਦੀ ਹੈ ਤੇ ਦੋ ਸਾਬਕਾ ਖਾੜਕੂਆਂਦੀ ਪੁੱਛਗਿੱਛ ਦੌਰਾਨ ਪਾਕਿਸਤਾਨ ਵਿੱਚ ਰਹਿੰਦੇ ਉਸਮਾਨ ਨਾਂ ਦੇ ਇੱਕ ਵਿਅਕਤੀ ਦਾ ਨਾਮ ਵੀ ਸਾਹਮਣੇ ਆਇਆ ਹੈ।

# ਬਰੈਂਪਟਨ ਸਾਊਥ ਤੋਂ ਸੋਨੀਆ ਸਿੱਧੂ ਨੇ ਮੈਂਬਰ ਪਾਰਲੀਮੈਂਟ ਵਜੋਂ ਚੁੱਕੀ ਸਹੁੰ, ਸਮਰਥਕਾਂ ਦਾ ਕੀਤਾ ਧੰਨਵਾਦ

ਔਟਵਾ, - ਅਕਤੂਬਰ ਮਹੀਨੇ ਹੋਈਆਂ ਫੈੱਡਰਲ ਚੋਣਾਂ ਵਿਚ ਬਰੈਂਪੰਪਟਨ ਸਾਊਥ ਤੋਂ ਇਕ ਵਾਰ ਫਿਰ ਤੋਂ ਜਿੱਤ ਹਾਸਲ ਕਰਨ ਵਾਲੇ ਐਮ.ਪੀ. ਸੋਨੀਆ ਸਿੱਧੂ ਦਾ ਸਹੁੰ ਚੁੱਕ ਸਮਾਗਮ ਸੋਮਵਾਰ ਨੂੰ ਔਟਵਾ ’ਚ ਮੁਕੰਮਲ ਹੋਇਆ ਜਿੱਥੇ ਸੋਨੀਆ ਸਿੱਧੂ ਨੇ ਮੈਂਬਰ ਪਾਰਲੀਮੈਂਟ ਵਜੋਂ ਸਹੁੰ ਚੁੱਕੀ ਅਤੇ ਸਮੂਹ ਪਰਿਵਾਰ ਸਮੇਤ ਆਪਣੇ ਸਮਰਥਕਾਂ ਦਾ ਤਹਿ ਦਿਲੋਂ ਧੰਨਵਾਦ ਕੀਤਾ।

ਇਸ ਸਬੰਧੀ ਬੋਲਦਿਆਂ ਉਨ੍ਹਾਂ ਨੇ ਕਿਹਾ ਕਿ "ਮੈਂ ਆਪਣੇ ਪਰਿਵਾਰ ਤੇ ਸਮਰਥਕਾਂ ਤੋਂ ਇਲਾਵਾ ਵਾਲੰਟੀਅਰ ਟੀਮ ਅਤੇ ਖ਼ਾਸ ਤੌਰ 'ਤੇ ਉਨ੍ਹਾਂ ਦੇ ਮਾਪਿਆਂ ਦੀ ਬਹੁਤ ਸ਼ੁਕਰਗੁਜ਼ਾਰ ਹਾਂ ਜਿਨ੍ਹਾਂ ਨੇ ਆਪਣੇ ਬੱਚਿਆ ਨੂੰ ਵਾਲੰਟੀਅਰ ਕਰਨ ਲਈ ਪ੍ਰੇਰਿਆ ਅਤੇ ਕੈਂਪੇਨ ’ਚ ਭੇਜਿਆ। ਆਪਣੀ ਕਮਿਊਨਟੀ ਦੀ ਸੇਵਾ ਕਰਨ ਦਾ ਮੌਕਾ ਦੇਣ ਲਈ ਮੈਂ ਆਪਣੇ ਸਾਰੇ ਹੀ ਸਮਰਥਕਾਂ ਦਾ ਤਹਿ ਦਿਲੋਂ ਧੰਨਵਾਦ ਕਰਦੀ ਹਾਂ।"



ਜ਼ਿਕਰਯੋਗ ਹੈ ਕਿ ਸੋਨੀਆ ਸਿੱਧੂ ਨੇ ਬਰੈਪਟਨ ਸਾਊਥ ਦੇ ਹਲਕੇ ਤੋਂ ਦੂਸਰੀ ਵਾਰ ਵੱਡੀ ਲੀਡ ਲੈ ਕੇ ਜਿੱਤ ਪ੍ਰਾਪਤ ਕੀਤੀ ਹੈ। ਤਕਰੀਬਨ 50% ਵੋਟਾਂ ਲੈ ਕੇ ਵਿਰੋਧੀਆਂ ਨੂੰ ਪਛਾੜਣ ਵਾਲੇ ਫ਼ੈੱਡਰਲ ਲਿਬਰਲ ਉਮੀਦਵਾਰ ਸੋਨੀਆ ਸਿੱਧੂ ਨੂੰ ਇਸ ਹਲਕੇ ਤੋਂ ਦੂਸਰੀ ਵਾਰ ਨੁਮਾਇੰਦਗੀ ਕਰਨ ਦਾ ਮੌਕਾ ਮਿਲਿਆ ਹੈ। ਉਨ੍ਹਾਂ ਨੇ 2015 ’ਚ ਕੰਸਰਵੇਟਿਵ ਉਮੀਦਵਾਰ ਕਾਇਲੀ ਸੀਬੈਕ ਨੂੰ ਹਰਾ ਕੇ ਜਿੱਤ ਦਰਜ ਕੀਤੀ ਸੀ।

# ਰੀਅਲ ਐਸਟੇਟ ਵਿੱਚ ਘੱਟ ਮੁੱਲ ਉੱਤੇ ਰਜਿਸਟਰੀਆਂ ਦੇ ਵਿਰੁੱਧ ਕਾਰਵਾਈ ਸ਼ੁਰੂ

*** 50 ਕਰੋੜ ਦੀ ਵਸੂਲੀ ਕਰਨ ਦੀ ਤਿਆਰੀ**

ਅੰਮ੍ਰਿਤਸਰ, 20 ਨਵੰਬਰ, (ਪੋਸਟ ਬਿਊਰੋ)- ਸਰਕਾਰੀ ਰੇਟਾਂ ਤੋਂ ਘੱਟ ਉੱਤੇ ਰਜਿਸਟਰੀਆਂ ਕਰਵਾ ਕੇ ਪੰਜਾਬ ਸਰਕਾਰ ਨੂੰ ਰਗੜਾ ਲਾਉਣ ਦਾਡਿਪਟੀ ਕਮਿਸ਼ਨਰ (ਡੀ ਸੀ) ਸ਼ਿਵਦੁਲਾਰ ਸਿੰਘਢਿੱਲੋਂ ਨੇ ਸਖ਼ਤ ਨੋਟਿਸ ਲਿਆ ਹੈ। ਪਤਾ ਲੱਗਾ ਹੈ ਕਿ ਇਸ ਜ਼ਿਲ੍ਹੇ ਵਿੱਚ ਸਿਰਫ ਸਟਾਂਪ ਡਿਊਟੀ ਦੀ ਲਟਕਦੀ ਵਸੂਲੀ 43 ਕਰੋੜ ਰੁਪਏ ਤੋਂ ਵੱਧ ਬਣ ਰਹੀ ਹੈ। ਬੈਂਕਾਂ ਦੀ ਵਸੂਲੀ ਕਰੀਬ 40 ਤੋਂ 50 ਕਰੋੜ ਰੁਪਏ ਹੈ। ਇਹ ਵਸੂਲੀ ਕਰਨ ਲਈ ਡੀਸੀ ਨੇ ਤਹਿਸੀਲਦਾਰਾਂ ਨੂੰ ਸਖ਼ਤ ਹਦਾਇਤਾਂ ਦਿੱਤੀਆਂ ਅਤੇ ਕੁੱਲ ਵਸੂਲੀ ਦਾ ਘੱਟੋ-ਘੱਟ ਪੰਜਾਹ ਫੀਸਦੀ ਰਿਕਵਰੀ ਕਰਨ ਲਈਕਿਹਾ ਹੈ। ਸਭ ਤੋਂ ਵੱਧ ਵਸੂਲੀ ਸਟਾਂਪ ਡਿਊਟੀ ਦੀ ਕਰੀਬ 43 ਕਰੋੜ ਰੁਪਏ ਬਣਦੀ ਹੈ। ਇਹ ਪ੍ਰਾਪਰਟੀ ਡੀਲਰਾਂ ਜਾਂ ਕਾਲੋਨਾਈਜ਼ਰਾਂ ਵਲੋਂ ਸਰਕਾਰੀ ਰੇਟਾਂ ਤੋਂ ਘੱਟ ਉੱਤੇ ਹੋਈਆਂ ਰਜਿਸਟਰੀਆਂ ਦੀ ਹੈ। ਸਖਤੀ ਦੇ ਬਾਅਦ ਹਲਕਾ ਤਹਿਸੀਲਦਾਰਾਂ ਨੇ ਡਿਫਾਲਟਰਾਂ ਦੀ ਲਿਸਟ ਬਣਾਉਣੀ ਸ਼ੁਰੂ ਕੀਤੀ ਹੈ। ਅਗਲੇ ਦਿਨਾਂ ਵਿੱਚ ਵਸੂਲੀ ਦੇ ਨੋਟਿਸ ਕੱਢੇ ਜਾਣਗੇ। ਇਸ ਦੇ ਬਾਅਦ ਵੀ ਸਰਕਾਰ ਦੇ ਖਾਤੇ ਵਿਚ ਪੈਸਾ ਜਮ੍ਹਾ ਨਾ ਕਰਾਉਣ ਵਾਲੇ ਡੀਲਰਾਂ ਦੇ ਖ਼ਿਲਾਫ਼ ਕਾਨੂੰਨੀ ਕਾਰਵਾਈ ਕਰਨ ਦੀ ਪ੍ਰਕਿਰਿਆ ਸ਼ੁਰੂ ਕਰ ਦਿੱਤੀ ਜਾਵੇਗੀ ਤੇ ਇਹ ਹੜੱਪੇ ਗਏ ਪੈਸੇ ਵਸੂਲੇ ਜਾਣਗੇ।


ਮਿਲੀ ਜਾਣਕਾਰੀ ਅਨੁਸਾਰ ਲੀਡ ਬੈਂਕ ਦੇ ਇੱਕ ਅਧਿਕਾਰੀ ਨੇ ਡੀਸੀ ਨੂੰ ਬੈਂਕਾਂ ਦੀ ਬਾਕੀ ਵਸੂਲੀ ਦੀ ਇਹਰਕਮ ਰਿਕਵਰ ਕਰਨ ਵਿਚ ਮਦਦ ਲਈ ਕਿਹਾ ਸੀ। ਉਨ੍ਹਾਂ ਇਸ ਬਾਰੇ ਵੱਖ-ਵੱਖ ਬੈਂਕਾਂ, ਕਾਰਪੋਰੇਸ਼ਨ ਬੈਂਕਾਂ ਤੇ ਫਾਈਨਾਂਸ਼ੀਅਲ ਕਾਰਪੋਰੇਸ਼ਨ ਬਾਰੇ ਦੱਸਿਆ ਤਾਂ ਡੀਸੀ ਢਿੱਲੋ ਨੇ ਤਹਿਸੀਲਦਾਰਾਂ ਨੂੰ ਬੈਂਕ ਅਫਸਰਾਂ ਨਾਲ ਤਾਲਮੇਲ ਕਰਕੇ ਵਸੂਲੀ ਵਿੱਚ ਮਦਦ ਕਰਨ ਦੀਆਂ ਹਦਾਇਤਾਂ ਜਾਰੀ ਕਰ ਦਿੱਤੀਆਂ, ਜਿਸ ਨਾਲ ਮਾਲ ਵਿਭਾਗ ਦੇ ਅਧਿਕਾਰੀ ਫਸੇ ਹੋਏ ਮਹਿਸੂਸ ਕਰਦੇ ਹਨ। ਇਹੀ ਨਹੀਂ, ਘੱਟ ਰੇਟਾਂ ਉੱਤੇ ਰਜਿਸਟਰੀਆਂ ਦੇ ਕੇਸ ਵਿੱਚ ਪ੍ਰਸ਼ਾਸਨ ਡੀਡ ਰਾਈਟਰਸ ਨੂੰ ਵੀ ਨੋਟਿਸ ਕੱਢ ਸਕਦਾ ਹੈ। ਡੀਸੀ ਨੇ ਰਜਿਸਟਰਾਰ ਦਫਤਰਾਂ ਤੋਂ ਪਿਛਲੇ ਛੇ ਸਾਲ ਤੋਂ ਵੱਧ ਦਾ ਵੇਰਵਾ ਲਿਆ ਅਤੇ ਸਾਰਾ ਵੇਖਣ ਪਿੱਛੋਂ ਲਿਸਟਾਂ ਬਣਵਾਈਆਂ ਅਤੇ ਅਗਲੀ ਕਾਰਵਾਈ ਸ਼ੁਰੂ ਕੀਤੀ ਜਾ ਰਹੀ ਹੈ।

ਇਸ ਦੌਰਾਨ ਖਬਰ ਮਿਲੀ ਹੈ ਕਿ ਅੰਮ੍ਰਿਤਸਰ ਵਿੱਚ ਇਹ ਗੱਲ ਪਤਾ ਲੱਗਣ ਦੇ ਬਾਅਦ ਬਾਕੀ ਜ਼ਿਲਿਆਂ ਵਿੱਚ ਵੀ ਪਿਛਲੇ ਸਾਲਾਂ ਦੌਰਾਨ ਹੋਈਆਂ ਰਜਿਸਟਰੀਆਂ ਦੀ ਪੁਣ-ਛਾਣ ਦਾ ਕੰਮ ਸ਼ੁਰੂ ਹੋ ਗਿਆ ਹੈ।







# ‘ਮਿਸ ਕੈਨੇਡਾ ਪੰਜਾਬਣ’ ਦੇ ਅਡੀਸ਼ਨ ਸੰਪੂਰਨ, ਮੁਕਾਬਲਾ 22 ਨਵੰਬਰ ਨੂੰ ਟੋਰੰਟੋ ’ਚ

## ਜਸਮੇਰ ਸਿੰਘ ਢੱਟ ਦਾ ਕੈਨੇਡਾ ਪਹੁੰਚਣ ’ਤੇ ਨਿੱਘਾ ਸੁਆਗਤ



ਟੋਰੰਟੋ, 20 ਨਵੰਬਰ (ਪੋਸਟ ਬਿਊਰੋ): ਪੰਜਾਬੀ ਬੋਲੀ, ਸੱਭਿਆਚਾਰ, ਵਿਰਸੇ ਅਤੇ ਲੋਕ ਰੰਗ ਵਿਚ ਰੰਗਿਆ ਪਹਿਲਾ ਅਤੇ ਆਪਣੀ ਕਿਸਮ ਦਾ ਇਕੋ ਇਕ ਅੰਤਰ-ਰਾਸ਼ਟਰੀ ਵਿਲਖਣ ਸੁੰਦਰਤਾ ਮੁਕਾਬਲਾ “ਮਿਸ ਵਰਲਡ ਪੰਜਾਬਣ” ਸਾਲ 1993 ਤੋਂ ਲਗਾਤਾਰ ਸਫਲਤਾ ਪੂਰਬਕ ਲੁਧਿਆਣਾ ਸਥਿਤ ਸਿਰਮੌਰ ਪੰਜਾਬੀ ਸੰਸਥਾ ਸੱਭਿਆਚਾਰਕ ਸੱਥ ਪੰਜਾਬ ਵਲੋਂ ਕਰਵਾਇਆ ਜਾਂਦਾ ਆ ਰਿਹਾ ਹੈ। ਅਗਲੇ ਵਰ੍ਹੇ ਆਯੋਜਿਤ ਹੋਣ ਵਾਲੇ ਇਸ ਵਿਲਖਣ ਮੁਕਾਬਲੇ ਦੀਆਂ ਵਿਦੇਸ਼ਾਂ ਵਿਚ ਮੁੱਢਲੀਆਂ ਪ੍ਰਤੀਯੋਗਤਾਵਾਂ ਦੀ ਸੁਰੂਆਤ “ਮਿਸ ਕੈਨੇਡਾ ਪੰਜਾਬਣ” ਨਾਲ ਟਰੰਟੋ ਤੋਂ ਹੋ ਰਹੀ ਹੈ ।

ਇਸ ਸੰਬੰਧੀ ਇਕ ਪ੍ਰੈਸ ਨੋਟ ਰਾਹੀਂ ਜਾਣਕਾਰੀ ਦਿੰਦਿਆਂ “ਵਤਨੋਂ ਦੂਰ ਟੀ ਵੀ ਤੇ ਰੇਡੀਓ” ਦੇ ਸੀ ਈ ਓ ਸੁੱਖੀ ਨਿੱਝਰ ਨੇ ਦਸਿਆ ਕਿ ਸੱਭਿਆਚਾਰਕ ਸੁੰਦਰਤਾ ਪਤ੍ਰੀਯੋਗਤਾ “ਮਿਸ ਕੈਨੇਡਾ ਪੰਜਾਬਣ” 22 ਨਵੰਬਰ 2019 ਨੂੰ ਮਿਰਾਜ ਬੈਂਕਟ ਹਾਲ ਟੋਰੰਟੋ ਵਿਖੇ ਮੁਕਾਬਲੇ ਦੇ ਬਾਨੀ ਅਤੇ ਚੇਅਰਮੈਨ-ਨਿਰਦੇਸ਼ਕ ਸਰਦਾਰ ਜਸਮੇਰ ਸਿੰਘ ਢੱਟ ਦੀ ਅਗਵਾਈ ਵਿਚ ਕਰਵਾਈ ਜਾ ਰਹੀ ਹੈ ।ਪ੍ਰਤੀਯੋਗਤਾ ਲਈ ਮੁਟਿਆਰਾਂ ਦੀ ਚੋਣ ਐਤਵਾਰ 17 ਨਵੰਬਰ 2019 ਨੂੰ ਵਤਨੋਂ ਦੂਰ ਨੈਟਵਰਕ ਦੇ ਹਾਲ ਗਰੇਟ ਪੰਜਾਬ ਬਿਜ਼ਨਸ ਸੈਂਟਰ ਮਿਸੀਸਾਗਾ ਵਿਖੇ ਕੀਤੀ ਗਈ ਜਿਸ ਵਿਚ ਵੈਨਕੋਵਰ, ਕੈਲਗਿਰੀ, ਰੀਜਾਇਨਾਂ, ਮੌਨਟਰੀਅਲ, ਮਿਸੀਸਾਗਾ, ਬਰੈਮਪਟਨ, ਕਿਚਨਰ, ਨਿਆਗਰਾ, ਤੇ ਲੰਡਨ ਤੋਂ ਕਰੀਬ ਪੰਜ ਦਰਜ਼ਨ ਮੁਟਿਆਰਾਂ ਨੇ ਹਿਸਾ ਲਿਆ ਜਿਨਾਂ ਵਿਚੋਂ ਫਾਈਨਲ ਮੁਕਾਬਲੇ ਲਈ 18 ਮੁਟਿਆਰਾਂ ਦੀ ਚੋਣ ਕੀਤੀ ਗਈ

ਮੁਕਾਬਲੇ ਸੰਬੰਧੀ ਹੋਰ ਜਾਨਕਾਰੀ ਦਿੰਦਿਆ ਮੈਡਮ ਤਲਵਿੰਦਰ ਨਿੱਝਰ ਨੇ ਦਸਿਆ ਇਸ ਮੁਕਾਬਲੇ ਦੀ ਜੇਤੂ ਮੁਟਿਆਰ ਅਗਲੇ ਸਾਲ ਅੰਤਰ-ਰਾਸ਼ਟਰੀ ਵਿੱਲਖਣ ਸੁੰਦਰਤਾ ਮੁਕਾਬਲੇ “ ਮਿਸ ਵਰਲਡ ਪੰਜਾਬਣ 2020” ਵਿਚ ਹਿਸਾ ਲਵੇਗੀ ।ਮੁਕਾਬਲੇ ਦੇ ਚਾਰ ਦੋਰ, ਪ੍ਰਤਿਭਾ ਦੋਰ, ਲੋਕ ਨਾਚ, ਵਿਰਸੇ ਨਾਲ ਸੰਬਧਤ ਸਵਾਲ-ਜਵਾਬ ਤੇ ਗਿੱਧਾ ਹੋਣਗੇ । ਜਿਨਾਂ ਵਿਚੋ ਸਭ ਤੋਂ ਵੱਧ ਅੰਕ ਹਾਸਲ ਕਰਨ ਵਾਲੀਆਂ ਮੁਟਿਆਰਾਂ ਨੂੰ “ਗਿਧਿਆਂ ਦੀ ਰਾਣੀ”, ਖੂਬਸੂਰਤ ਲੋਕ ਨਾਚ, ਗੁਣਵੰਤੀ ਪੰਜਾਬਣ ਤੇ ਸੁੱਘੜ ਸਿਆਣੀ ਪੰਜਾਬਣ” ਦੇ ਸਬ-ਟਾਈਟਲ ਦਿਤੇ ਜਾਣਗੇ ਅਤੇ ਖੂਬਸੂਰਤ ਟਰਾਫੀਆਂ ਤੇ ਹੋਰ ਇਨਾਮਾਂ ਨਾਲ ਸਨਮਾਨਿਆਂ ਜਾਵੇਗਾ। ਇਸ ਪ੍ਰਤੀਯੋਗਤਾ ਦੇ ਮੁੱਖ ਸਪਾਂਸ਼ਰ ਸਮੋਸਾ ਐਂਡ ਸਵੀਟ ਫੈਕਟਰੀ ਅਪਣਾ ਟੇਸਟ ਤੇ ਨੀਲੀਬਾਰ ਲੁਧਿਆਣਾ ਹਨ ਇਸ ਸ਼ੋਅ ਦਾ ਲਾਈਵ ਪ੍ਰਸ਼ਾਰਣ ਵਤਨੋਂ ਦੂਰ ਡਾਟ ਕਾਮ ਅਤੇ ਮਿਸ ਵਰਲਡ ਪੰਜਾਬਣ ਡਾਟ ਕਾਮ ਰਾਹੀਂ ਰਾਹੀ ਦੁਨੀਆਂ ਦੇ ਕਿਸੇ ਵੀ ਹਿਸੇ ਵਿਚ ਵੇਖਿਆ ਜਾ ਸਕਦਾ ਹੈ ਇਸ ਤੋਂ ਇਲਾਵਾ ਪ੍ਰਮੁਖ ਪੰਜਾਬੀ ਟੀ ਵੀ ਚੈਨਲਾਂ ਵਲੋਂ ਇਸ ਦਾ ਵਰਲਡ ਵਾਈਡ ਪ੍ਰਸ਼ਾਰਣ ਕੀਤਾ ਜਾਵੇਗਾ ।

ਜਸਮੇਰ ਸਿੰਘ ਢੱਟ ਜੋ ਬੀਤੇ ਦਿਨ ਹੀ ਭਾਰਤ ਤੋਂ ਤਸਰੀਫ ਲਿਆਏ ਹਨ ਦੇ ਸਨਮਾਨ ਵਿਚ ਪਿਛਲੇ ਦਿਨੀ ਸ੍ਰੀ ਨਾਸਿਰ ਸ਼ਾਹ ਤੇ ਸ੍ਰ: ਗੁਰਵਿੰਦਰ ਸਿੰਘ ਆਹਲੂਵਾਲੀਆ ਵਲੋਂ ਡਿਨਰਾਂ ਦਾ ਆਯੋਜਿਨ ਕੀਤਾ ਗਿਆ ਜਿਥੇ ਅਪਣੇ ਵਿਚਾਰ ਪ੍ਰਗਟ ਕਰਦਿਆਂ ਸਰਦਾਰ ਢੱਟ ਨੇ ਕਿਹਾ ਕਿ “ਜਿਨਾਂ ਲੋਕਾਂ ਨੂੰ ਵਿਰਾਸਤ ਦਾ ਅਹਿਸਾਸ ਨਹੀਂ ਹੁੰਦਾ, ਉਹਨਾਂ ਕੌਮਾਂ ਦਾ ਕੋਈ ਇਤਿਹਾਸ ਨਹੀਂ ਹੁੰਦਾ। ਪੰਜਾਬੀਆਂ ਦੀ ਖੁਸ਼ਕਿਸਮਤੀ ਹੈ ਕਿ ਸਾਡਾ ਅਮੀਰ ਇਤਿਹਾਸ ਵੀ ਹੈ ਤੇ ਸਾਨੂੰ ਇਸ ਗਲ ਦਾ ਅਹਿਸਾਸ ਵੀ ਹੈ। “ਮਿਸ ਵਰਲਡ ਪੰਜਾਬਣ” ਮੁਕਾਬਲੇ ਪੰਜਾਬੀ ਮੁਟਿਆਰਾਂ ਤੇ ਧੀਆਂ ਧਿਆਣੀਆਂ ਦੇ ਸਮਾਜ ਵਿਚ ਬਣਦਾ ਸਨਮਾਨ ਬਣਾਈ ਰਖਣ ਤੇ ਉਹਨਾਂ ਨੂੰ ਅਪਣੀ ਬੋਲੀ, ਵਿਰਸੇ,ਸੱਭਿਆਚਾਰ ਤੇ ਲੋਕ ਰੰਗ ਨਾਲ ਜੋੜੀ ਰਖਣ ਵਾਸਤੇ ਉਸਾਰੂ ਰੋਲ ਨਿਭਾ ਰਹੇ ਹਨ। ਦੇਸ਼ ਵਿਦੇਸ ਦੇ ਪੰਜਾਬੀਆਂ ਵਲੋਂ ਮਿਲ ਰਹੇ ਭਰਪੂਰ ਸਹਿਯੋਗ ਤੇ ਪ੍ਰਸ਼ੰਸਾ ਹਾਸਲ ਹੋਣ ਕਰਕੇ ਹੀ ਉਹ ਪੰਜਾਬਣ ਮੁਕਾਬਲੇ ਲੰਬੇ ਸਮੇਂ ਤੋਂ ਕਰਵਾਉਂਦੇ ਆ ਰਹੇ ਹਨ ਇਸ ਸਮੇਂ ਹੋਰਨਾਂ ਤੋਂ ਇਲਵਾ, ਬੁੱਧ ਸਿੰਘ ਧਾਲੀਵਾਲ, ਪੰਜਾਬੀ ਵਿਰਸਾ ਤੋਂ ਸਿੰਘ ਹਰਜੀਤ, ਅਵਤਾਰ ਸਿੰਘ ਅਤੇ ਕੋਮਲਪਾਲ ਸਿੰਘ ਆਦਿ ਸ਼ਖਸੀਅਤਾਂ ਹਾਜ਼ਰ ਸਨ।

# ਨਿੱਕ ਗਹੂਨੀਆ ਨੇ ਟੋਰਾਂਟੋ ਪੁਲਿਸ ਖਿਲਾਫ ਠੋਕਿਆ 12 ਮਿਲੀਅਨ ਡਾਲਰ ਦਾ ਮੁੱਕਦਮਾ

...ਪੰਨਾ 1 ਦਾ ਬਾਕੀ

ਲਾਅ ਸਕੂਲ ਦੇ ਇਸ ਗ੍ਰੈਜੂਏਟ ਦਾ ਕੋਈ ਮੁਜਰਮਾਨਾ ਰਿਕਾਰਡ ਨਹੀਂ ਹੈ। ਇਸ ਘਟਨਾਕ੍ਰਮ ਦੀ ਅਗਲੀ ਕੜੀ ਵਿੱਚ ਇਸ ਸਾਲ ਦੇ ਸ਼ੁਰੂ ਵਿੱਚ ਟੋਰਾਂਟੋ ਦੇ ਇੱਕ ਫਰਾਡ ਡਿਟੈਕਟਿਵ ਨੂੰ ਗਹੂਨੀਆ ਨਾਲ ਸਬੰਧਤ ਦਸਤਾਵੇਜ਼ ਹਾਸਲ ਕਰਨ ਤੇ ਉਨ੍ਹਾਂ ਨੂੰ ਹੋਰਨਾਂ ਮੈਂਬਰਾਂ ਤੱਕ ਪਹੁੰਚਾਉਣ ਦੇ ਸਬੰਧ ਵਿੱਚ ਅਨੁਸ਼ਾਸਕੀ ਜੁਰਮਾਂ ਕਾਰਨ ਚਾਰਜ ਕੀਤਾ ਗਿਆ। ਇਸ ਵਿਅਕਤੀ ਕੋਲੋਂ ਵੀ ਪੁੱਛਗਿੱਛ ਕੀਤੀ ਜਾ ਰਹੀ ਹੈ। ਗਹੂਨਿਆ ਦੇ ਪੱਖ ਉੱਤੇ ਇਹ ਕੇਸ ਫਾਈਲ ਕਰਨ ਵਾਲੇ ਟੋਰਾਂਟੋ ਦੇ ਕ੍ਰਿਮੀਨਲ ਲਾਇਰ ਫਰੈਂਕ ਅਡਾਰੀਓ ਦਾ ਕਹਿਣਾ ਹੈ ਕਿ ਇਸ ਅਧਿਕਾਰੀ ਦੀਆਂ ਪ੍ਰਤੱਖ ਤੇ ਅਪਮਾਨਜਨਕ ਗਤੀਵਿਧੀਆਂ ਕਾਰਨ ਪੁਲਿਸ ਵਿੱਚੋਂ ਲੋਕਾਂ ਦਾ ਭਰੋਸਾ ਉੱਠਿਆ ਹੈ।

ਮੁਕੱਦਮਾ ਠੋਕਣ ਸਮੇਂ ਸਟੇਟਮੈਂਟ ਆਫ ਕਲੇਮ ਵਿੱਚ ਆਖਿਆ ਗਿਆ ਕਿ ਪ੍ਰਤੀਵਾਦੀ ਨੇ ਕੈਨੇਡੀਅਨ ਚੋਣਾਂ ਵਿੱਚ ਦਖਲਅੰਦਾਜ਼ੀ ਕੀਤੀ ਤੇ ਜਮਹੂਰੀ ਪ੍ਰਕਿਰਿਆ ਦੀਆਂ ਧੱਜੀਆਂ ਉਡਾਈਆਂ। ਇਹ ਵੀ ਆਖਿਆ ਗਿਆ ਕਿ ਅਤੀਤ ਵਿੱਚ ਪੁਲਿਸ ਨਾਲ ਗਹੂਨੀਆ ਦੇ ਨਿੱਕੇ ਜਿਹੇ ਮਾਮਲੇ ਸਬੰਧੀ ਗੁਪਤ ਦਸਤਾਵੇਜ਼ਾਂ ਨੂੰ ਲੀਕ ਕੀਤੇ ਜਾਣ ਨਾਲ ਸੰਭਾਵੀ ਉਮੀਦਵਾਰ ਦੀ ਪਾਰਟੀ ਘਬਰਾ ਗਈ ਤੇ ਉਸ ਦੀ ਨਾਮਜ਼ਦਗੀ ਜਾਂਦੀ ਰਹੀ। ਜਿਨ੍ਹਾਂ ਨੇ ਵੀ ਗਹੂਨੀਆਂ ਨਾਲ ਅਜਿਹਾ ਕਰਨ ਦੀ ਕੋਸ਼ਿਸ਼ ਕੀਤੀ ਉਨ੍ਹਾਂ ਦੇ ਹੱਥਕੰਢੇ ਰਾਸ ਆ ਗਏ। ਮੁਕੱਦਮੇ ਵਿੱਚ ਜੌਹਨ ਡੋਅ (ਫਰਜ਼ੀ ਨਾਮ) ਨਾਂ ਦੇ ਵਿਅਕਤੀ ਦਾ ਵੀ ਜ਼ਿਕਰ ਕੀਤਾ ਗਿਆ ਹੈ ਜਿਸ ਨੇ ਇਹ ਦਸਤਾਵੇਜ਼ ਮੇਲ ਕਰਵਾਏ। ਗਹੂਨੀਆ ਨੇ ਆਖਿਆ ਕਿ ਉਹ ਜਾਨਣਾ ਚਾਹੁੰਦੇ ਹਨ ਕਿ ਪਹਿਲਾਂ ਤੋਂ ਹੀ ਚਾਰਜ ਕੀਤੇ ਜਾ ਚੁੱਕੇ ਅਧਿਕਾਰੀ ਤੋਂ ਇਲਾਵਾ ਹੋਰ ਕੌਣ ਹੈ ਜਿਹੜਾ ਇਸ ਮਾਮਲੇ ਵਿੱਚ ਸ਼ਾਮਲ ਹੈ। ਡਿਟੈਕਟਿਵ ਕਾਂਸਟੇਬਲ ਸੂਨ ਲੁੰਮ ਦਾ ਮਾਮਲਾ ਪਹਿਲਾਂ ਹੀ ਟੋਰਾਂਟੋ ਪੁਲਿਸ ਦੇ ਅਨੁਸ਼ਾਸਕੀ ਟ੍ਰਿਬਿਊਨਲ ਕੋਲ ਪੈਂਡਿੰਗ ਪਿਆ ਹੈ। ਨੈਸ਼ਨਲ ਪੋਸਟ ਨੂੰ ਭੇਜੀ ਇੱਕ ਈਮੇਲ ਵਿੱਚ ਗਹੂਨੀਆ ਨੇ ਆਖਿਆ ਕਿ ਇਸ ਘਟਨਾ ਨੇ ਉਸ ਦੀ ਜ਼ਿੰਦਗੀ ਤਬਾਹ ਕਰ ਦਿੱਤੀ। ਉਨ੍ਹਾਂ ਆਖਿਆ ਕਿ ਉਨ੍ਹਾਂ ਨੂੰ ਇਨਸਾਫ ਚਾਹੀਦਾ ਹੈ। ਉਨ੍ਹਾਂ ਆਖਿਆ ਕਿ ਉਹ ਜਾਨਣਾ ਚਾਹੁੰਦੇ ਹਨ ਕਿ ਇਸ ਤਰ੍ਹਾਂ ਜਨਤਕ ਤੌਰ ਉੱਤੇ ਉਨ੍ਹਾਂ ਦੇ ਸਿਆਸੀ ਕਰੀਅਰ ਦਾ ਕਤਲ ਕਿਉਂ ਕੀਤਾ ਗਿਆ।

ਬਰੈਂਪਟਨ ਸੈਂਟਰ ਪ੍ਰੋਗਰੈਸਿਵ ਕੰਜ਼ਰਵੇਟਿਵ ਨਾਮੀਨੇਸ਼ਨ ਦੀ ਦੌੜ ਲਈ ਗਹੂਨੀਆ ਨੂੰ ਮੂਹਰਲੀ ਕਤਾਰ ਦਾ ਉਮੀਦਵਾਰ ਮੰਨਿਆ ਜਾ ਰਿਹਾ ਸੀ। ਉਸ ਨੇ ਹਲਕੇ ਵਿੱਚ 5000 ਮੈਂਬਰ ਦੀ ਸ਼ਰਤ ਵਿੱਚੋਂ 3000 ਮੈਂਬਰਜ਼ ਬਣਾ ਵੀ ਲਏ ਸਨ ਪਰ ਅਪਰੈਲ ਦੇ ਅਖੀਰ ਵਿੱਚ ਪੁਲਿਸ ਦੇ ਗੁਪਤ ਰਿਕਾਰਡ ਦੀਆਂ ਕਾਪੀਆਂ ਸਰਕੂਲੇਟ ਕਰ ਦਿੱਤੀਆਂ ਗਈਆਂ। ਇਹ ਕਾਪੀਆਂ ਬਰੈਂਪਟਨ ਦੀ ਤਤਕਾਲੀ ਮੇਅਰ ਲਿੰਡਾ ਜੈਫਰੀ ਤੋਂ ਲੈ ਕੇ ਗੁਰਦੁਆਰੇ ਤੇ ਨੈਸ਼ਨਲ ਪੋਸਟ ਨੂੰ ਵੀ ਭੇਜੀਆਂ ਗਈਆਂ। ਜ਼ਿਕਰਯੋਗ ਹੈ ਕਿ 18 ਸਾਲ ਦੀ ਉਮਰ ਵਿੱਚ ਕਥਿਤ ਕ੍ਰੈਡਿਟ ਕਾਰਡ ਫਰਾਡ ਲਈ ਪੁਲਿਸ ਦਾ ਟਾਕਰਾ ਗਹੂਨੀਆ ਨਾਲ ਹੋਇਆ ਸੀ, ਪਰ ਪਹਿਲਾਂ ਚਾਰਜ ਲਾਏ ਜਾਣ ਤੋਂ ਬਾਅਦ ਉਨ੍ਹਾਂ ਨੂੰ ਵਾਪਿਸ ਲੈ ਲਿਆ ਗਿਆ ਸੀ। 2016 ਵਿੱਚ ਕੋਕੀਨ ਰੱਖਣ ਦੇ ਸ਼ੱਕ ਵਿੱਚ ਟਰੈਫਿਕ ਸਟੌਪ ਉੱਤੇ ਵੀ ਗਹੂਨੀਆ ਨੂੰ ਰੋਕਿਆ ਗਿਆ ਪਰ ਉਸ ਸਮੇਂ ਗਹੂਨੀਆ ਤੇ ਐਸਯੂਵੀ ਵਿੱਚ ਬੈਠੇ ਇੱਕ ਹੋਰ ਯਾਤਰੀ ਨੂੰ ਅੱਧੇ ਘੰਟੇ ਵਿੱਚ ਹੀ ਛੱਡ ਦਿੱਤਾ ਗਿਆ ਸੀ। ਇਸ ਤੋਂ ਬਾਅਦ ਗਹੂਨੀਆ ਦੀ ਨਾਮਜ਼ਦਗੀ ਰੱਦ ਕਰ ਦਿੱਤੀ ਗਈ ਤੇ ਉਨ੍ਹਾਂ ਦੇ ਫੈਡਰਲ ਕੰਜ਼ਰਵੇਟਿਵ ਦੇ ਅਹੁਦੇ ਲਈ ਖੜ੍ਹੇ ਹੋਣ ਉੱਤੇ ਵੀ ਰੋਕ ਲਾ ਦਿੱਤੀ ਗਈ। ਭਰੋਸੇਯੋਗ ਸੂਤਰਾਂ ਤੋਂ ਪਤਾ ਲੱਗਾ ਕਿ ਜਿਨ੍ਹਾਂ ਨੇ ਗਹੂਨੀਆ ਪਰਿਵਾਰ ਨਾਲ ਸਿਆਸੀ ਰੰਜਿਸ਼ ਜਾਂ ਦੁਸ਼ਮਣੀ ਕੱਢੀ ਹੈ ਉਨ੍ਹਾਂ ਦਾ ਵੀ ਬਹੁਤ ਜਲਦੀ ਪਰਦਾਫਾਸ਼ ਹੋਣ ਵਾਲਾ ਹੈ।

## 'ਉਡਣਾ ਸਿੱਖ' ਹੋਇਆ 90 ਸਾਲ ਦਾ



ਮਿਲਖਾ ਸਿੰਘ ਚੰਡੀਗੜ੍ਹ ਸੈਕਟਰ-8 ਸਥਿਤ ਆਪਣੇ ਨਿਵਾਸ ’ਤੇ ਆਪਣੇ ਪਰਿਵਾਰਕ ਮੈਂਬਰਾਂ ਨਾਲ ਕੇਕ ਕੱਟਦੇ ਹੋਏ। ਇਸ ਮੌਕੇ ਉਨ੍ਹਾਂ ਨੇ ਦੇਸ਼ ਵਾਸੀਆਂ ਨੂੰ ਸੰਦੇਸ਼ ਦਿੱਤਾ ਹੈ ਕਿ ਰੋਜ਼ਾਨਾ ਆਪਣੇ ਲਈ 10 ਮਿੰਟ ਜ਼ਰੂਰ ਦੌੜੋ। ਮੇਰੀ ਵੀ ਤੰਦਰੁਸਤੀ ਦਾ ਰਾਜ ਇਹੀ ਹੈ।

# ਸਰਕਾਰੀ ਵਿਭਾਗਾਂ ਵਿਚ ਈ ਆਫਿਸ ਲਾਗੂ ਕਰਨ ਦੇ ਨਿਰਦੇਸ਼



ਫਰੀਦਕੋਟ, 20 ਨਵੰਬਰ (ਗਿਆਨ ਸਿੰਘ): ਪ੍ਰਸ਼ਾਸਕੀ ਸੁਧਾਰ ਵਿਭਾਗ ਪੰਜਾਬ ਵੱਲੋਂ ਸਰਕਾਰੀ ਕੰਮਾਂ ਵਿਚ ਪਾਰਦਰਸ਼ਤਾ ਤੋਂ ਇਲਾਵਾ ਤੇਜੀ ਲਿਆਉਣ ਅਤੇ ਲੋਕਾਂ ਨੂੰ ਸਮੇਂ ਸਿਰ ਸੇਵਾਵਾਂ ਮੁਹੱਈਆ ਕਰਵਾਉਣ ਦੇ ਮਕ’ਦ ਨਾਲ ਸ਼ੁਰੂ ਕੀਤੀ ਗਈ ਈ-ਆਫਿਸ ਨੂੰ ਸਹੀ ਢੰਗ ਨਾਲ ਲਾਗੂ ਕਰਨ ਲਈ ਸਾਰੇ ਵਿਭਾਗ ਸਹਿਯੋਗ ਦੇਣ ਅਤੇ ਇਸ ਸਬੰਧੀ ਜ਼ਿਲ੍ਹੇ ਵਿਚਲੇ ਨੈਸ਼ਨਲ ਇਨਫਾਰਮੈਸ਼ਨ ਸੈਂਟਰ (ਐਨ ਆਈ ਸੀ ) ਤੋਂ ਟਰੇਨਿੰਗ ਪ੍ਰਾਪਤ ਕਰਨ ਇਹ ਵਿਚਾਰ ਵਧੀਕ ਡਿਪਟੀ ਕਮਿਸ਼ਨਰ (ਜ) ਕਮ ਨੋਡਲ ਅਫਸਰ ਈ-ਆਫਿਸ ਸ ਗੁਰਜੀਤ ਸਿੰਘ ਨੇ ਵੱਖ ਵੱਖ ਵਿਭਾਗਾਂ ਦੇ ਨੋਡਲ ਅਫਸਰਾਂ ਨਾਲ ਵਿਸ਼ੇਸ਼ ਮੀਟਿੰਗ ਮੌਕੇ ਦਿੱਤੇ।

ਉਨ੍ਹਾਂ ਕਿਹਾ ਕਿ ਇਸ ਸਬੰਧ ਵਿਚ ਡੀ ਸੀ ਦਫਤਰ ਦੀਆਂ ਵੱਖ ਵੱਖ ਬਰਾਂਚਾਂ ਵਿਚ ਸੁਰੂਆਤੀ ਦੌਰ ਵਿਚ ਇਹ ਕੰਮ ਸ਼ੁਰੂ ਕੀਤਾ ਗਿਆ ਹੈ ਅਤੇ ਖੇਤਰੀ ਦਫਤਰਾਂ ਵਿਚ ਇਹ ਸਕੀਮ 1 ਜਨਵਰੀ 2020 ਤੋਂ ਸ਼ੁਰੂ ਹੋ ਜਾਵੇਗੀ। ਉਹਨਾਂ ਕਿਹਾ ਕਿ ਹਰੇਕ ਵਿਭਾਗ ਆਪਣਾ ਨੋਡਲ ਅਫਸਰ ਨਿਯੁਕਤ ਕਰੇਗਾ ਅਤੇ ਉਸ ਤੋਂ ਇਲਾਵਾ ਵਿਭਾਗ ਦੇ ਮਾਸਟਰ ਟਰੇਨਰਾਂ ਨੂੰ ਵੀ ਐਨ ਆਈ ਸੀ ਵੱਲੋਂ ਟਰੇਨਿੰਗ ਦਿੱਤੀ ਜਾਵੇਗੀ।

ਇਸ ਮੌਕੇ ਐਨ ਆਈ ਸੀ ਦੇ ਡੀ ਆਈ ਓ ਸ੍ਰੀ ਅਨਿਲ ਕਟਿਆਰ ਨੇ ਈ ਆਫਿਸ ਬਾਰੇ ਵਿਭਾਗ ਦੇ ਅਧਿਕਾਰੀਆਂ ਨੂੰ ਵਿਸਤਾਰ ਸਹਿਤ ਜਾਣਕਾਰੀ ਦਿੱਤੀ ਅਤੇ ਦੱਸਿਆ ਕਿ ਈ – ਆਫਿਸ ਸਬੰਧੀ ਨੋਡਲ ਅਫਸਰਾਂ ਦੀ ਟਰੇਨਿੰਗ 25 ਨਵੰਬਰ ਤੋਂ ਅਸ਼ੋਕ ਚੱਕਰ ਮੀਟਿੰਗ ਹਾਲ ਵਿਚ ਸ਼ੁਰੂ ਹੋਵੇਗੀ ਜਿਸ ਵਿਚ ਨੋਡਲ ਅਫਸਰਾਂ ਨੂੰ ਵਿਸਤਾਰ ਸਹਿਤ ਟਰੇਨਿੰਗ ਕਰਵਾਈ ਜਾਵੇਗੀ ਅਤੇ ਉਸ ਉਪਰੰਤ ਵਿਭਾਗਾਂ ਦੇ ਮਾਸਟਰ ਟਰੇਨਰਾਂ ਨੂੰ ਟਰੇਨਿੰਗ ਦਿੱਤੀ ਜਾਵੇਗੀ।

ਇਸ ਮੌਕੇ ਡੀ ਓ ਮੈਡਮ ਬਲਜੀਤ ਕੌਰ, ਐਸ ਐਮ ਓ ਡਾ ਚੰਦਰ ਸ਼ੇਖਰ,ਸ ਬਲਜਿੰਦਰ ਸਿੰਘ ਡੀ ਐਸ ਓ, ਸ ਗੁਰਨਾਮ ਸਿੰਘ ਏ ਡੀ ਟੀ ਓ, ਡਾ ਭੁਪਿੰਦਰ ਸਿੰਘ ਪਸ਼ੂ ਪਾਲਣ ਵਿਭਾਗ , ਡਾ ਕੁਲਵੀਰ ਸਿੰਘ ਡੀ ਐਚ ਓ ਹੋਮੋਪੈਥਿਕ,ਸ ਧਰਮਵੀਰ ਸਿੰਘ ਡਿਪਟੀ ਡੀ ਓ ਸਮੇਤ ਵੱਖ ਵੱਖ ਵਿਭਾਗਾਂ ਦੇ ਅਧਿਕਾਰੀ ਅਤੇ ਕਰਮਚਾਰੀ ਹਾਜ਼ਰ ਸਨ।

# ਇਜ਼ਰਾਈਲ ਦੇ ਚਰਚਿਤ ਜਾਸੂਸੀ ਸਾਫਟਵੇਅਰ ਦੀ ਵਰਤੋਂ ਪੰਜਾਬ ਪੁਲਸ ਵੱਲੋਂ ਹੋਣ ਦਾ ਸ਼ੱਕ

ਚੰਡੀਗੜ੍ਹ, 20 ਨਵੰਬਰ (ਪੋਸਟ ਬਿਊਰੋ)- ਵਟਸਐਪ 'ਤੇ ਕੀਤੀਆਂ ਜਾਂਦੀਆਂ ਕਾਲਾਂ ਅਤੇ ਭੇਜੇ ਜਾਂਦੇ ਸੰਦੇਸ਼ਾਂ, ਜਿਨ੍ਹਾਂ ਨੂੰ ਅਤਿ ਸੁਰੱਖਿਅਤ ਮੰਨਿਆ ਜਾਂਦਾ ਸੀ, ਬਾਰੇ ਬੀਤੇ ਦਿਨੀਂ ਵਟਸਐਪ ਦੇ ਮੁੱਖੀ ਨੇ ਖੁਦ ਖੁਲਾਸਾ ਕੀਤਾ ਸੀ ਕਿ ਇਜ਼ਰਾਈਲ ਵਲੋਂ ਬਣਾਏ ਗਏ ਜਾਸੂਸੀ ਸਾਫਟਵੇਅਰ ਰਾਹੀਂ ਵਟਸਐਪ ਰਾਹੀਂ ਹੁੰਦੀਆਂ ਕਾਲਾਂ ਤੇ ਸੰਦੇਸ਼ਾਂ ਨੂੰ ਵੀ ਸੰਨ੍ਹ ਲਾਈ ਗਈ ਹੈ। ਇਸ ਦੇ ਨਾਲ ਕੌਮਾਂਤਰੀ ਪੱਧਰ 'ਤੇ ਕੰਪਨੀ ਦੇ ਧਿਆਨ 'ਚ ਅਜਿਹੇ ਕੋਈ 1400 ਕੁਨੈਕਸ਼ਨ ਸਾਹਮਣੇ ਆਏ ਹਨ, ਜਿਨ੍ਹਾਂ ਲਈ ਉਕਤ ਜਾਸੂਸੀ ਸਾਫਟਵੇਅਰ ਦੀ ਵਰਤੋਂ ਹੋ ਰਹੀ ਸੀ। ਦਿਲਚਸਪ ਗੱਲ ਇਹ ਹੈ ਕਿ ਕੰਪਨੀ ਵੱਲੋਂ ਭਾਰਤ 'ਚ ਵੀ ਅਜਿਹੇ 121 ਕੁਨੈਕਸ਼ਨਾਂ ਦੀ ਜਾਸੂਸੀ ਦਾ ਭੇਦ ਖੋਲ੍ਹਿਆ ਗਿਆ ਹੈ। ਸੰਭਵ ਹੈ ਕਿ ਜਾਸੂਸੀ ਹੋਣ ਵਾਲੇ ਕੁਝ ਕੁਨੈਕਸ਼ਨਾਂ ਸਬੰਧੀ ਅਜੇ ਕੰਪਨੀ ਨੂੰ ਵੀ ਪਤਾ ਨਾ ਲੱਗ ਸਕਿਆ ਹੋਵੇ ਪ੍ਰੰਤੂ ਹੈਰਾਨੀ ਦੀ ਗੱਲ ਇਹ ਹੈ ਕਿ ਜਨਤਕ ਪੱਧਰ ਉੱਤੇ ਭਾਵੇਂ ਚੱਲ ਰਹੇ ਇਸ ਜਾਸੂਸੀ ਸਾਫਟਵੇਅਰ ਦੀ ਜਾਣਕਾਰੀ ਕੁਝ ਸਮਾਂ ਪਹਿਲਾਂ ਸਾਹਮਣੇ ਆਈ, ਪਰ ਪੰਜਾਬ 'ਚ ਕਈ ਪੁਲਸ ਅਧਿਕਾਰੀ ਪਿਛਲੇ ਚਾਰ-ਪੰਜ ਮਹੀਨਿਆਂ ਤੋਂ ਆਪਣੇ ਦੋਸਤਾਂ ਮਿੱਤਰਾਂ ਨੂੰ ਵਟਸਐਪ ਦੀ ਵਰਤੋਂ ਬਾਰੇ ਚਿਤਾਵਨੀ ਦੇ ਰਹੇ ਸਨ ਤੇ ਇਹ ਵੀ ਦੱਸ ਰਹੇ ਸਨ ਕਿ ਪੰਜਾਬ ਦੇ ਇਟੈਲੀਜੈਂਸ ਵਿਭਾਗ ਨੇ ਇਜ਼ਰਾਈਲ ਤੋਂ ਇਸ ਮੰਤਵ ਲਈ ਇੱਕ ਸਾਫਟ ਵੇਅਰ ਖਰੀਦਿਆਂ ਹੈ, ਜਿਸ ਵੀ ਵਰਤੋਂ ਵਿਸ਼ੇਸ਼ ਵਿਅਕਤੀਆਂ ਦੀ ਜਾਸੂਸੀ ਲਈ ਹੋ ਰਹੀ ਹੈ।

ਵਟਸਐਪ 'ਤੇ ਹੋਣ ਵਾਲੀਆਂ ਟੈਲੀਫੋਨ ਕਾਲਾਂ ਅਤੇ ਦਿੱਤੇ ਜਾਣ ਵਾਲੇ ਸੁਨੇਹਿਆਂ ਸਬੰਧੀ ਇਹ ਪ੍ਰਭਾਵ ਹੋਣ ਕਾਰਨ ਕਿ ਇਹ ਕਾਲਾਂ ਸੁਰੱਖਿਅਤ ਹਨ ਤੇ ਇਨ੍ਹਾਂ ਨੂੰ ਵਿਚਕਾਰੋਂ ਨਹੀਂ ਸੁਣਿਆ ਜਾ ਸਕਦਾ, ਬਹੁਤੇ ਸਿਆਸਤਦਾਨਾਂ ਤੇ ਉਚ-ਅਧਿਕਾਰੀਆਂ ਤੇ ਵਪਾਰੀਆਂ ਆਦਿ ਵੱਲੋਂ ਵੀ ਪਿਛਲੇ ਕਾਫੀ ਸਮੇਂ ਤੋਂ ਕਾਲਾਂ ਵਟਸਐਪ ਰਾਹੀਂ ਕਾਲਾਂ ਕੀਤੀਆਂ ਜਾ ਰਹੀਆਂ ਸਨ। ਅਧਿਕਾਰੀਆਂ ਵਿਚ ਚਰਚਾ ਹੈ ਕਿ ਇੰਟੈਲੀਜੈਂਸ ਵਿੰਗ ਨੇ ਇਸ ਸਾਫਟਵੇਅਰ ਦੀ ਖਰੀਦ ਸੀਕਰੇਟ ਫੰਡ 'ਚੋਂ ਕੀਤੀ ਸੀ, ਪਰ ਹਰ ਵਿਅਕਤੀ ਲਈ ਅਲੱਗ ਸਾਫਟਵੇਅਰ ਦੀ ਲੋੜ ਹੋਣ ਕਾਰਨ ਤੇ ਸਾਫਟਵੇਅਰ ਮਹਿੰਗੇ ਹੋਣ ਕਾਰਨ ਇਸ ਦੀ ਵਰਤੋਂ ਕੇਵਲ ਕੁਝ ਵਿਸ਼ੇਸ਼ ਵਿਅਕਤੀਆਂ ਲਈ ਹੀ ਹੁੰਦੀ ਰਹੀ ਹੈ। ਵਟਸਐਪ ਵੱਲੋਂ ਕੀਤੇ ਖੁਲਾਸੇ ਪਿੱਛੋਂ ਜਾਸੂਸੀ ਹੋਣ ਵਾਲੇ ਕੁਝ ਨੰਬਰਾਂ ਨੂੰ ਦਿੱਤੇ ਗਏ ਸੰਦੇਸ਼ ਕਾਰਨ ਪੁਲਸ ਵਿਭਾਗ ਦੇ ਸੂਤਰ ਕਹਿੰਦੇ ਹਨ ਕਿ ਇਸ ਸਾਫਟਵੇਅਰ ਦੀ ਵਰਤੋਂ ਕਰਨੀ ਕਾਫੀ ਮੁਸ਼ਕਲ ਹੋ ਜਾਵੇਗੀ। ਉਕਤ ਸਾਫਟਵੇਅਰ ਦੀ ਖਰੀਦ ਸੀਕਰੇਟ ਫੰਡ 'ਚੋਂ ਹੋਣ ਕਾਰਨ ਇਸ ਲਈ ਕਿਸੇ ਨੂੰ ਜ਼ਿੰਮੇਵਾਰ ਜਾਂ ਦੋਸ਼ੀ ਠਹਿਰਾਉਣਾ ਵੀ ਸੰਭਵ ਨਹੀਂ ਹੋ ਸਕੇਗਾ ਤੇ ਨਾ ਇਹ ਪਤਾ ਲਾਇਆ ਜਾ ਸਕਦਾ ਹੈ ਕਿ ਉਸ ਸਾਫਟ ਵੇਅਰ ਦੀ ਵਰਤੋਂ ਕਿਸ ਧਿਰ ਵੱਲੋਂ ਹੋ ਰਹੀ ਸੀ।
















# ਸੰਪਾਦਕੀ

## ਸੀਨੀਅਰਾਂ ਲਈ ਮੁਫ਼ਤ ਡੈਂਟਲ ਕੇਅਰ ਦਾ ਲੇਖਾ ਜੋਖਾ

ਉਂਟੇਰੀਓ ਦੀ ਡੱਗ ਫੋਰਡ ਸਰਕਾਰ ਵੱਲੋਂ ਘੱਟ ਆਮਦਨ ਵਾਲੇ ਸੀਨੀਅਰਾਂ ਲਈ ਬੁਨਿਆਦੀ ਸਾਧਾਰਨ ਡੈਂਟਲ ਕੇਅਰ ਮੁਫ਼ਤ ਪ੍ਰਦਾਨ ਦਾ ਐਲਾਨ ਕੀਤਾ ਹੈ ਜਿਸ ਨਾਲ ਸੀਨੀਅਰਾਂ ਖਾਸਕਰਕੇ ਪਰਵਾਸੀ ਸੀਨੀਅਰਾਂ ਵਿੱਚ ਖੁਸ਼ੀ ਦੀ ਲਹਿਰ ਦੌੜ ਗਈ ਹੈ। ਹਰ ਸਾਲ 90 ਮਿਲੀਅਨ ਡਾਲਰ ਦੀ ਲਾਗਤ ਵਾਲੇ ਇਸ ਪ੍ਰੋਗਰਾਮ ਦਾ ਐਲਾਨ ਪ੍ਰੀਮੀਅਰ ਡੱਗ ਫੋਰਡ, ਸਿਹਤ ਮੰਤਰੀ ਕ੍ਰਿਸਟੀਨ ਈਲੀਅਟ ਅਤੇ ਸੀਨੀਅਰਾਂ ਦੇ ਵਿਭਾਗ ਲਈ ਜੁੰਮੇਵਾਰ ਮੰਤਰੀ ਰੇਅਮੰਡ ਚੋਅ ਨੇ ਕੱਲ ਰੈਕਸਡੇਲ ਵਿੱਚ ਕੀਤਾ। ਸਰਕਾਰ ਦਾ ਦਾਅਵਾ ਹੈ ਕਿ ਇਸ ਪ੍ਰੋਗਰਾਮ ਬਦੌਲਤ 1 ਲੱਖ ਦੇ ਕਰੀਬ ਸੀਨੀਅਰਾਂ ਨੂੰ ਲਾਭ ਹਾਸਲ ਹੋਵੇਗਾ ਅਤੇ ਹਸਪਤਾਲਾਂ ਦੇ ਹਾਲ-ਵੇਆਂ ਵਿੱਚ ਪੈਦਾ ਹੋਈ ਮਰੀਜ਼ਾਂ ਦੀ ਭੀੜ ਨੂੰ ਘੱਟ ਕਰਨ ਵਿੱਚ ਮਦਦ ਮਿਲੇਗੀ। ਅੰਕੜੇ ਦੱਸਦੇ ਹਨ ਕਿ ਮਸੂੜਿਆਂ ਦੀ ਬਿਮਾਰੀ ਅਤੇ ਗੰਭੀਰ ਦਰਦ ਕਾਰਣ ਹਰ ਸਾਲ 60,000 ਦੇ ਕਰੀਬ ਲੋਕ ਐਮਰਜੰਸੀ ਵਿੱਚ ਹਸਪਤਾਲ ਪੁੱਜਦੇ ਹਨ। ਐਮਰਜੰਸੀ ਜਾਣ ਵਾਲਿਆਂ ਵਿੱਚੋਂ ਕਾਫੀ ਵੱਡੀ ਗਿਣਤੀ ਸੀਨੀਅਰਾਂ ਦੀ ਹੁੰਦੀ ਹੈ। ਬੁਨਿਆਦੀ ਫਰੀ ਡੈਂਟਲ ਕੇਅਰ ਜ਼ਿਕਰ ਸਰਕਾਰ ਇਸ ਸਾਲ ਬਸੰਤ ਰੁੱਤ ਵਿੱਚ ਪੇਸ਼ ਕੀਤੇ ਬੱਜਟ ਵਿੱਚ ਕੀਤਾ ਸੀ।

ਜਿਸ ਵੇਲੇ ਡੱਗ ਫੋਰਡ ਸਰਕਾਰ ਨੂੰ ਹਰ ਪਾਸੇ ਤੋਂ ਫੰਡਾਂ ਵਿੱਚ ਕਟੌਤੀਆਂ ਕਰਨ ਕਰਕੇ ਔਖੇ ਸੁਆਲਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ, ਉਸ ਵੇਲੇ ਸੀਨੀਅਰਾਂ ਲਈ ਮੁਫ਼ਤ ਡੈਂਟਲ ਕੇਅਰ ਪ੍ਰੋਗਰਾਮ ਲਾਗੂ ਕਰਨਾ ਚੰਗੀ ਖ਼ਬਰ ਹੈ। ਪ੍ਰੋਗਰਾਮ ਤੋਂ ਲਾਭ ਲੈਣ ਲਈ 65 ਸਾਲ ਤੋਂ ਵੱਧ ਉਮਰ ਦੇ ਬਜ਼ੁਰਗ ਵੈੱਬਸਾਈਟ https://www.ontario.ca/page/dental-care-low-income-seniors#section-1 ਉੱਤੇ ਜਾ ਕੇ ਆਪਣਾ ਨਾਮ ਰਜਿਸਟਰ ਕਰ ਸਕਦੇ ਹਨ। ਪ੍ਰੋਗਰਾਮ ਤੋਂ ਲਾਭ ਲੈਣ ਲਈ ਤੁਹਾਡੇ ਕੋਲ ਕੋਈ ਰੁਜ਼ਗਾਰ ਰਾਹੀਂ ਜਾਂ ਪ੍ਰਾਈਵੇਟ ਡੈਂਟਲ ਬੀਮਾ ਯੋਜਨਾ ਨਹੀਂ ਹੋਣੀ ਚਾਹੀਦੀ, ਤੁਹਾਡੀ ਉਮਰ 65 ਸਾਲ ਜਾਂ ਘੱਟ ਹੋਵੇ ਅਤੇ ਤੁਹਾਡੀ ਸਾਲਾਨਾ ਆਮਦਨ 19.300 ਡਾਲਰ ਤੋਂ ਵੱਧ ਨਹੀਂ ਹੋਣੀ ਚਾਹੀਦੀ। ਵਿਆਉਤਾ ਜੋੜੇ ਲਈ ਇਹ ਰਾਸ਼ੀ ਵੱਧ ਤੋਂ ਵੱਧ 32,300 ਡਾਲਰ ਹੋ ਸਕਦੀ ਹੈ। ਇਸ ਕਵਰੇਜ ਵਿੱਚ ਐਕਸਰੇਅ, ਟੁੱਟੇ ਦੰਦਾਂ ਨੂੰ ਜੋੜਨਾ ਅਤੇ ਪਈਆਂ ਖੋਡਾਂ ਨੂੰ ਭਰਨਾ, ਦੰਦ ਕੱਢਣੇ, ਦਰਦ ਦਾ ਇਲਾਜ ਅਤੇ ਮਸੂੜਿਆਂ ਦਾ ਇਲਾਜ ਸ਼ਾਮਲ ਹੋਵੇਗਾ। ਰਜਿਸਟਰ ਕਰਨ ਤੋਂ ਬਾਅਦ ਤੁਹਾਡੇ ਅਕਾਊਂਟ ਦੀ ਮਿਆਦ ਇੱਕ ਸਾਲ ਹੋਵੇਗੀ ਅਤੇ ਹਰ ਸਾਲ 31 ਜੁਲਾਈ ਨੂੰ ਅਕਾਊਂਟ ਖੁਦ-ਬ-ਖੁਦ ਬੰਦ ਹੋ ਜਾਵੇਗਾ ਬੇਸ਼ੱਕ ਤੁਸੀਂ ਆਪਣਾ ਨਾਮ ਸਾਲ ਦੇ ਕਿਸੇ ਮਹੀਨੇ ਵਿੱਚ ਰਜਿਸਟਰ ਕੀਤਾ ਹੋਵੇ।

ਅੰਕੜੇ ਦੱਸਦੇ ਹਨ ਕਿ ਸਮੁੱਚੇ ਉਂਟੇਰੀਓ ਲਈ ਸਿਰਫ਼ 90 ਮਿਲੀਅਨ ਡਾਲਰ ਰਾਸ਼ੀ ਨਿਰਧਾਰਤ ਕਰਨਾ ਕਾਫੀ ਨਹੀਂ ਹੈ। ਉਂਟੇਰੀਓ ਵਿੱਚ 14 ਲੱਖ ਦੇ ਕਰੀਬ 65 ਸਾਲ ਤੋਂ ਵੱਧ ਉਮਰ ਸੀਨੀਅਰ ਹਨ। ਫਰੇਜ਼ਰ ਇਨਸਟੀਚਿਊਟ ਮੁਤਾਬਕ 65 ਸਾਲ ਤੋਂ ਵੱਧ ਸੀਨੀਅਰਾਂ ਦੀ ਸਿਹਤ ਉੱਤੇ ਆਮ ਕੈਨੇਡੀਅਨ ਨਾਲੋਂ ਚਾਰ ਗੁਣਾ ਵੱਧ ਖਰਚ ਆਉਂਦਾ ਹੈ। ਪਬਲਿਕ ਹੈਲਥ ਉਂਟੇਰੀਓ ਨਾਮਕ ਸਰਕਾਰੀ ਸੰਸਥਾ ਵੱਲੋਂ ਕਰਵਾਈ ਗਈ ਇੱਕ ਸਟੱਡੀ ਮੁਤਾਬਕ ਉਂਟੇਰੀਓ ਵਿੱਚ ਸਿਰਫ਼ 40 ਪ੍ਰਤੀਸ਼ਤ ਸੀਨੀਅਰਾਂ ਕੋਲ ਡੈਂਟਲ ਬੀਮਾ ਨਹੀਂ ਹੈ ਅਤੇ 75% ਦੇ ਕਰੀਬ ਉਂਟੇਰੀਓ ਵਾਸੀ ਸਾਲ ਵਿੱਚ ਘੱਟੋ ਘੱਟ ਇੱਕ ਵਾਰ ਡੈਂਟਲ ਕੇਅਰ ਵਾਸਤੇ ਜਰੂਰ ਜਾਂਦੇ ਹਨ ਜਿਹਨਾਂ ਵਿੱਚੋਂ 15% ਤੋਂ ਵੱਧ ਐਮਰਜੰਸੀ ਕੇਸ ਹੁੰਦੇ ਹਨ।

ਸੀਨੀਅਰਾਂ ਲਈ ਐਲਾਨੇ ਗਏ ਡੈਂਟਲ ਕੇਅਰ ਪ੍ਰੋਗਰਾਮ ਨੂੰ ਮਿਸੀਸਾਗਾ, ਬਰੈਂਪਟਨ ਅਤੇ ਕੈਲੀਡਾਨ ਦੇ ਜੋੜ ਨਾਲ ਬਣੇ ਪੀਲ ਰੀਜਨ ਦੇ ਸੰਦਰਭ ਵਿੱਚ ਵੇਖਣਾ ਦਿਲਚਸਪ ਹੋਵੇਗਾ। ਇੱਕਲੇ ਪੀਲ ਰੀਜਨ ਵਿੱਚ ਡੇਢ ਲੱਖ ਦੇ ਕਰੀਬ ਸੀਨੀਅਰ ਵੱਸਦੇ ਹਨ ਜਿੱਥੇ 65 ਸਾਲ ਤੋਂ ਵੱਡੀ ਉਮਰ ਦੇ ਸੀਨੀਅਰਾਂ ਦੀ ਗਿਣਤੀ ਉਂਟੇਰੀਓ ਨਾਲੋਂ ਤਿੰਨ ਗੁਣਾ ਰਫ਼ਤਾਰ ਨਾਲ ਵੱਧ ਹੋ ਰਹੀ ਹੈ। ਪੀਲ ਵਿੱਚ ਕੁੱਲ ਸੀਨੀਅਰਾਂ ਦਾ 75% ਦੇ ਕਰੀਬ ਪਰਵਾਸੀ ਸੀਨੀਅਰ ਹਨ ਜੋ ਜ਼ਿਆਦਾਤਰ ਗਰੀਬੀ ਵਿੱਚ ਵੱਸਦੇ ਹਨ। ਪੀਲ ਵਿੱਚ ਵੱਸਦੇ ਬਹੁ-ਗਿਣਤੀ ਪਰਵਾਸੀ ਸੀਨੀਅਰਾਂ ਦੀ ਆਮਦਨ 17,000 ਡਾਲਰ ਤੋਂ ਘੱਟ ਹੈ ਅਤੇ ਬਹੁ-ਗਿਣਤੀ, ਖਾਸ ਕਰਕੇ ਸਪਾਂਸਰ ਹੋ ਕੇ ਨਵੇਂ ਆਏ ਸੀਨੀਅਰਾਂ ਕੋਲ ਕੋਈ ਡੈਂਟਲ ਬੀਮਾ ਨਹੀਂ ਹੈ। ਸੁਆਲ ਹੈ ਕਿ ਕੀ 90 ਮਿਲੀਅਨ ਡਾਲਰ ਰਾਸ਼ੀ ਨੂੰ ਪੀਲ ਰੀਜਨ ਵਿੱਚ ਸੀਨੀਅਰਾਂ ਦੀ ਗਿਣਤੀ ਦੇ ਹਿਸਾਬ ਨਾਲ ਵੰਡਿਆ ਜਾਵੇਗਾ ਜਾਂ ਪਹਿਲੀਆਂ ਸਕੀਮਾਂ ਦੀ ਤਰਜ਼ ਉੱਤੇ ਪੀਲ ਰੀਜਨ ਇੱਕ ਵਾਰ ਫੇਰ ਫਾਡੀ ਰਹਿ ਜਾਵੇਗਾ? ਇਹਨਾਂ ਕੌੜੀਆਂ ਹਕੀਕਤਾਂ ਦੇ ਸਨਮੁਖ ਬੇਸ਼ੱਕ 90 ਮਿਲੀਅਨ ਡਾਲਰ ਕੋਈ ਬਹੁਤੀ ਰਕਮ ਨਹੀਂ ਹੈ ਪਰ ਇਸਨੂੰ ਇੱਕ ਅੱਛੀ ਸ਼ੁਰੂਆਤ ਜਰੂਰ ਆਖਿਆ ਜਾ ਸਕਦਾ ਹੈ।

## ਚੀਨ 'ਚ ਨਜ਼ਰਬੰਦ ਕੈਨੇਡੀਅਨ ਨਾਲ ਕਾਉਂਸਲਰ ਅਧਿਕਾਰੀਆਂ ਨੇ ਕੀਤੀ ਮੁਲਾਕਾਤ



ਗਲੋਬਲ ਅਫੇਅਰਜ਼ ਕੈਨੇਡਾ ਵੱਲੋਂ ਇਸ ਗੱਲ ਦੀ ਪੁਸ਼ਟੀ ਕੀਤੀ ਗਈ ਹੈ ਕਿ ਪਿਛਲੇ ਇੱਕ ਸਾਲ ਤੋਂ ਚੀਨ ਵਿੱਚ ਨਜ਼ਰਬੰਦ ਕੈਨੇਡੀਅਨ ਮਾਈਕਲ ਸਪੇਵਰ ਨਾਲ ਕਾਉਂਸਲਰ ਅਧਿਕਾਰੀਆਂ ਨੇ ਮੰਗਲਵਾਰ ਨੂੰ ਮੁਲਾਕਾਤ ਕੀਤੀ।

ਇੱਕ ਬਿਆਨ ਵਿੱਚ ਸਰਕਾਰੀ ਵਿਭਾਗ ਨੇ ਦੱਸਿਆ ਕਿ ਉਹ ਸਪੇਵਰ ਨਾਲ ਅੱਗੇ ਤੋਂ ਵੀ ਗੱਲ ਕਰਨੀ ਜਾਰੀ ਰੱਖਣਗੇ। ਗਲੋਬਲ ਅਫੇਅਰਜ਼ ਨੇ ਆਖਿਆ ਕਿ ਕੈਨੇਡੀਅਨ ਕਾਉਂਸਲਰ ਦੇ ਅਧਿਕਾਰੀ ਸਪੇਵਰ ਤੇ ਉਨ੍ਹਾਂ ਦੇ ਪਰਿਵਾਰ ਨੂੰ ਕਾਉਂਸਲਰ ਸੇਵਾਵਾਂ ਦੇਣੀਆਂ ਜਾਰੀ ਰੱਖਣਗੇ। ਪ੍ਰਾਈਵੇਸੀ ਐਕਟ ਦੇ ਪ੍ਰਾਵਧਾਨ ਕਾਰਨ ਇਸ ਤੋਂ ਜ਼ਿਆਦਾ ਹੋਰ ਜਾਣਕਾਰੀ ਸਾਂਝੀ ਨਹੀਂ ਕੀਤੀ ਜਾ ਸਕਦੀ।

10 ਦਸੰਬਰ, 2018 ਨੂੰ ਸਪੇਵਰ ਨੂੰ ਚੀਨ ਵਿੱਚ ਨਜ਼ਰਬੰਦ ਕੀਤੇ ਜਾਣ ਤੋਂ ਬਾਅਦ ਹੁਣ ਤੱਕ ਕੈਨੇਡੀਅਨ ਕਾਉਂਸਲਰ ਅਧਿਕਾਰੀ 14 ਵਾਰੀ ਉਸ ਨਾਲ ਮੁਲਾਕਾਤ ਕਰ ਚੁੱਕੇ ਹਨ। ਜ਼ਿਕਰਯੋਗ ਹੈ ਕਿ ਸਪੇਵਰ ਤੇ ਹੋਰ ਕੈਨੇਡੀਅਨ ਮਾਈਕਲ ਕੋਵਰਿਗ ਨੂੰ ਇੱਕੋ ਦਿਨ ਨਜ਼ਰਬੰਦ ਕੀਤਾ ਗਿਆ ਸੀ। ਇਹ ਮੰਨਿਆ ਜਾ ਰਿਹਾ ਹੈ ਕਿ ਅਮਰੀਕੀ ਅਧਿਕਾਰੀਆਂ ਦੇ ਕਹਿਣ ਉੱਤੇ ਪਹਿਲੀ ਦਸੰਬਰ ਨੂੰ ਵੈਨਕੂਵਰ ਵਿੱਚ ਹੁਆਵੇਈ ਦੀ ਚੀਫ ਫਾਇਨਾਂਸ਼ੀਅਲ ਅਧਿਕਾਰੀ ਮੈਂਗ ਵਾਂਗਜ਼ੋਊ ਨੂੰ ਗ੍ਰਿਫਤਾਰ ਕੀਤਾ ਗਿਆ ਸੀ ਤੇ ਬਦਲਾਲਊ ਕਾਰਵਾਈ ਵਿੱਚ ਹੀ ਸਪੇਵਰ ਤੇ ਕੋਵਰਿਗ ਨੂੰ ਨਜ਼ਰਬੰਦ ਕੀਤਾ ਗਿਆ।

ਗਲੋਬਲ ਅਫੇਅਰਜ਼ ਦਾ ਕਹਿਣਾ ਹੈ ਕਿ ਅਧਿਕਾਰੀ ਕੋਵਰਿੱਗ ਤੇ ਉਸ ਦੇ ਪਰਿਵਾਰ ਨੂੰ ਕਾਉਂਸਲਰ ਸੇਵਾਵਾਂ ਦੇਣੀਆਂ ਜਾਰੀ ਰੱਖਣਗੇ ਤੇ ਕੋਵਰਿੱਗ ਤੱਕ ਪਹੁੰਚ ਬਣਾਉਣੀ ਜਾਰੀ ਰੱਖਣਗੇ। ਜਦੋਂ ਤੋਂ ਕੋਵਰਿੱਗ ਦੀ ਡਿਟੈਨਸ਼ਨ ਸ਼ੁਰੂ ਹੋਈ ਹੈ ਉਦੋਂ ਤੋਂ ਲੈ ਕੇ ਹੁਣ ਤੱਕ ਉਨ੍ਹਾਂ ਨੂੰ 13 ਕਾਉਂਸਲਰ ਵਿਜ਼ਿਟਸ ਮਿਲ ਚੁੱਕੀਆਂ ਹਨ।

ਗਲੋਬਲ ਅਫੇਅਰਜ਼ ਦਾ ਕਹਿਣਾ ਹੈ ਕਿ ਦਸੰਬਰ 2018 ਤੋਂ ਲੈ ਕੇ ਹੁਣ ਤੱਕ ਇਨ੍ਹਾਂ ਦੋ ਕੈਨੇਡੀਅਨਾਂ ਨੂੰ ਨਜ਼ਰਬੰਦ ਕਰਕੇ ਰੱਖਣਾ ਬਹੁਤ ਹੀ ਚਿੰਤਾ ਦਾ ਕਾਰਨ ਹੈ। ਉਨ੍ਹਾਂ ਵੱਲੋਂ ਇਨ੍ਹਾਂ ਦੋਵਾਂ ਕੈਨੇਡੀਅਨਾਂ ਨੂੰ ਰਿਹਾਅ ਕਰਨ ਦੀ ਮੰਗ ਵੀ ਕੀਤੀ ਗਈ। ਗਲੋਬਲ ਅਫੇਅਰਜ਼ ਨੇ ਦੱਸਿਆ ਕਿ ਕੈਨੇਡਾ ਉਨ੍ਹਾਂ ਸਾਰੇ ਦੇਸ਼ਾਂ ਦਾ ਸ਼ੁਕਰਗੁਜ਼ਾਰ ਹੈ ਜਿਨ੍ਹਾਂ ਨੇ ਇਨ੍ਹਾਂ ਕੈਨੇਡੀਅਨਾਂ ਦੇ ਸਮਰਥਨ ਵਿੱਚ ਹਾਅ ਦਾ ਨਾਅਰਾ ਮਾਰਿਆ। ਇਨ੍ਹਾਂ ਵਿੱਚ ਆਸਟਰੇਲੀਆ, ਡੈੱਨਮਾਰਕ, ਇਸਟੋਨੀਆ, ਫਰਾਂਸ, ਜਰਮਨੀ, ਲੈਟਵੀਆ, ਲਿਥੁਆਨੀਆ, ਨੀਦਰਲੈਂਡਜ਼, ਸਪੇਨ, ਯੂਨਾਈਟਿਡ ਕਿੰਗਡਮ ਤੇ ਯੂਨਾਈਟਿਡ ਸਟੇਟਸ ਤੋਂ ਇਲਾਵਾ ਯੂਰਪੀਅਨ ਯੂਨੀਅਨ, ਜੀ-7 ਤੇ ਨਾਟੋ ਦੇਸ਼ ਸ਼ਾਮਲ ਹਨ।

## ਜ਼ਮੀਨ ਦੇ ਲਾਲਚ ਵਿੱਚ ਮਾਮੇ ਤੇ ਬੇਟਿਆਂ ਨੇ ਕੀਤਾ ਸੀ ਕਤਲ

ਮਾਨਸਾ, 20 ਨਵੰਬਰ (ਪੋਸਟ ਬਿਊਰੋ)- ਪਿੰਡ ਝੁਨੀਰ ਵਿੱਚ ਢਾਈ ਸਾਲ ਪਹਿਲਾਂ ਲਾਪਤਾ ਨੌਜਵਾਨ ਦੀ ਹੱਤਿਆ ਜ਼ਮੀਨ ਦੇ ਲਾਲਚ ਵਿੱਚ ਮਾਮਾ ਤੇ ਉਸ ਦੇ ਪੁੱਤਰਾਂ ਨੇ ਕੀਤੀ ਸੀ। ਇਸ ਮਾਮਲੇ ਵਿੱਚ ਬਲਜੀਤ ਸਿੰਘ ਨੂੰ ਪੁਲਸ ਨੇ ਗ੍ਰਿਫਤਾਰ ਕਰ ਲਿਆ ਹੈ, ਜਦ ਕਿ ਦੋ ਦੋਸ਼ੀ ਅਜੇ ਫਰਾਰ ਹਨ।

ਐੱਸ ਐੱਸ ਪੀ ਡਾਕਟਰ ਨਰਿੰਦਰ ਭਾਰਗਵ ਦੇ ਮੁਤਾਬਕ ਅੱਠ ਜੂਨ 2017 ਨੂੰ ਅਮਨਦੀਪ (22) ਘਰ ਤੋਂ ਪਿੰਡ ਘੁਰਕਨੀ ਵਿੱਚ ਜ਼ਮੀਨ ਦੇਖਣ ਲਈ ਗਿਆ, ਪ੍ਰੰਤੂ ਵਾਪਸ ਨਹੀਂ ਮੁੜਿਆ। ਉਸ ਦੀ ਮਾਂ ਪਰਮਜੀਤ ਕੌਰ ਦੀ ਸ਼ਿਕਾਇਤ ਉਤੇ ਪੁਲਸ ਨੇ 14 ਜੂਨ 2017 ਨੂੰ ਕੇਸ ਦਰਜ ਕੀਤਾ ਸੀ। ਕਰੀਬ ਢਾਈ ਸਾਲ ਤੋਂ ਚੱਲਦੇ ਕੇਸ ਵਿੱਚ ਪੁਲਸ ਨੇ ਤਿੰਨ ਦੋਸ਼ੀਆਂ ਬਲਜੀਤ ਸਿੰਘ, ਗੁਰਮੀਤ ਸਿੰਘ ਅਤੇ ਗੁਰਮੇਲ ਸਿੰਘ ਵਾਸੀ ਗਾਟਵਾਲੀ ਜ਼ਿਲਾ ਬਠਿੰਡਾ ਨੂੰ ਨਾਮਜ਼ਦ ਕੀਤਾ ਹੈ। ਗ੍ਰਿਫਤਾਰ ਬਲਜੀਤ ਸਿੰਘ ਨੇ ਦੱਸਿਆ ਕਿ ਉਨ੍ਹਾਂ ਕੋਲ ਘੱਟ ਜ਼ਮੀਨ ਹੈ ਅਤੇ ਅਮਨਦੀਪ ਸਿੰਘ ਉਸ ਦੀ ਭੂਆ ਦਾ ਲੜਕਾ ਸੀ, ਜਿਸ ਦੀ ਜ਼ਮੀਨ ਉਹ ਹੜੱਪਣਾ ਚਾਹੁੰਦੇ ਸਨ। ਜ਼ਮੀਨ ਦੇ ਲਾਲਚ ਵਿੱਚ ਉਨ੍ਹਾਂ ਨੇ ਅਮਨਦੀਪ ਸਿੰਘ ਨੂੰ ਨਸ਼ਾ ਦੇ ਕੇ ਕਾਰ ਵਿੱਚ ਪਿੰਡ ਫੱਤਾ ਮਾਲੋਕਾ ਨਜ਼ਦੀਕ ਭਾਖੜਾ ਨਹਿਰ ਵਿੱਚ ਮਾਰਨ ਦੀ ਨੀਅਤ ਨਾਲ ਸੁੱਟ ਦਿੱਤਾ ਸੀ।

Visions of Punjab
VISION ZOOMERTV
Airs Across Canada
Every Saturday
1:00 pm to 1:30 pm EST
10:00 am to 10:30 am PST
Mahal Entertainment Inc.
Cell:416-587-5520
Email: iqbalmahal46@gmail.com
Natasha Mahal Co-Host
Iqbal Mahal Producer & Host
Serving the South Asian Community Since 1976

# ਟਰੂਡੋ ਵੱਲੋਂ ਕੈਬਨਿਟ ਦਾ ਪਸਾਰ

...ਪੰਨਾ 1 ਦਾ ਬਾਕੀ

ਇਸ ਗਰੁੱਪ ਦੀ ਪਹਿਲੀ ਕੈਬਨਿਟ ਮੀਟਿੰਗ ਵੀਰਵਾਰ ਦੁਪਹਿਰ ਨੂੰ ਓਟਵਾ ਵਿੱਚ ਹੋਵੇਗੀ।

ਖਾਸ ਵਰਨਣਯੋਗ ਹੈ ਕਿ ਟਰੂਡੋ ਨੇ ਕ੍ਰਿਸਟੀਆ ਫਰੀਲੈਂਡ ਨੂੰ ਡਿਪਟੀ ਪ੍ਰਧਾਨ ਮੰਤਰੀ ਦਾ ਦਰਜਾ ਦਿੱਤਾ ਹੈ। 2006 ਤੋਂ ਬਾਅਦ ਕੈਬਨਿਟ ਵਿੱਚ ਇਹ ਭੂਮਿਕਾ ਪਹਿਲੀ ਵਾਰੀ ਕਿਸੇ ਨੂੰ ਦਿੱਤੀ ਗਈ ਹੈ। ਇਸ ਖਿਤਾਬ ਤੋਂ ਜਿਹੜੀਆਂ ਆਸਾਂ ਹਨ ਉਸ ਬਾਰੇ ਜਦੋਂ ਟਰੂਡੋ ਤੋਂ ਪੁੱਛਿਆ ਗਿਆ ਤਾਂ ਉਨ੍ਹਾਂ ਆਖਿਆ ਕਿ ਇਹ ਭੂਮਿਕਾ ਫਰੀਲੈਂਡ ਦੇ ਕੱਦ ਜਿੱਡਾ ਕੋਈ ਇਨਸਾਨ ਹੀ ਨਿਭਾਅ ਸਕਦਾ ਹੈ। ਟਰੂਡੋ ਨੇ ਆਖਿਆ ਕਿ ਉਨ੍ਹਾਂ ਕ੍ਰਿਸਟੀਆ ਨਾਲ ਕਾਫੀ ਨੇੜਿਓਂ ਕੰਮ ਕੀਤਾ ਹੈ ਤੇ ਕਈ ਮੁੱਦਿਆਂ ਜਿਵੇਂ ਕਿ ਕੌਮੀ ਏਕਤਾ, ਊਰਜਾ, ਐਨਵਾਇਰਮੈਂਟ ਤੋਂ ਇਲਾਵਾ ਸਾਰੇ ਪ੍ਰੋਵਿੰਸਾਂ ਨਾਲ ਆਪਣੇ ਸਬੰਧਾਂ ਨੂੰ ਮਜਬੂਤ ਬਣਾਉਣ ਬਾਰੇ ਉਨ੍ਹਾਂ ਦੀ ਰਾਇ ਬਹੁਤ ਰਲਦੀ ਹੈ।

ਅਲਬਰਟਾ ਵਿੱਚ ਪੈਦਾ ਹੋਈ ਫਰੀਲੈਂਡ ਇੰਟਰਗਵਰਮੈਂਟਲ ਮਾਮਲਿਆਂ ਵਿੱਚ ਵੀ ਅਹਿਮ ਭੂਮਿਕਾ ਨਿਭਾਵੇਗੀ। ਇਸ ਤੋਂ ਇਲਾਵਾ ਕੈਨੇਡਾ ਤੇ ਅਮਰੀਕੀ ਸਬੰਧਾਂ ਦੀ ਫਾਈਲ ਵੀ ਫਰੀਲੈਂਡ ਕੋਲ ਹੀ ਰਹੇਗੀ ਤਾਂ ਕਿ ਉਹ ਇਸ ਗੱਲ ਦੀ ਨਿਗਰਾਨੀ ਕਰ ਸਕੇ ਕਿ ਨਵੀਂ ਨਾਫਟਾ ਡੀਲ ਦੀ ਪੁਸ਼ਟੀ ਵਿੱਚ ਕੋਈ ਦਿੱਕਤ ਨਾ ਆਵੇ। ਹਾਲਾਂਕਿ ਕੈਬਨਿਟ ਵਿੱਚ ਬਹੁਤ ਸਾਰੇ ਚਿਹਰੇ ਪੁਰਾਣੇ ਹੀ ਹਨ ਪਰ ਕੁੱਝ ਨਵੇਂ ਚਿਹਰਿਆਂ ਨੂੰ ਵੀ ਮੰਤਰੀ ਮੰਡਲ ਵਿੱਚ ਸਾਮਲ ਕੀਤਾ ਗਿਆ ਹੈ।

ਵਿਦੇਸ ਮੰਤਰਾਲਾ ਫਰੈਂਕੋਇਸ ਫਿਲਿਪ ਸ਼ੈਂਪੇਨ ਨੂੰ ਦਿੱਤਾ ਗਿਆ ਹੈ ਤੇ ਹੁਣ ਉਹ ਫਰੀਲੈਂਡ ਦੀ ਥਾਂ ਲੈਣਗੇ। ਹਾਲਾਂਕਿ ਉਨ੍ਹਾਂ ਨੂੰ ਆਉਂਦੇ ਸਾਰ ਹੀ ਚੀਨ ਨਾਲ ਵਿਗੜੇ ਹੋਏ ਸਬੰਧਾਂ ਦੇ ਮੁੱਦੇ ਉੱਤੇ ਵੀ ਕੰਮ ਕਰਨਾ ਹੋਵੇਗਾ ਪਰ ਰਿਡਿਊ ਹਾਲ ਵਿੱਚ ਪਹੁੰਚਣ ਉੱਤੇ ਬੁੱਧਵਾਰ ਨੂੰ ਉਹ ਕਾਫੀ ਖੁਸ ਨਜਰ ਆਏ। ਉਨ੍ਹਾਂ ਆਖਿਆ ਕਿ ਉਹ ਚੀਨ ਵਿੱਚ ਨਜਰਬੰਦ ਦੋ ਕੈਨੇਡੀਅਨਾਂ ਦੇ ਮੁੱਦੇ ਨੂੰ ਸੱਭ ਤੋਂ ਪਹਿਲਾਂ ਚੀਨੀ ਅਧਿਕਾਰੀਆਂ ਕੋਲ ਉਠਾਉਣਾ ਚਾਹੁਣਗੇ। ਅਗਲੇ ਕੁੱਝ ਦਿਨਾਂ ਵਿੱਚ ਉਹ ਜਾਪਾਨ ਵਿੱਚ ਹੋਣ ਜਾ ਰਹੀ ਜੀ 20 ਮੀਟਿੰਗ ਵਿੱਚ ਹਿੱਸਾ ਲੈਣ ਲਈ ਵੀ ਜਾਣਗੇ।

ਪਹਿਲਾਂ ਲੱਗ ਰਹੀਆਂ ਅਟਕਲਾਂ ਦੇ ਬਾਵਜੂਦ ਐਨਵਾਇਰਮੈਂਟ ਤੇ ਕਲਾਈਮੇਟ ਚੇਂਜ ਲਈ ਇੱਕ ਮੰਤਰਾਲਾ ਹੀ ਰੱਖਿਆ ਗਿਆ ਹੈ ਤੇ ਇਸ ਦੀ ਅਗਵਾਈ ਜੌਨਾਥਨ ਵਿਲਕਿੰਸਨ ਕਰਨਗੇ। ਵਿਲਕਿੰਸਨ ਬ੍ਰਿਟਿਸ ਕੋਲੰਬੀਆ ਦੇ ਹਲਕੇ ਨਾਲ ਸਬੰਧਤ ਹਨ ਤੇ ਜਿੱਥੇ ਵਿਰੋਧੀ ਧਿਰ ਲਿਬਰਲਾਂ ਦਾ ਸਹਿਯੋਗ ਪ੍ਰਾਪਤ ਟਰਾਂਸ ਮਾਊਨਟੇਨ ਦੇ ਖਿਲਾਫ ਹੈ। ਵਿਲਕਿੰਸਨ ਸਸਕੈਚਵਨ ਨਾਲ ਸਬੰਧਤ ਹਨ। ਪਬਲਿਕ ਸੇਫਟੀ ਤੇ ਐਮਰਜੰਸੀ ਪ੍ਰੀਪੇਅਰਡਨੈੱਸ ਮੰਤਰੀ ਬਿੱਲ ਬਲੇਅਰ ਨੂੰ ਬਣਾਇਆ ਗਿਆ ਹੈ। ਇਸ ਦੇ ਨਾਲ ਹੀ ਉਹ ਕਲਾਈਮੇਟ ਨਾਲ ਸਬੰਧਤ ਐਮਰਜੰਸੀ ਚੁਣੌਤੀਆਂ ਨਾਲ ਵੀ ਨਜਿੱਠਣਗੇ।



ਨਵਦੀਪ ਬੈਂਸ ਮਨਿਸਟਰ ਆਫ ਇਨੋਵੇਸਨ, ਸਾਇੰਸ ਐਂਡ ਇੰਡਸਟਰੀ



ਬਰਦੀਸ਼ ਚੱਗੜ ਮਨਿਸਟਰ ਆਫ ਡਾਇਵਰਸਿਟੀ, ਇਨਕਲੂਜਨ ਐਂਡ ਯੂਥ

ਕੈਥਰੀਨ ਮੈਕੇਨਾ ਨੂੰ ਇਨਫਰਾਸਟ੍ਰਕਚਰ ਤੇ ਕਮਿਊਨਿਟੀਜ ਮੰਤਰਾਲਾ ਦਿੱਤਾ ਗਿਆ ਹੈ। ਜਦੋਂ ਪਬਲਿਕ ਟਰਾਂਜਿਟ ਤੇ ਗ੍ਰੀਨ ਇਨਫਰਾਸਟ੍ਰਕਚਰ ਦੀ ਗੱਲ ਆਵੇਗੀ ਤਾਂ ਉਹ ਵੀ ਵਾਤਾਵਰਣ ਨੂੰ ਧਿਆਨ ਵਿੱਚ ਰੱਖਣਗੇ। ਇਕਨੌਮਿਕ ਡਿਵੈਲਪਮੈਂਟ ਮੰਤਰੀ ਵਜੋਂ ਰੀਜਨਲ ਡਿਵੈਲਪਮੈਂਟ ਏਜੰਸੀਆਂ ਮਿਲੇਨੀ ਜੌਲੀ ਨੂੰ ਸੌਂਪੀਆਂ ਗਈਆਂ ਹਨ ਤੇ ਉਨ੍ਹਾਂ ਦੀ ਮਦਦ ਛੇ ਸਮਰਪਿਤ ਪਾਰਲੀਮਾਨੀ ਸਕੱਤਰ ਕਰਨਗੇ। ਇਨ੍ਹਾਂ ਦੇ ਨਾਂ ਅਜੇ ਤੈਅ ਨਹੀਂ ਕੀਤੇ ਗਏ ਹਨ। ਇਸ ਦੇ ਨਾਲ ਹੀ ਉਨ੍ਹਾਂ ਕੋਲ ਆਫੀਸ਼ੀਅਲ ਲੈਂਗੁਏਜਿਜ ਮਹਿਕਮਾ ਵੀ ਰਹੇਗਾ। ਟੂਰਿਜਮ ਵੀ ਉਨ੍ਹਾਂ ਕੋਲ ਹੀ ਰਹਿਣ ਦਿੱਤਾ ਗਿਆ ਹੈ।

ਹੁਣ ਟਰੂਡੋ ਮਨਿਸਟਰ ਫੌਰ ਯੂਥ ਨਹੀਂ ਰਹਿਣਗੇ, ਇਹ ਮੰਤਰਾਲਾ ਬਰਦੀਸ ਚੱਗੜ ਨੂੰ ਦੇ ਦਿੱਤਾ ਗਿਆ ਹੈ। ਇਸ ਦਾ ਨਾਂ ਮਨਿਸਟਰ ਆਫ ਡਾਇਵਰਸਿਟੀ, ਇਨਕਲੂਜਨ ਐਂਡ ਯੂਥ ਰੋਲ ਰੱਖਿਆ ਗਿਆ ਹੈ। ਇਸ ਵਿੱਚ ਐਲਜੀਬੀਟੀਕਿਊ ਨੀਤੀਆਂ ਨੂੰ ਵੀ ਸਾਮਲ ਕੀਤਾ ਗਿਆ ਹੈ। ਡੈਮੋਕ੍ਰੈਟਿਕ ਇੰਸਟੀਚਿਊਸਨਜ ਲਈ ਵੀ ਕੋਈ ਮੰਤਰੀ ਨਹੀਂ ਰਿਹਾ, ਜੋ ਸਖਸ ਪਹਿਲਾਂ ਇਹ ਭੂਮਿਕਾ ਨਿਭਾਅ ਰਿਹਾ ਸੀ ਹੁਣ ਉਸ ਸਖਸ ਕਰੀਨਾ ਗੋਲਡ ਕੋਲ ਇੰਟਰਨੈਸਨਲ ਡਿਵੈਲਪਮੈਂਟ ਮੰਤਰਾਲਾ ਹੈ। ਕੈਂਸਰ ਦਾ ਇਲਾਜ ਚੱਲਦਾ ਹੋਣ ਦੇ ਬਾਵਜੂਦ ਡੋਮੀਨੀਕ ਲੀਬਲਾਂਕ ਨੂੰ ਕੁਈਨਜ ਪ੍ਰਿਵੀ ਕਾਉਂਸਲ ਆਫ ਕੈਨੇਡਾ ਦਾ ਪ੍ਰੈਜੀਡੈਂਟ ਥਾਪਿਆ ਗਿਆ ਹੈ। ਇਹ ਵੀ ਉਮੀਦ ਕੀਤੀ ਜਾ ਰਹੀ ਹੈ ਕਿ ਡੈਮੋਕ੍ਰੈਟਿਕ ਇੰਸਟੀਚਿਊਸਨਜ ਵਾਲੀ ਫਾਈਲ ਹੁਣ ਲੀਬਲਾਂਕ ਕੋਲ ਹੀ ਰਹੇਗੀ।

ਜੀਨ-ਯਵੇਸ ਡਕਲਸ ਨੂੰ ਖਜਾਨਾ ਬੋਰਡ ਦਾ ਪ੍ਰੈਜੀਡੈਂਟ ਬਣਾਇਆ ਗਿਆ ਹੈ ਤੇ ਪੈਟੀ ਹਾਜਦੂ ਸਿਹਤ ਮਹਿਕਮਾ ਸਾਂਭਣਗੇ। ਅਹਿਮਦ ਹੁਸੈਨ ਫੈਮਿਲੀਜ, ਚਿਲਡਰਨ ਐਂਡ ਸੋਸਲ ਡਿਵੈਲਪਮੈਂਟ ਮੰਤਰੀ ਹੋਣਗੇ, ਫਿਸਰੀਜ ਐਂਡ ਓਸਨਜ ਐਂਡ ਕੈਨੇਡੀਅਨ ਕੋਸਟ ਗਾਰਡ ਮੰਤਰੀ ਬਰਨਾਡੈੱਟ ਜੌਰਡਨ ਹੋਣਗੇ, ਸੀਮਸ ਓਰੀਗਨ ਨੂੰ ਕੁਦਰਤੀ ਵਸੀਲਿਆਂ ਦੇ ਵਿਕਾਸ ਸਬੰਧੀ ਮਹਿਕਮਾ ਦਿੱਤਾ ਗਿਆ ਹੈ। ਫਿਲੋਮੈਨਾ ਤਾਸੀ ਲੇਬਰ ਮੰਤਰੀ ਦੀ ਭੂਮਿਕਾ ਵਿੱਚ ਨਜਰ ਆਉਣਗੇ, ਕਾਰਲਾ ਕੁਆਲਤਰੋ ਨੂੰ ਇੰਪਲਾਇਮੈਂਟ, ਵਰਕਫੋਰਸ ਡਿਵੈਲਪਮੈਂਟ ਮੰਤਰੀ ਬਣਾਇਆ ਗਿਆ ਹੈ।

ਪੰਜ ਐਮਪੀਜ ਜਿਹੜੇ ਪਿਛਲੀ ਸਰਕਾਰ ਦਾ ਹਿੱਸਾ ਸਨ ਉਨ੍ਹਾਂ ਨੂੰ ਕੈਬਨਿਟ ਮੰਤਰੀ ਬਣਾਇਆ ਗਿਆ ਹੈ, ਜਿਨ੍ਹਾਂ ਵਿੱਚ ਮਾਰਕੋ ਮੈਂਡੀਸਿਨੋ ਨੂੰ ਇਮੀਗ੍ਰੇਸਨ,ਰਫਿਊਜੀਜ ਐਂਡ ਸਿਟੀਜਨਸਿਪ ਮੰਤਰੀ, ਸੀਨੀਅਰਜ ਲਈ ਨਵੇਂ ਮੰਤਰੀ ਡੈੱਬ ਸੁਲਤੇ, ਨੌਰਦਰਨ ਅਫੇਅਰਜ ਲਈ ਡੈਨ ਵੈਂਡਾਲ ਨੂੰ ਨਿਯੁਕਤ ਕੀਤਾ ਗਿਆ ਹੈ। ਮਾਰਕ ਮਿੱਲਰ ਇੰਡੀਜੀਨਸ ਸਰਵਿ-ਸਿਜ ਮੰਤਰਾਲਾ ਸਾਂਭਣਗੇ, ਮਿਡਲ ਕਲਾਸ ਪ੍ਰੌਸਪੈਰਿਟੀ ਦੇ ਨਾਲ ਨਾਲ ਫਾਇਨਾਂਸ ਮੰਤਰੀ ਮੋਨਾ ਫੋਰਟੀਅਰ ਨੂੰ ਬਣਾਇਆ ਗਿਆ ਹੈ। ਪਬਲਿਕ ਸਰਵਿਸ ਐਂਡ ਪ੍ਰੋਕਿਓਰਮੈਂਟ ਮੰਤਰਾਲਾ ਅਨੀਤਾ ਆਨੰਦ ਨੂੰ ਦਿੱਤਾ ਗਿਆ ਹੈ। ਸਟੀਵਨ ਗਿਲਬੌਲਟ ਹੈਰੀਟੇਜ ਮੰਤਰੀ ਹੋਣਗੇ। ਨਵਾਂ ਮੰਤਰਾਲਾ ਡਿਜੀਟਲ ਗਵਰਮੈਂਟ ਜੌਇਸ ਮੁਰੇਅ ਨੂੰ ਸੌਂਪਿਆ ਗਿਆ ਹੈ। ਨਵਦੀਪ ਬੈਂਸ ਮਨਿਸਟਰ ਆਫ ਇਨੋਵੇਸਨ, ਸਾਇੰਸ ਐਂਡ ਇੰਡਸਟਰੀ ਰਹਿਣਗੇ। ਮੈਰੀ ਐਨਜੀ ਕੋਲ ਸਮਾਲ ਬਿਜਨਸ, ਐਕਪੋਰਟ ਪ੍ਰਮੋਸਨ ਰਹੇਗਾ। ਉਨ੍ਹਾਂ ਨੂੰ ਇੰਟਰਨੈਸਨਲ ਟਰੇਡ ਮੰਤਰਾਲੇ ਦੀ ਜਿੰਮੇਵਾਰੀ ਵੀ ਦਿੱਤੀ ਗਈ ਹੈ। ਵੂਮਨ ਐਂਡ ਜੈਂਡਰ ਇਕੁਆਲਿਟੀ ਮੰਤਰਾਲਾ ਮਰੀਅਮ ਮੁਨਸਫ ਕੋਲ ਰਹੇਗਾ ਤੇ ਇਸ ਦੇ ਨਾਲ ਹੀ ਰੂਰਲ ਇਕਨੌਮਿਕ ਡਿਵੈਲਪਮੈਂਟ ਮੰਤਰਾਲਾ ਵੀ ਉਨ੍ਹਾਂ ਨੂੰ ਹੀ ਦਿੱਤਾ ਗਿਆ ਹੈ। ਡੇਵਿਡ ਲੈਮੇਟੀ ਨਿਆਂ ਤੇ ਅਟਾਰਨੀ ਜਨਰਲ ਰਹਿਣ-ਗੇ। ਬਿੱਲ ਮੌਰਨੀਊ ਵਿੱਤ ਮੰਤਰੀ ਦਾ ਅਹੁਦਾ ਸਾਂਭੀ ਰੱਖਣਗੇ। ਕੈਰੋਲੀਨ ਬੈਨੇਟ ਕ੍ਰਾਊਨ ਇੰਡੀਜੀਨਸ ਰਿਲੇਸਨ ਮੰਤਰੀ ਬਣੇ ਰਹਿਣਗੇ, ਐਗਰੀਕਲਚਰ ਐਂਡ ਐਗਰੀਫੂਡ ਮੈਰੀ ਕਲਾਡੇ ਬਿਬਿਊ ਕੋਲ ਹੀ ਰਹਿਣ ਦਿੱਤਾ ਗਿਆ ਹੈ, ਟਰਾਂਸਪੋਰਟ ਮੰਤਰੀ ਮਾਰਕ ਗਾਰਨਿਊ ਹੀ ਰਹਿਣਗੇ, ਨੈਸਨਲ ਰੈਵਨਿਊ ਡਿਆਨੇ ਲੇਬੌਥਿਲੀਅਰ ਕੋਲ ਹੀ ਰਹੇਗਾ, ਨੈਸਨਲ ਡਿਫੈਂਸ ਮਹਿਕਮਾ ਹਰਜੀਤ ਸੱਜਣ ਕੋਲ ਹੀ ਰਹਿਣ ਦਿੱਤਾ ਗਿਆ ਹੈ ਤੇ ਵੈਟਰਨ ਅਫੇਅਰਜ ਮੰਤਰੀ ਐਂਡ ਐਸੋਸਿਏਟ ਮਨਿਸਟਰ ਆਫ ਨੈਸਨਲ ਡਿਫੈਂਸ ਲਾਰੈਂਸ ਮੈਕੌਲੇ ਹੀ ਰਹਿਣਗੇ।

## ਪੰਜਾਬ ਵਿੱਚ ਵਕਫ ਦੀਆਂ ਜਾਇਦਾਦਾਂ ਉੱਤੇ ਭਾਰਤ ਵਿੱਚ ਸਭ ਤੋਂ ਵੱਧ 5610 ਕਬਜ਼ੇ

ਨਵੀਂ ਦਿੱਲੀ, 20 ਨਵੰਬਰ (ਪੋਸਟ ਬਿਊਰੋ)- ਸਾਰੇ ਭਾਰਤ ਵਿੱਚ 18 ਹਜ਼ਾਰ ਤੋਂ ਵੱਧ ਵਕਫ ਜਾਇਦਾਦਾਂ 'ਤੇ ਨਾਜਾਇਜ਼ ਕਬਜ਼ੇ ਹੋਏ ਹਨ ਅਤੇ ਇਨ੍ਹਾਂ ਵਿੱਚੋਂ 1300 ਤੋਂ ਵੱਧ ਜਾਇਦਾਦਾਂ ਸਰਕਾਰੀ ਵਿਭਾਗਾਂ ਜਾਂ ਏਜੰਸੀਆਂ ਦੇ ਕਬਜ਼ੇ ਹੇਠਾਂ ਹਨ। ਇਹ ਜਾਣਕਾਰੀ ਕੇਂਦਰੀ ਵਕਫ ਕੌਂਸਲ ਨੇ ਸੂਚਨਾ ਅਧਿਕਾਰ ਬਾਰੇ ਕਾਨੂੰਨ (ਆਰ ਟੀ ਆਈ) ਹੇਠ ਦਾਇਰ ਕੀਤੀ ਗਈ ਇੱਕ ਅਰਜ਼ੀ ਦੇ ਜਵਾਬ ਵਿੱਚ ਬਾਕਾਇਦਾ ਤੌਰ ਉੱਤੇ ਦਿੱਤੀ ਹੈ। ਘੱਟ ਗਿਣਤੀਆਂ ਦੇ ਕੰਮਾਂ ਬਾਰੇ ਵਿਭਾਗ ਦੇ ਹੇਟ ਆਉਂਦੀ ਸੰਸਥਾ ਵਕਫ ਕੌਂਸਲ ਦੇ ਮੁਤਾਬਕ ਭਾਰਤ ਦੇ ਵੱਖ-ਵੱਖ ਰਾਜਾਂ ਅਤੇ ਕੇਂਦਰ ਸ਼ਾਸਿਤ ਪ੍ਰਦੇਸ਼ਾਂ ਵਿੱਚ ਕੁੱਲ 18280 ਵਕਫ ਜਾਇਦਾਦਾਂ ਉੱਤੇ ਨਾਜਾਇਜ਼ ਕਬਜ਼ੇ ਹਨ। ਵਕਫ ਕੌਂਸਲ ਦਾ ਕਹਿਣਾ ਹੈ ਕਿ 16931 ਵਕਫ ਜਾਇਦਾਦਾਂ ਨਿੱਜੀ ਅਦਾਰਿਆਂ ਜਾਂ ਵਿਅਕਤੀਆਂ ਦੇ ਕਬਜ਼ੇ ਹੇਠ ਹਨ, ਜਦੋਂ ਕਿ 1349 ਜਾਇਦਾਦਾਂ ਸਰਕਾਰੀ ਵਿਭਾਗਾਂ ਜਾਂ ਏਜੰਸੀਆਂ ਦੇ ਨਾਜਾਇਜ਼ ਕਬਜ਼ੇ ਹੇਠ ਹਨ। ਪੰਜਾਬ ਵਿੱਚ ਸਭ ਤੋਂ ਵੱਧ 5610 ਵਕਫ ਜਾਇਦਾਦਾਂ ਨਾਜਾਇਜ਼ ਕਬਜ਼ੇ ਦੀ ਮਾਰ ਹੇਠ ਹਨ। ਮੱਧ ਪ੍ਰਦੇਸ਼ ਵਿੱਚ 3240 ਜਾਇਦਾਦਾਂ, ਪੱਛਮੀ ਬੰਗਾਲ 3082 ਅਤੇ ਤਾਮਿਲ ਨਾਡੂ ਵਿੱਚ 1335 ਜਾਇਦਾਦਾਂ 'ਤੇ ਨਿੱਜੀ ਅਦਾਰਿਆਂ ਜਾਂ ਵਿਅਕਤੀਆਂ ਦੇ ਨਾਜਾਇਜ਼ ਕਬਜ਼ੇ ਹਨ। ਦੇਸ਼ ਦੀ ਰਾਜਧਾਨੀ ਦਿੱਲੀ ਵਿੱਚ 373 ਵਕਫ ਜਾਇਦਾਦਾਂ 'ਤੇ ਨਿੱਜੀ ਅਦਾਰਿਆਂ ਜਾਂ ਵਿਅਕਤੀਆਂ ਦਾ ਨਾਜਾਇਜ਼ ਕਬਜ਼ਾ ਹੈ।

BEST CANADIAN TRUCK & FORKLIFT TRAINING CENTRE
Registered as a Private Career College Under the Private Career College Act. 2005
Best Canadian Truck & Forklift Training Centre
ਟਰੱਕ ਡਰਾਈਵਿੰਗ ਦੀ ਟ੍ਰੇਨਿੰਗ ਹਰ ਰੋਜ ਦਿਤੀ ਜਾਂਦੀ ਹੈ
Open Seven Days
- AZ Tractor trailer program
- Manual transmission & backup training everyday
- We welcome welfare workers & compensation clients
Forklift Re-Certification Only $69.00/-
Karnail Singh
416.670.3173 | 905.799.7333
27 Edvac Dr, Brampton, ON L6S 5X8

ਕੈਨੇਡੀਅਨ ਪੰਜਾਬੀ ਪੋਸਟ
Award winning news paper | Canadian Punjabi Post
Punjabipost.ca
905-793-2202
27 Armthorpe Rd #3,
Brampton, L6T 5M4

| | |
|---|---|
| Founder Editor | Jagdish Singh Grewal |
| Managing Director | Parminder Kaur Grewal |
| Contributing Editors | Karam Singh Punia<br>Gyan Singh; Angrej Singh |
| Office Admin | Priya Sodhi |
| Marketing Executives | Priya Sodhi<br>Kamaljeet Kaur |
| Graphic Designer | Satnam Singh |
| Photographer | Kanwaljit Singh Kanwal |
| Distributer | Aman Warraich |

Punjabi Post is a daily newspaper, published *Monday to Friday*. Advertiser is solely responsible for the ads content, releasing Punjabi post from any and all liability arising from Advertiser's use of the ads/advertising materials as permitted in an Agreement or IO. The opinions expressed in the articles & columns are those of the writers, editors or any other staff member at Punjabi post assume no responsibility of any kind. Thank you.

A-One Drivers
TRAINING SCHOOL
G2, G ਦੀ ਹਿੰਦੀ, ਪੰਜਾਬੀ ਉਰਦੂ, ਅੰਗਰੇਜ਼ੀ ਭਾਸ਼ਾਵਾਂ ਦੇ ਵਿੱਚ ਪ੍ਰੋਫੈਸ਼ਨਲ ਤਰੀਕੇ ਨਾਲ ਟਰੇਨਿੰਗ ਦਿੱਤੀ ਜਾਂਦੀ ਹੈ
ਨਰਵਸ ਡਰਾਈਵਰ ਹੋ ਜਾਂ ਬਾਰ ਬਾਰ ਫੇਲ ਹੋਣ ਤੋਂ ਬਚਣ ਲਈ ਕਾਲ ਕਰ ਸਕਦੇ ਹੋ
ਫਰੀ ਪਿਕਅਪ
Best Rates For Lessons
] ਮੁਫਤ ਪਿਕਅਪ ਅਤੇ ਡਰਾਪ ਆਫ
] ਫੁੱਲ ਕੋਰਸ ਨਾਲ ਇੰਸ਼ੋਰੈਂਸ ਡਿਸਕਾਊਂਟ ਸਰਟੀਫਿਕੇਟ
] ਬਰੈਂਪਟਨ, ਮਿਸੀਸਾਗਾ ਦੇ ਇਲਾਕੇ ਵਿੱਚ ਸੇਵਾਵਾਂ
] ਵਾਜਿਬ ਕੀਮਤ
ਲੇਡੀ ਇੰਸਟ੍ਰਕਟਰ
647-998-7500 ਬਲਵਿੰਦਰ

G MEDIA GROUP PRESENTS
RADIO RAMZ PUNJABI
AN EXPRESSION OF THE COMMUNITY
Ramz Punjabi RADIO & TV
FM 91.9
EVERYDAY 1PM TO 2PM
HOST - HARJINDER SINGH GILL
647.400.6862 | RAMZPUNJABI@GMAIL.COM | WWW.RAMZPUNJABI.COM

Aikam MEDIA GROUP
Radio Punjab
Monday to Friday
2:00PM to 3:00PM on 89.5 FM
Aikam TV
Every Saturday on Vision TV
Canada Wide
10:00PM to 11:00PM EST
7:00PM to 8:00PM PST
Aikam Arts Academy
Learn Indian Classical Music
Instruments
Folk Dances
Amarjit S Rai
www.aikam.com
For Advertisement on Radio & TV or Learn Indian Classical Music, Instruments and Folk Dances
905-612-1313 info@aikam.com

PUNJABI RANG RADIO
CAIO 530AM
11pm-12am
Every Saturday
Chamkaur Singh
Producer/ Host
Cell: 416 662 1313
Email: punjabirang13@hotmail.com

GUNTAAS RADIO AM 530
Monday to Friday 10am to 11am
Jaswinder Kaur Taggar
jaswindertaggar3@yahoo.ca
647-765-2340 • For Marketing 647-656-6648

# ਯਾਦਗਾਰੀ ਹੋ ਨਿਬੜਿਆ ਟੋਰਾਂਟੋ ਦਾ ਕੌਮਾਂਤਰੀ ਸਰਬ-ਸਾਂਝਾ ਪੰਜਾਬੀ ਕਵੀ ਦਰਬਾਰ




ਟੋਰਾਂਟੋ (ਹੀਰਾ ਰੰਧਾਵਾ)- ਰਾਮਗੜੀਆ ਸਿੱਖ ਫਾਉਂਡੇਸ਼ਨ ਆਫ ਉਨਟੈਰੀਓ ਟਾਰੀਓ ਵਲੋਂ ਸ੍ਰੀ ਗੁਰੂ ਨਾਨਕ ਦੇਵ ਜੀ ਦੇ 550ਵੇਂ ਪ੍ਰਕਾਸ਼ ਪੁਰਬ ਨੂੰ ਸਮਰਪਿਤ ਇੱਕ ਰੋਜ਼ਾ ਅੰਤਰਰਾਸ਼ਟਰੀ ਸਰਬ ਸਾਂਝਾ ਕਵੀ ਦਰਬਾਰ ਬਰੈਂਪਟਨ ਦੇ ਸੈਚੁੰਰੀ ਗਾਰਡਨ ਰੀਕ੍ਰੇਸ਼ਨ ਕੰਪਲੈਕਸ 'ਚ ਕਰਵਾਇਆ ਗਿਆ, ਜਿਸ 'ਚ ਵੱਖ-ਵੱਖ ਦੇਸ਼ਾਂ 'ਚ ਵਸਦੇ ਕਵੀਆਂ ਨੇ ਹਿੱਸਾ ਲਿਆ। ਡਾ. ਪ੍ਰਗਟ ਸਿੰਘ ਬੱਗਾ ਨੇ ਗੁਰੂ ਨਾਨਕ ਦੀ ਬਾਰੇ ਬੋਲਦਿਆਂ ਆਪਣੇ ਵਿਲੱਖਣ ਅੰਦਾਜ਼ ਨਾਲ ਸਭ ਨੂੰ ਜੀ ਆਇਆਂ ਕਿਹਾ। ਮੁੱਖ ਮਹਿਮਾਨ ਦੇ ਤੌਰ 'ਤੇ ਪਹੁੰਚੇ ਭਾਰਤੀ ਕਾਸਲੇਟ ਜਨਰਲ ਟੋਰਾਂਟੋ ਦੇ ਮੁੱਖ ਅਧਿਕਾਰੀ ਬੀਬੀ ਅਪੂਰਮਾ ਸ੍ਰੀਵਾਸਤਵ ਨੇ ਭਾਰਤ ਸਰਕਾਰ ਵਲੋਂ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਪੁਰਬ ਨੂੰ ਸ਼ਤਾਬਦੀ ਦੇ ਰੂਪ 'ਚ ਮਨਾਉਂਦਿਆਂ ਦੇਸ਼ ਦੇ ਵੱਖ-ਵੱਖ ਹਿੱਸਿਆਂ 'ਚ ਕਰਵਾਏ ਪ੍ਰੋਗਰਾਮਾਂ ਲਈ ਸਰਕਾਰ ਦੀ ਸ਼ਲਾਘਾ ਕੀਤੀ। ਉਨ੍ਹਾਂ ਆਖਿਆ ਕਿ ਸ੍ਰੀ ਗੁਰੂ ਨਾਨਕ ਦੇਵ ਜੀ ਸਿਰਫ ਸਿੱਖਾਂ ਦੇ ਹੀ ਨਹੀਂ, ਉਹ ਤਾਂ ਹਿੰਦੂਆਂ ਅਤੇ ਮੁਸਲਮਾਨਾਂ ਦੇ ਵੀ ਸਾਂਝੇ ਗੁਰੂ ਸਨ।

ਇਸ ਮੌਕੇ ਸਿੱਖ ਵਿਦਵਾਨ ਪੂਰਨ ਸਿੰਘ ਪਾਂਧੀ, ਸਾਬਕਾ ਸੰਸਦ ਮੈਂਬਰ ਸ. ਗੁਰਬਖ਼ਸ਼ ਸਿੰਘ ਮੱਲ੍ਹੀ ਨੇ ਆਖਿਆ ਕਿ ਅੱਜ ਜਾਤਾਂ-ਪਾਤਾਂ ਅਤੇ ਊਚ-ਨੀਚ ਵਾਲੇ ਝੰਜਟਾਂ 'ਚੋਂ ਨਿਕਲ ਕੇ ਸਾਨੂੰ ਸ਼ਬਦ ਗੁਰੂ ਦੀ ਪ੍ਰੀਭਾਸ਼ਾ ਸਮਝਣੀ ਚਾਹੀਦੀ ਹੈ। ਭਾਰਤ ਤੋਂ ਪਹੁੰਚੇ ਨਾਮਧਾਰੀ ਸੰਪਰਦਾ ਜੀਵਨ ਨਗਰ (ਹਰਿਆਣਾ) ਦੇ ਮੁਖੀ ਠਾਕੁਰ ਦਲੀਪ ਸਿੰਘ ਨੇ ਬੋਲਦਿਆਂ ਆਖਿਆ ਕਿ ਜਿਸ ਤਰ੍ਹਾਂ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਆਪਣੇ ਜੀਵਨ 'ਚ ਸਾਰੇ ਧਰਮਾਂ ਨੂੰ ਇਕੱਠਾ ਕਰ ਕੇ ਰੱਖਿਆ, ਸਾਨੂੰ ਸਾਰਿਆਂ ਨੂੰ ਉਸੇ ਤਰ੍ਹਾਂ ਇਕੱਠੇ ਰਹਿਣਾ ਚਾਹੀਦਾ ਹੈ।

ਸਮਾਗਮ ਦੀ ਸ਼ੁਰੂਆਤ ਸਕੂਲ ਦੇ ਬੱਚਿਆਂ ਮਨਦੀਪ ਕਮਲ ਅਤੇ ਬੇਟੀਆਂ ਵਲੋਂ ਇਕ ਧਾਰਮਿਕ ਗੀਤ ਨਾਲ ਕੀਤੀ ਗਈ ਜਿਸ ਉਪਰੰਤ ਕੈਨੇਡਾ ਅਤੇ ਭਾਰਤ ਦੇ ਕੌਮੀ ਤਰਾਨੇ ਵੀ ਗਾਏ ਗਏ। ਬਰੈਂਪਟਨ ਤੋਂ ਐਮ ਪੀ ਰੂਬੀ ਸਹੋਤਾ ਨੇ ਵੀ ਆਪਣੀ ਹਾਜ਼ਰੀ ਲਗਾਉਂਦੇ ਹੋਏ ਸਭ ਨੂੰ ਗੁਰੂ ਨਾਨਕ ਪਾਤਸ਼ਾਹ ਦੇ 550ਵੇਂ ਪ੍ਰਕਾਸ਼ ਦਿਵਸ ਦੀਆਂ ਮੁਬਾਰਕਾਂ ਪੇਸ਼ ਕੀਆਂ।

ਕਵੀ ਦਰਬਾਰ ਵਿੱਚ ਮਨਜੀਤ ਇੰਦਰਾ, ਪਰਮਜੀਤ ਕੌਰ ਦਿਓਲ, ਸੋਏਬ ਸਦੀਕ, ਰਵਿੰਦਰ ਸਿੰਘ ਸਹਿਰਾਅ, ਕੁਮਾਰ ਜਗਦੇਵ ਬਰਾੜ, ਸੁਰਿੰਦਰ ਪਾਮਾ, ਮਾਲਵਿੰਦਰ ਸਿੰਘ, ਜਗੀਰ ਸਿੰਘ ਕਾਹਲੋਂ, ਸੰਜੀਵ ਧਵਨ, ਸਤਨਾਮ ਕੌਰ ਚੌਹਾਨ, ਸ਼ਹੀਨਾ ਕਸ਼ਯਪ, ਅਜਮੇਸ ਸਿੰਘ ਪ੍ਰਦੇਸੀ, ਮਕਸੂਦ ਚੌਧਰੀ, ਇਕਬਾਲ ਮਾਹਲ, ਜੈਕਾਰ ਲਾਲ ਦੁੱਗਲ, ਜਸਬੀਰ ਸਿੰਘ ਸੈਂਭੀ, ਜਸਵਿੰਦਰ ਸਿੰਘ ਬੁੱਚੋ, ਹੀਰਾ ਰੰਧਾਵਾ, ਤਲਵਿੰਦਰ ਸਿੰਘ ਮੰਡ, ਪ੍ਰਵੀਨ ਸੁਲਾਤਾਨਾ, ਮਹਿੰਦਰ ਸਿੰਘ ਕੁੰਦੀ, ਜਰਨੈਲ ਸਿੰਘ ਮਠਾੜੂ, ਹਰਦਿਆਲ ਸਿੰਘ ਝੀਤਾ, ਰਵਿੰਦਰ ਸਿੰਘ ਸਾਦ, ਹਰਵਿੰਦਰ ਚੀਮਾ, ਗੁਰਚਰਨ ਸਿੰਘ ਦੁਬਈ, ਦਿਲਬਾਗ ਸਿੰਘ ਦੇਵਗਨ, ਕਰਨ ਅਜੈਬ ਸਿੰਘ ਸੰਘਾ, ਚੈਟੀ ਕਾਲੀਆ, ਸੁਰਜੀਤ ਕੌਰ, ਉਂਕਾਰਪ੍ਰੀਤ, ਕੁਲਵਿੰਦਰ ਖਹਿਰਾ, ਕਰਨੈਲ ਸਿੰਘ ਮਰਵਾਹਾ, ਕਰਮਜੀਤ ਸਿੰਘ ਬੱਗਾ, ਹਰਜਿੰਦਰ ਪੱਤਲ ਆਦਿ ਨੇ ਬਾਬਾ ਨਾਨਕ ਦੀ ਮਹਿਮਾ 'ਚ ਕਵਿਤਾਵਾਂ ਅਤੇ ਵਿਚਾਰ-ਚਰਚਾ ਵਿੱਚ ਭਾਗ ਲਿਆ।

ਸਮੁੱਚੇ ਸਮਾਗਮ ਦੌਰਾਨ ਸਟੇਜ ਦੀ ਕਾਰਵਾਈ ਹਰਦਿਆਲ ਸਿੰਘ ਝੀਤਾ ਨੇ ਨਿਭਾਈ। ਸਮਾਗਮ ਦੇ ਅੰਤ ਵਿੱਚ ਸੰਸਥਾ ਦੇ ਚੇਅਰਮੈਨ ਦਲਜੀਤ ਸਿੰਘ ਗੈਦੂ ਨੇ ਸਭ ਮਹਿਮਾਨ ਕਵੀਆਂ ਤੇ ਪੁੱਜੇ ਦਰਸ਼ਕਾਂ ਦਾ ਧੰਨਵਾਦ ਕੀਤਾ। ਇਸ ਮੌਕੇ ਹੋਰਾਂ ਤੋਂ ਇਲਾਵਾ, ਬਲਦੇਵ ਦੂਹੜੇ, ਰਿੰਟੂ ਭਾਟੀਆ, ਤਾਹਿਰ ਗੋਰਾ, ਸੁਰਿੰਦਰਜੀਤ ਕੌਰ,ਤਲਵਿੰਦਰ ਸਿੰਘ, ਪਿਆਰਾ ਸਿੰਘ ਕੁੱਦੋਵਾਲ, ਕਰਮਜੀਤ ਗਿੱਲ, ਸ਼ਿਵਰਾਜ ਸੰਨੀ, ਅਵਤਾਰ ਜੰਡੂ, ਬਲਜੀਤ ਕੌਰ, ਬਲਰਾਜ ਧਾਲੀਵਾਲ, ਸੁੰਦਰਪਾਲ ਰਾਜਾਸਾਂਸੀ ਵੀ ਹਾਜ਼ਿਰ ਸਨ। ਇਸ ਮੌਕੇ ਗੁਰਦਿਆਲ ਬੱਲ, ਬਲਰਾਜ ਦਿਓਲ (ਖ਼ਬਰਨਾਮਾ), ਸੁਖਿੰਦਰ ( ਸੰਵਾਦ), ਪ੍ਰਤੀਕ ਆਰਟਿਸਟ (ਪੰਜਾਬੀ ਟ੍ਰਿਬਿਊਨ), ਹਰਜੀਤ ਬਾਜਵਾ, ਚਮਕੌਰ ਮਾਛੀਕੇ, ਹਮਦਰਦ ਟੀ ਵੀ, ਦਰਸ਼ਨ ਟੀਵੀ, ਪੰਜਾਬੀ ਟ੍ਰਿਬਿਊਨ, ਡਾ ਸੁਖਦੇਵ ਸਿੰਘ ਝੰਡ (ਸਿੱਖ ਸਪੋਕਸਮੈਨ) ਸਮੇਤ ਜੀ ਟੀ ਏ ਵਿਚਲੇ ਪੰਜਾਬੀ ਦੇ ਇਲੈਕਟ੍ਰੋਨਿਕ ਤੇ ਪ੍ਰਿੰਟ ਮੀਡੀਆ ਤੋਂ ਪ੍ਰਤੀਨਿਧ ਹਾਜ਼ਰ ਸਨ।

## ਬਾਲ ਕਹਾਣੀ

## ਹਿੰਮਤ, ਹੌਂਸਲਾ ਅਤੇ ਆਤਮਵਿਸ਼ਵਾਸ ਹੀ ਸਫ਼ਲਤਾ ਦੀ ਕੁੰਜੀ ਹੈ





**ਸੁਰਜੀਤ ਸਿੰਘ ਫਲੋਰਾ**

ਹਵਾ ਦੇ ਝੱਖ ਤੇਜ ਹੁੰਦੇ ਜਾ ਰਹੇ ਸਨ ਤੇ ਦਰਖਤਾਂ ਦੇ ਸੁਕੇ ਪੱਤੇ ਝੜ੍ਹ ਝੜ੍ਹ ਕੇ ਜਮੀਨ ਤੇ ਇਕੱਠੇ ਹੋ ਰਹੇ ਸਨ। ਅਸਮਾਨ ਚਮਕਦਾਰ ਅਤੇ ਨੀਲਾ ਸੀ, ਜੁੰਗਨੂੰ ਨੇ ਨਵੀ ਪਤੰਗ ਆਪਣੇ ਵੱਡੇ ਭਰਾ ਦੀ ਮਦਦ ਨਾਲ ਬਣਾਇਆ। ਸੀ ਉਹ ਉਸ ਨੂੰ ਉਡਾਉਣ ਲਈ ਵਾਰ ਵਾਰ ਕਹਿ ਰਿਹਾ ਸੀ। ਪਤੰਗ ਅਜ਼ਮਾਉਣ ਲਈ ਮੌਸਮ ਵੀ ਸੁਹਾਵਣਾ ਸੀ। ਉਸਨੇ ਇਸਨੂੰ ਲਗਭਗ ਆਪਣੇ ਆਪ ਬਣਾ ਲਿਆ ਸੀ। ਸਿਰਫ਼ ਬਹੁਤ ਥੋੜ੍ਹੀ ਜਿਹੀ ਭਰਾ ਦੀ ਮਦਦ ਨਾਲ ਹੀ, ਭਰਾ ਨੇ ਲੱਕੜ ਦੀਆਂ ਸਟਿਕਸ ਉਸ ਨੂੰ ਕੱਟ ਕੇ ਦੇ ਦਿੱਤੀਆਂ ਅਤੇ ਹੀਰੇ ਦੀ ਸ਼ਕਲ ਵਿਚ ਮਿਲਾਉਣ ਵਿਚ ਸਹਾਇਤਾ ਕੀਤੀ.ਜੁੰਗਨੂੰ ਨੇ ਨੇ ਕਾਗਜ਼ ਨੂੰ ਕੱਟਿਆ ਅਤੇ ਪੇਂਟ ਕੀਤਾ। ਜੋ ਉਸਨੇ ਨੇ ਸੰਤਰੇ ਰੰਗ ਦੀ ਚੋਣ ਕੀਤੀ ਸੀ, ਸੂਰਜ ਦੀ ਤਰ੍ਹਾਂ ਚਮਕਦਾਰ। ਫਿਰ ਉਸਨੇ ਇੱਕ ਹੱਸਮੁਖ ਚਿਹਰੇ ਦਾ ਪੇਪਰ ਤੇ ਮੁਖੜਾਂ ਬਣਾਇਆ, ਨੀਲੀਆਂ ਅੱਖਾਂ, ਲਾਲ ਨੱਕ ਅਤੇ ਇੱਕ ਵੱਡਾ ਸਾਰਾ ਮੁਸਕਰਾਉਂਦਾ ਹੋਇਆ ਮੁਖੜਾ। ਧਿਆਨ ਨਾਲ, ਉਸ ਬਹੁਤ ਹੀ ਸਾਵਧਾਨੀ ਨਾਲ ਭਰਾ ਵਲੋਂ ਦਿੱਤੀਆਂ ਲੱਕੜ ਦੀਆਂ ਸਟਿਕਸ ਨੂੰ ਹੀਰੇ ਦੀ ਤਰ੍ਹਾਂ ਢਾਲ ਕੇ ਕਾਗਜ਼ ਨੂੰ ਉਸ ਨਾਲ ਫੋਲਡ ਕਰਕੇ ਗੂੰਦ ਨਾਲ ਜੋੜ ਦਿੱਤਾ। ਫਿਰ ਉਸ ਨੇ ਹੋਰ ਪੇਪਰ ਕੱਟ ਕੇ ਉਹਨਾਂ ਦੇ ਟੁਕੜਿਆਂ ਨੂੰ ਗੂੰਦ ਨਾਲ ਜੋੜ ਕੇ ਇਕ ਲੰਮੀ ਸਾਰੀ ਪੂੰਛ ਬਣਾਈ ਜੋ ਹੁਣ ਤਿਆਰ ਸੀ ਅਤੇ ਹਵਾ ਦੇ ਨਾਲ ਨਾਲ ਮੌਸਮ ਸੁਹਣਾ ਹੋਣ ਕਾਰਨ ਅਤੇ ਬਾਹਰ ਅਕਾਸ ਵਿਚ ਹੋਰ ਬਹੁਤ ਸਾਰੇ ਪਤੰਗਾ ਨੂੰ ਦੇਖ ਕੇ ਉਹ ਵੀ ਆਪਣੇ ਭਰਾ ਨੂੰ ਪਤੰਗ ਉਡਾਉਣਾ ਸਿਖਾਉਣ ਲਈ ਵਾਰ ਵਾਰ ਤੰਗ ਕਰ ਰਿਹਾ ਸੀ।

ਹੁਣ ਦੋਨੋਂ ਭਰਾ ਖੁਲ੍ਹੈ ਮੈਦਾਨ ਵਿਚ ਚਲੇ ਗਏ ਆਪੋ ਆਪਣੇ ਪਤੰਗਾ ਦੇ ਨਾਲ। ਹੁਣ ਭਰਾ ਨੇ ਪਹਿਲੇ ਹਵਾ ਦੇ ਬੁਲੇ ਨਾਲ ਪਤੰਗ ਦੀ ਡੋਰ ਖਿੱਚਦੇ ਹੋਏ ਹਵਾ ਵਿਚ ਪਤੰਗ ਨੂੰ ਪਹਿਰਾਉਂਦੇ ਹੋਏ ਪਤੰਗ ਨੂੰ ਅਕਾਸ਼ ਵੱਲ ਛੱਡ ਦਿੱਤਾ ਤੇ ਧਾਕੇ ਦੀ ਡੋਰ ਨੂੰ ਵੀ ਛੱਡਦਾ ਗਿਆ ਤੇ ਪਤੰਗ ਦੇਖਦੇ ਹੀ ਦੇਖਦੇ ਇੰਨੀ ਉਚਾਈ ਤੇ ਪਹੁੰਚ ਗਿਆ ਕਿ ਕਈ ਵਾਰ ਤਾਂ ਨਜ਼ਰਾ ਤੋਂ ਵੀ ਉਹਲੇ ਹੋ ਜਾਂਦਾ।

ਹੁਣ ਜੁਗਨੂੰ ਦੀ ਵਾਰੀ ਸੀ। ਭਰਾ ਨੇ ਪਤੰਗ ਨੂੰ ਧਰਤੀ ਤੇ ਉਪਰ ਚੁਕਦੇ ਹੋਏ ਜੁਗਨੂੰ ਨੂੰ ਡੋਰ ਨੂੰ ਖਿੱਚਣ ਲਈ ਕਿਹਾ। ਉਸ ਨੇ ਪਤੰਗ ਉਪਰ ਹਵਾ ਵਿਚ ਛੱਡ ਦਿੱਤਾ। ਪਰ ਪਤੰਗ ਉਪਰ ਜਾਣ ਦੀ ਵਜਾਏ ਹੇਠ ਘਾਹ ਵਿਚ ਡਿਗਦੇ ਹੋਏ ਘਾਹ ਦੀਆਂ ਜੜ੍ਹਾਂ ਵਿਚ ਫਸ ਗਿਆ।

ਜੁਗਨੂੰ ਰੁਕ ਗਿਆ। "ਕੀ ਗੱਲ ਹੈ? ਕੀ ਮੈਂ ਕੁਝ ਗਲਤ ਕੀਤਾ? ਉਸ ਨੇ ਭਰਾ ਨੂੰ ਸਵਾਲ ਕਰਦੇ ਹੋਏ ਪੁੱਛਿਆ? ਨਹੀਂ! ਚਲੋ ਫਿਰ ਕੋਸ਼ਿਸ਼ ਕਰਦੇ ਹਾਂ ਭਰਾ ਨੇ ਕਿਹਾ।"

ਪਰ ਕੋਈ ਫਰਕ ਨਹੀਂ ਪੈਂਦਾ ਕਿ ਉਸਨੇ ਕਿੰਨੀ ਵਾਰ ਕੋਸ਼ਿਸ਼ ਕੀਤੀ, ਪਤੰਗ ਜ਼ਮੀਨ ਤੋਂ ਨਹੀਂ ਉਪਰ ਨਹੀਂ ਉਠਿਆ।ਜਿਸ ਦਾ ਦੋਨੋਂ ਭਰਾਵਾਂ ਨੂੰ ਪਤਾ ਨਹੀਂ ਲੱਗ ਸਕਿਆ। ਫਿਰ ਅਚਾਨਕ ਜੁੰਗਨੂੰ ਨੇ ਇੱਕ ਬਰੀਕ ਜਿਹੀ ਆਵਾਜ਼ ਸੁਣੀ,

"ਮੈਂ ਉੱਡਣਾ ਨਹੀਂ ਚਾਹੁੰਦਾ, ਮੈਂ ਡਰਿਆ ਹੋਇਆ ਹਾਂ!"

ਜੁੰਗਨ ਨੇ ਵੇਖਿਆ ਕਿ ਉਹ ਆਵਾਜ਼ ਕਿੱਥੋਂ ਆਈ? ਉਸਨੇ ਇਹ ਫਿਰ ਸੁਣਿਆ.

"ਮੈਨੂੰ ਡਰ ਲੱਗ ਰਿਹਾ ਹੈ!"

"ਕੀ ਤੁਸੀਂ ਮੇਰੇ ਨਾਲ ਗੱਲ ਕੀਤੀ?" ਉਸਨੇ ਪਤੰਗ ਨਾਲ ਨਜ਼ਰਾ ਮਿਲਾਉਂਦੇ ਹੋਏ ਕਿਹਾ। ਉਸਨੇ ਪਤੰਗ ਨੂੰ ਪੁੱਛਿਆ। ਉਸਨੇ ਵੇਖਿਆ ਕਿ ਪਤੰਗ ਦਾ ਮੁਸਕਰਾਉਂਦਾ ਹੋਇਆਂ ਮੂੰਹ ਉਲਟਾ ਹੋ ਗਿਆ ਸੀ. "ਇੱਕ ਬੋਲਣ ਵਾਲੀ ਪਤੰਗ? ਤੁਹਾਨੂੰ ਕਿਸ ਗੱਲ ਦਾ ਡਰ ਹੈ? " ਜੁੰਗਨੂੰ ਨੇ ਪੁੱਛਿਆ,

"ਉਚਾਈ ਤੋਂ, ਜੁੰਗਨੂੰ ਨੇ ਜਵਾਬ ਵਿਚ ਕਿਹਾ। ਜੇ ਮੈਂ ਡਿੱਗਾਂ ਤਾਂ ਮੈਂ ਟੁੱਟ ਜਾਵਾਂਗਾ।

"ਹਵਾ ਤੁਹਾਨੂੰ ਉਪਰ ਅਕਾਸ਼ ਵਿਚ ਲੈ ਜਾਏਗੀ। ਮੈਂ ਇਹ ਨਿਸ਼ਚਤ ਕਰਾਂਗਾ ਕਿ ਤੁਸੀਂ ਡਿੱਗ ਨਾ ਪਵੋ, " ਜੁੰਗਨੂੰ ਨੇ ਪਤੰਗ ਨੂੰ ਭਰੋਸਾ ਦਿੰਦੇ ਹੋਏ ਕਿਹਾ।

"ਪਰ ਪੰਛੀ ਸ਼ਾਇਦ ਮੇਰੇ ਵੱਲ ਝਾਕਣਗੇ। ਇੱਕ ਰੁੱਖ ਦੀ ਟਹਿਣੀ ਮੈਨੂੰ ਠੇਸ ਪਹੁੰਚਾ ਸਕਦੀ ਹੈ। "ਪਤੰਗ ਦਾ ਮੂੰਹ ਹੋਰ ਵੀ ਮੁਰਝਾ ਗਿਆ ਸੀ।

"ਮੈਂ ਤੁਹਾਨੂੰ ਉਡਾਣ ਲਈ ਬਣਾਇਆ ਸੀ। ਪਰ ਤੁਸੀਂ ਇਕ ਮੁਰਗੇ ਦੀ ਤਰ੍ਹਾਂ ਡਰਪੋਕ ਨਿਕਲੇ ! "

"ਮੈਂ ਮੁਰਗਾ ਨਹੀਂ, ਪਤੰਗ ਹਾਂ।"

"ਠੀਕ ਹੈ, ਮੈਨੂੰ ਦਿਖਾਓ। ਉਪਰ ਸਾਰੇ ਉਡ ਰਹੇ ਪਤੰਗਾ ਨੂੰ ਵੀ ਦਿਖਾਉ ਕਿ ਤੁਸੀਂ ਵੀ ਉੱਡ ਸਕਦੇ ਹੋ। "

"ਸ਼ਾਇਦ ਮੈਂ ਇੰਨਾ ਉੱਚਾ ਨਾ ਉਡ ਕਕਦਾ ਹੋਵਾ?" ਮਹਿਸੂਸ ਜਿਹੀ ਆਵਾਜ਼ ਚੁੱਪ ਹੋ ਗਈ।

"ਮੈਂ ਸਿਰਫ ਧਾਗੇ ਦੀ ਡੋਰ ਜ਼ਿਆਦਾ ਨਹੀਂ ਛੱਡਾਗਾ, " ਜੁੰਗਨੂੰ ਨੇ ਵਾਅਦਾ ਕੀਤਾ. "ਤੁਸੀਂ ਦੇਖੋਗੇ, ਇਕ ਵਾਰ ਜਦੋਂ ਤੁਸੀਂ ਉਡਾਣ ਭਰਉਗੇ ਫਿਰ ਤੁਸੀਂ ਉਸ ਦੇ ਆਦੀ ਹੋ ਜਾਵੋਂਗੇ, ਤਾਂ ਇਹ ਮਜ਼ੇਦਾਰ ਅਤੇ ਤੂਹਨੂੰ ਬਹੁਤ ਸੁਹਾਵਣਾ ਲੱਗੇਗਾ।" ਜੁੰਗਨੂੰ ਨੇ ਉਸ ਨੂੰ ਭਰੋਸਾ ਅਤੇ ਹੱਲਾਂ ਸ਼ੇਰੀ ਦਿੰਦੇ ਹੋਏ ਕਿਹਾ।

ਅਗਲੀ ਕੋਸ਼ਿਸ਼ ਵਿਚ, ਪਤੰਗ ਜ਼ਮੀਨ ਤੋਂ ਪੰਜ ਫੁੱਟ ਉੱਚਾ ਉੱਠਿਆ. ਜੁੰਗਨੂੰ ਨੇ ਇਹ ਸੁਨਿਸ਼ਚਿਤ ਕਰ ਦਿੱਤਾ ਅਤੇ ਉਸ ਨੂੰ ਬਹੁਤ ਹੀ ਪਿਆਰ ਅਤੇ ਹੌਲੀ ਹੌਲੀ ਹੇਠਾਂ ਲਾਹ ਲਿਆ। ਪਤੰਗ ਇਹ ਦੇਖ ਕੇ ਖੁਸ਼ ਹੋ ਗਿਆ ਕਿ ਉਹ ਸਹੀਸਲਾਮਤ ਹੈ। ਉਸ ਦੇ ਕੋਈ ਵੀ ਝਰੀਟ ਤੱਕ ਨਹੀਂ ਸੀ ਆਈ।

"ਕਿਉਂ ਕਿਸ ਤਰ੍ਹਾਂ ਦਾ ਲੱਗਿਆ , " ਜੁੰਗਨੂੰ ਨੇ ਪਤੰਗ ਨੂੰ ਸਵਾਲ ਕਰਦੇ ਹੋਏ ਕਿਹਾ। ਇਹ ਇੰਨਾ ਬਹੁਤ ਬੁਰਾ ਵੀ ਨਹੀਂ ਸੀ ਜਿੰਨਾ ਮੈ ਸੋਚ ਰਿਹਾ ਸੀ," ਪਤੰਗ ਨੇ ਮੰਨਿਆ।

ਅਖੀਰ ਵਿੱਚ, ਹਵਾ ਦੇ ਇੱਕ ਵੱਡੇ ਬੁਲੇ ਨੇ ਪਤੰਗ ਨੂੰ ਨੀਲੇ ਬਦਲਾਂ ਤੱਕ ਪਹੁੰਚਾ ਦਿੱਤਾ। ਤੇ ਪਤੰਗ ਦੂਸਰੇ ਅਕਾਸ ਵਿਚ ਪਤੰਗਾਂ ਨੂੰ ਝੂੰਮਦੇ ਹੋਏ ਦੇਖ ਆਪਣੇ ਡਿਗੇ ਹੋਏ ਮੁਰਝਾਏ ਹੋਏ ਮੁਖੜੇ ਤੇ ਇਕ ਵਾਰ ਫਿਰ ਤੋਂ ਮੁਸਕਰਾਹਟ ਲੈ ਆਇਆ ਸੀ।

ਝਦ ਜੁੰਗਨੂੰ ਨੇ ਕਾਫ਼ੀ ਲੰਮੇ ਸਮੇਂ ਤੋਂ ਬਾਅਦ ਪਤੰਗ ਨੂੰ ਹੇਠਾਂ ਉਤਾਰਇਆਂ ਤਾਂ ਉਸ ਦਾ ਹੱਸਦਾ ਖੇੜਦਾ ਚਿਹਰਾ ਦੇਖ ਕੇ ਬਹੁਤ ਖੁਸ਼ ਹੋਇਆ ਅਤੇ ਪਤੰਗ ਨੂੰ ਕਹਿਣ ਲੱਗਿਆ , ਦੇਖਿਆ ਮੈਂ ਤੈਨੂੰ ਕਿਹਾ ਸੀ ਕਿ ਤੂੰ ਹਰ ਮੰਜ਼ਿਲ ਤਹਿ ਕਰ ਸਕਦਾ ਹੈ। ਪਰ ਹੌਸਲਾਂ ਅਤੇ ਹਿੰਮਤ ਰੱਖਣ ਦੀ ਲੋੜ ਹੈ।

ਬੱਚਿਉ ਕਦੇ ਵੀ ਕਿਸੇ ਕੰਮ ਤੋਂ ਡਰਨਾ ਜਾਂ ਝਿਜਕਣਾ ਨਹੀਂ ਚਹਿੰਦਾ, ਹਿੰਮਤ ਅਤੇ ਹੌਂਸਲੇ ਨਾਲ ਹਰ ਚੋਟੀ ਤੇ ਚੜ੍ਹਿਆਂ ਜਾ ਸਕਦਾ ਹੈ , ਸੋ ਕਦੇ ਵੀ ਸਾਨੂੰ ਆਪਣਾ ਸਵੇਮਾਨ , ਆਪਣਾ ਵਿਚਵਾਸ਼ ਤੋਂ ਡੋਲਣਾ ਨਹੀਂ ਚਾਹਿੰਦਾ।

647-829-9397

## ਬੁਕ ਰੀਵੀਊ

## 'ਸੁਪਨਿਆਂ ਦਾ ਪਿੱਛਾਂ ਕਰਦਿਆਂ' 'ਚੋ ਸੁਪਨਿਆਂ ਦੀ ਨਿਸ਼ਾਨਦੇਹੀ

-ਡਾ ਗੁਰਬਖ਼ਸ਼ ਸਿੰਘ ਭੰਡਾਲ-

ਸ਼ਾਇਰ ਮਲਵਿੰਦਰ ਦਾ ਨਵਾਂ ਕਾਵਿ ਸੰਗ੍ਰਹਿ 'ਸੁਪਨਿਆਂ ਦਾ ਪਿੱਛਾ ਕਰਦਿਆਂ' ਪੜਦਿਆਂ, ਸੁਪਨਿਆਂ ਦੀ ਤਾਸੀਰ, ਤਰਜ਼ੀਹ, ਤਮੰਨਾ ਅਤੇ ਤਦਬੀਰ ਦਾ ਅਹਿਸਾਸ ਜਾਗਦਾ ਹੈ। ਸੁਪਨੇ ਜਿਹੜੇ ਚੇਤਨ ਮਨ ਵਿਚ ਪੈਦਾ ਹੁੰਦੇ ਨੇ। ਸੁਪਨੇ ਜੋ ਸੁਚੇਤ ਵਿਅਕਤੀ ਦੇ ਮਨ ਵਿਚ ਮਨੁੱਖੀ ਲੋੜਾਂ/ਥੋੜਾਂ ਦੀ ਸੰਭਾਵੀ ਪੂਰਤੀ ਦੀ ਜਾਗ ਮਨ ਵਿਚ ਲਾਉਂਦੇ। ਸਾਡੇ ਸਮਿਆਂ ਦੀ ਕੇਹੀ ਤਰਾਸਦੀ ਹੈ ਕਿ ਅਸੀਂ ਸੁਪਨੇ ਲੈਣਾ ਹੀ ਭੁੱਲ ਗਏ ਹਾਂ। ਅਸੀਂ ਆਪਣੀ ਨੌਜਵਾਨ ਪੀਹੜੀ ਨੂੰ ਕਿਹੜੇ ਸੁਪਨੇ ਦੇ ਸਕਦੇ ਹਾਂ? ਮਲਵਿੰਦਰ ਬਹੁਤ ਸੁਚੇਤ ਹੈ। ਜਾਣਦਾ ਹੈ ਕਿ ਜਦ ਸੁਪਨਿਆਂ ਦੀ ਰੁੱਤ ਬੇਵਾ ਹੁੰਦੀ ਤਾਂ ਬੜਾ ਕੁਝ ਤਹਿਸ਼-ਨਹਿਸ਼ ਹੋ ਜਾਂਦਾ। ਮਨ ਵਿਚ ਉਗਦੀਆਂ ਨੇ ਉਜਾੜਾਂ, ਸੋਚਾਂ ਵਿਚ ਖੰਡਰ ਅਤੇ ਕਦਮਾਂ ਵਿਚ ਖੱਢਾਂ ਤੇ ਖਾਈਆਂ ਜੋ ਸਾਡੇ ਪੈਂਡਿਆਂ ਨੂੰ ਲੀਰਾਂ ਕਰ ਦਿੰਦੇ ਨੇ। ਮਲਵਿੰਦਰ ਬਹੁਤ ਸੰਵੇਦਨਸ਼ੀਲ। ਸੁਹਜਮਈ ਸ਼ਬਦਾਂ ਦਾ ਚਿਤੇਰਾ ਅਤੇ ਸੂਖਮ ਬੋਲਾਂ ਦਾ ਸ਼ਾਇਰ। ਉਸਦੀ ਕਵਿਤਾ ਵਿਚ ਮਨ ਦੀਆਂ ਉਹਨਾਂ ਤਹਿਆਂ ਦੀ ਕਲਾ-ਨਿਕਾਸ਼ੀ ਵੀ ਕੀਤੀ ਹੁੰਦੀ ਜਿਹੜੀ ਅਸੀਂ ਖੁਦ ਤੋਂ ਵੀ ਲੁਕੋਣ ਵਿਚ ਮਾਹਰ ਹਾਂ।

ਮਲਵਿੰਦਰ ਨੂੰ ਪਤਾ ਹੈ; 'ਆਮ ਬੰਦੇ ਲਈ ਬੜੇ ਖਤਰਨਾਕ ਹੁੰਦੇ ਨੇ ਸੁਪਨੇ' ਇਸ ਲਈ ਉਸਦੇ ਹਿਰਦੇ ਵਿਚ ਲੋਕ-ਮਨਾਂ ਵਿਚ ਵੱਸਦੇ ਸੁਪਨਿਆਂ ਦੀ ਅੱਖ ਖੋਲਣ ਦੀ ਲੋਚਾ ਹੈ ਅਤੇ ਉਹ ਲਿਖਦਾ ਹੈ 'ਜਗਾਈਏ ਉਹਨਾਂ ਸੁਪਨਿਆਂ ਨੂੰ ਸੌਣ ਵੇਲੇ ਜਿਹਨਾਂ ਨੇ ਦਸਤਕ ਦਿਤੀ ਸੀ' ਮਲਵਿੰਦਰ ਨੇ ਕਿੰਨਾ ਵੱਡਾ ਸੱਚ ਇਕ ਕਾਵਿ-ਸਤਰ ਵਿਚ 'ਕੱਲਿਆਂ ਹਰ ਸੁਪਨਾ ਨੁਕੀਲੀ ਚੁੱਪ ਵਰਗਾ ਹੁੰਦਾ'

ਕਹਿ ਕੇ ਖਾਮੋਸ਼ ਹੋ ਜਾਦਾ ਹੈ ਤਾਂ ਕਿ ਪਾਠਕ ਇਹਨਾਂ ਅਰਥਾਂ ਦੀ ਤਹਿ ਤੀਕ ਜਾ ਕੇ ਇਸਦੀ ਪੀੜਾ ਦਾ ਅੰਦਾਜ਼ਾ ਲਾਵੇ ਅਤੇ ਉਸ ਚੌਰਸ ਚੁੱਪ ਨੂੰ ਮਨ ਵਿਚੋਂ ਕੱਢਣ ਲਈ ਕੁਝ ਤਾਂ ਤਰਦੱਦ ਕਰੇ।

ਸ਼ਾਇਰ ਦੇ ਮਨ ਵਿਚ ਹੈ;
'ਦੂਰ ਤਕ ਜਾਵਾਂਗੇ
ਸੁਪਨਿਆਂ ਦਾ ਪਿੱਛਾ ਕਰਦਿਆਂ'
ਅਤੇ ਉਹਨਾਂ ਦੇ ਸੱਚ ਨੂੰ ਮੱਥਿਆਂ ਵਿਚ ਜਗਾਉਣ ਦਾ ਹੋਕਰਾ ਹੈ

ਜਿਹੜਾ ਉਹ ਇਸ ਕਾਵਿ-ਪੁਸਤਕ ਵਿਚ ਦੇ ਰਿਹਾ ਹੈ ਕਿਉਂਕਿ ਸਮਾਜਿਕ ਵਿਗਾੜ ਨੂੰ ਦੂਰ ਕਰਨ ਅਤੇ ਮਨੁੱਖ ਦੀਆਂ ਮੁੱਢਲੀਆਂ ਲੋੜਾਂ ਦੀ ਪੂਰਤੀ ਲਈ ਸਿਰਫ਼ ਲੋੜ ਹੈ;

'ਸਾਡੇ ਅੰਦਰੋਂ ਜਾਗ ਪੈਣ
ਭਗਤ, ਕਰਤਾਰ, ਸਰਾਭੇ ਦੇ ਸੁਤੰਤਰ ਸੁਪਨੇ'

ਸ਼ਬਦਾਂ ਵਿਚ ਸੁਹਜ, ਸੋਚ, ਸੰਵੇਦਨਾ ਅਤੇ ਸੂਖ਼ਮ ਭਾਵ ਪੈਦਾ ਕਰਨਾ, ਮਾਹੀਨ ਪਰਤਾਂ ਵਿਚ ਭਾਵਨਾਵਾਂ ਦੀ ਤਰਜਮਾਨੀ ਕਰਨ ਲਈ ਸ਼ਬਦ-ਸੂਝ ਦਾ ਹੋਣਾ ਅਤਿ ਜਰੂਰੀ। ਸ਼ਬਦ ਜੋ ਕਵਿਤਾ ਦੇ ਰੂਪ ਵਿਚ ਮਨ ਦੀਆਂ ਚੇਤਨਾਵਾਂ ਦਾ ਪ੍ਰਵਾਹ ਹੁੰਦਾ ਜੋ ਸਾਡੇ ਅਚੇਤ ਦਾ ਹਿੱਸਾ ਹੁੰਦੀਆਂ। ਕੋਮਲ-ਭਾਵੀ

ਮਲਵਿੰਦਰ ਦੇ ਹਰ ਸ਼ਬਦ ਵਿਚੋਂ ਕਵਿਤਾ ਅਤੇ ਅਰਥਾਂ ਦੀ ਬੇਮੁਹਾਰੀ ਆਬਸ਼ਾਰ ਵੱਗਦੀ ਹੈ ਜੋ ਮਨ ਵਿਚ ਬਹੁਤ ਸਾਰੇ ਪ੍ਰਸ਼ਨ ਪੈਦਾ ਕਰਦੀ ਹੈ ਜਿਹਨਾਂ ਦੇ ਜਵਾਬ ਲੱਭਣ ਲਈ ਮਨੁੱਖ ਨੂੰ ਖੁਦ ਦੇ ਰੁਬਰੁ ਹੋਣਾ ਹੀ ਪੈਣਾ।

'ਸ਼ਬਦ ਸ਼ਬਦ ਬਣਨਾ ਸੀ
ਜਿਨਾਂ ਕਵਿਤਾ ਅੱਖਰ ਅੱਖਰ ਕਿਰ ਗਏ ਚੇਤਿਆਂ 'ਚੋਂ'
ਪਰ ਯਾਦ ਰੱਖਣਾ ਕਿ ਕਿਰ ਗਏ,
'ਸ਼ਬਦ ਅੰਦਰ
ਮੌਲਦੀ ਚੁੱਪ
ਤੁੱਰਦੇ ਅਰਥਾਂ ਦੇ ਕਾਫ਼ਲੇ'

ਕਿੰਨਾ ਵੱਡਾ ਸੱਚ ਹੈ ਕਿ,
'ਜਾਗਦੇ ਮਨੁੱਖ ਦੀ ਮੁਥਾਜ ਹੈ ਕਵਿਤਾ'
ਕਵਿਤਾ ਖੁਦ ਤੋਂ ਖੁਦ ਤੀਕ ਦਾ ਸਫ਼ਰਨਾਮਾ ਹੀ ਹੈ। ਮਲਵਿੰਦਰ ਦੇ ਲਫ਼ਜ਼ਾਂ ਵਿਚ
'ਮੇਰਾ ਮੇਰੇ ਨਾਲ ਕੀ ਰਿਸ਼ਤਾ ਹੈ
ਕੀ ਰਿਸ਼ਤਾ ਹੈ ਕਵਿਤਾ ਨਾਲ' ਅਤੇ ਜਦ 'ਭੁੱਖ ਸ਼ਬਦਾਂ 'ਚ ਢਲਦੀ ਕਵਿਤਾ ਬਣ ਜਾਂਦੀ'

ਤਾਂ ਇਸਦੇ ਅਰਥਾਂ ਵਿਚੋਂ ਹੀ ਰੱਜ ਦਾ ਸੂਰਜ ਉਗਣਾ ਹੈ ਜਿਸਨੇ ਮਸਤਕ ਨੂੰ ਰੁਸ਼ਨਾਉਣਾ ਹੈ।

ਮਲਵਿੰਦਰ ਨੂੰ ਆਲੇ-ਦੁਆਲੇ ਵਿਚ ਫੈਲੇ ਕੂੜ-ਪਸਾਰੇ ਦੀ ਬਹੁਤ ਸੋਝੀ ਹੈ । ਤਾਂ ਹੀ ਉਹ ਕੂਕਦਾ ਹੈ; 'ਸੱਚ ਤੁਹਾਡੇ ਕੋਲ ਵੀ ਖਰਚ ਜੋਗਾ ਤੇ ਝੂਠ ਫਟੀ ਪੁਰਾਣੀ ਜ਼ਿੰਦਗੀ ਨੂੰ ਲੀਰਾਂ ਹੋਏ ਸਾਹਾਂ ਨੂੰ ਭਰਮਾਉਣ ਜੋਗਾ'

ਮਲਵਿੰਦਰ ਦਾ ਮੰਨਣਾ ਹੈ ਜੰਗ ਸਭ ਤੋਂ ਪਹਿਲਾਂ ਖੁਦ ਨਾਲ ਲੜਨੀ ਪਵੇਗੀ ਅਤੇ ਫਿਰ ਇਸ ਜੰਗ ਵਿਚੋਂ ਮਿੱਤਰਤਾ ਨੂੰ ਮਾਨਵੀ ਸੰਦੇਸ਼ ਬਣਾਉਣਾ ਹੋਵੇਗਾ। ਜੰਗ ਦੇ ਅਰਥਾਂ ਵਿਚੋਂ ਪਿਆਰ ਅਤੇ ਸ਼ਾਂਤੀ ਦਾ ਸੁਨੇਹਾ ਦੇਣ ਵਾਲਾ ਹੈ ਮਲਵਿੰਦਰ;

'ਜੰਗ ਲੜੀਏ
ਕਿ ਜੰਗ ਦੇ ਅਰਥ
ਮਿੱਤਰਤਾ ਹੋ ਜਾਣ'

ਅੱਗ ਵਿਚ ਸੁਲਘਦੇ ਜਜ਼ਬਾਤਾਂ ਨੂੰ ਜਦ ਚਿਤਾ ਦਾ ਨਸੀਬ ਮਿਲਦਾ ਤਾਂ ਕਵਿਤਾ ਕੂਕਦੀ;

'ਸੁਲਘਣਾ ਹੀ ਨਸੀਬ ਕਿਉਂ ਹੋ ਗਿਆ ਹੈ
ਹੁਸੀਨ ਵਾਦੀ ਦੇ ਮਹਿਕਦੇ ਬਾਗਾਂ ਨੂੰ'

ਮਲਵਿੰਦਰ ਬਹੁਤ ਹੀ ਪੀੜਤ। ਉਹ ਦਰਦਮੰਦਾਂ ਦੀ ਆਹੀਂ ਬਣ ਕੇ ਉਸ ਦਸਤਕ ਦਾ ਹੁੰਗਾਰਾ ਵੀ ਬਣਦਾ ਹੈ;

'ਬੂਹਿਆਂ ਤੇ
ਦਰਦ ਦੀ ਦਸਤਕ ਹੈ
ਪੀੜਤ ਮੁਦਰਾ 'ਚ ਹੈ
ਮੁਸਕਰਾਹਟ'

ਮਲਵਿੰਦਰ ਨੂੰ ਪਤਾ ਹੈ ਕਿ ਉਡੀਕ ਕਰਨਾ ਚੰਗਾ ਹੁੰਦਾ। ਪਰ ਜਦ ਉਡੀਕ ਆਸ ਨੂੰ ਹੀ ਬੇਵਫ਼ਾ ਬਣਾ ਦੇਵੇ ਤਾਂ ਫਿਰ ਚੁੱਪ ਦੇ ਸਫ਼ਰ 'ਤੇ ਤੁਰਨਾ ਪੈਂਦਾ;

'ਉਡੀਕ ਕੋਲ ਸਬਰ ਹੁੰਦਾ
ਸਿਦਕ ਹੂੰਦਾ ਸੰਤੋਖ ਹੁੰਦਾ'
ਅਤੇ
'ਚੁੱਪ ਦੇ ਸਫ਼ਰ 'ਤੇ
ਉਦਾਸੀ ਨੂੰ ਉਲੰਘ ਜਾਣਾ'

ਉਸਦੀ ਕਵਿਤਾ ਉਚਾ ਹੋਕਰਾ ਲਾਉਂਦੀ;

'ਗੁੰਗੇ ਵਕਤ ਦੇ ਪੀੜਤ ਬਸ਼ਿੰਦੋ
ਮੋਨ ਭੰਗ ਕਰੋ
ਕੁਝ ਤਾਂ ਧਿਆਨ ਧਰੋ'

ਅਤੇ ਅਖੀਰ ਵਿਚ ਜੋਦੜੀ ਰੂਪੀ ਅਰਥ-ਅਰਦਾਸ ਵੀ ਕਰਦਾ ਕਿ ਮਨ ਦੀਆਂ ਮੁਰਾਦਾਂ ਦੀ ਪੂਰਤੀ, ਫ਼ਿਜ਼ਾ ਦੀ ਮਹਿਕ ਦਾ ਰੂਪ ਧਾਰੇ।

'ਅਰਦਾਸ ਕਰੀਏ
ਤੇ ਯਤਨ ਵੀ ਕਰੀਏ
ਸੁਚੇ ਮਨ ਦੀਆਂ ਮੁਰਾਦਾਂ
ਹੋਣ ਪੂਰੀਆਂ'

ਸੁਪਨਿਆਂ ਦਾ ਪਿਛਾ ਕਰਨਾ, ਚੁੱਪ ਦੇ ਸਫ਼ਰ 'ਤੇ ਤੁੱਰਨਾ ਅਤੇ ਅਰਦਾਸ ਬਣ ਕੇ ਸੁਪਨ-ਪੂਰਤੀ ਦੇ ਸਫ਼ਰ ਨੂੰ ਸ਼ਬਦ-ਜੂਹ ਦੇ ਨਾਮ ਲਾਉਣ ਦਾ ਨਾਮ ਹੈ "ਸੁਪਨਿਆਂ ਦਾ ਪਿਛਾ ਕਰਦਿਆਂ" ਵਿਚਲੀ ਮਲਵਿੰਦਰ ਦੀ ਕਵਿਤਾ।

ਮਲਵਿੰਦਰ ਨੂੰ ਇਸ ਕਾਵਿ-ਸਫ਼ਰ ਲਈ ਮੁਬਾਰਕ ਅਤੇ ਅਗਲੇਰੇ ਪੜਾਅ ਲਈ ਦੁਆਵਾਂ। 'ਸੁਪਨਿਆਂ ਦਾ ਸੱਚ ਹਰੇਕ ਦਾ ਹਾਸਲ ਹੋਵੇ' ਦੀਆਂ ਆਸਾਂ ਮੰਗਦੀ, ਇਸ ਕਵਿਤਾ ਲਈ ਢੇਰ

## ਕਾਵਿਮਈ ਲੋਕ ਖੇਡਾਂ

-ਸੁਖਦੇਵ ਮਾਦਪੁਰੀ

ਮਨੁੱਖ ਆਦਿ ਕਾਲ ਤੋਂ ਖੇਡਾਂ ਖੇਡਦਾ ਆਇਆ ਹੈ। ਖੇਡਣਾ ਮਨੁੱਖ ਦੀ ਮੂਲ ਪ੍ਰਵਿਰਤੀ ਹੈ। ਬੱਚੇ ਦੇ ਜੰਮਦਿਆਂ ਸਾਰ ਖੇਡ ਪ੍ਰਕਿਰਿਆ ਆਰੰਭ ਹੋ ਜਾਂਦੀ ਹੈ। ਉਹ ਹੱਥ ਪੈਰ ਮਾਰਨੇ ਸ਼ੁਰੂ ਕਰ ਦਿੰਦਾ ਹੈ। ਖੇਡਾਂ ਮਨੋਰੰਜਨ ਦਾ ਮੁੱਖ ਸਾਧਨ ਹੀ ਨਹੀਂ, ਇਹ ਮਨੁੱਖ ਦੇ ਸਰੀਰਿਕ ਤੇ ਮਾਨਸਿਕ ਵਿਕਾਸ ਵਿੱਚ ਵੀ ਵੱਡੀ ਭੂਮਿਕਾ ਅਦਾ ਕਰਦੀਆਂ ਹਨ। ਉਨ੍ਹਾਂ ਨੇ ਆਪਣੀ ਸਰੀਰਕ ਸਮਰੱਥਾ ਅਨੁਸਾਰ ਖੇਡਾਂ ਦੀ ਸਿਰਜਣਾ ਕੀਤੀ ਹੈ। ਨੌਜਵਾਨ ਜ਼ੋਰ ਅਜ਼ਮਾਈ ਦੀਆਂ ਖੇਡਾਂ ਖੇਡਦੇ ਹਨ, ਬਜ਼ੁਰਗ ਬੈਠ ਕੇ ਖੇਡਣਾ ਪਸੰਦ ਕਰਦੇ ਹਨ ਅਤੇ ਬੱਚੇ ਚੁਸਤੀ ਫੁਰਤੀ ਵਾਲੀਆਂ ਲੋਕ ਖੇਡਾਂ ਖੇਡ ਕੇ ਆਨੰਦ ਪ੍ਰਾਪਤ ਕਰਦੇ ਹਨ। ਪੰਜਾਬ ਦੇ ਪੇਂਡੂ ਖੇਤਰ ਵਿੱਚ ਖੇਡੀਆਂ ਜਾਂਦੀਆਂ ਦੇਸੀ ਖੇਡਾਂ ਨੂੰ ਲੋਕ-ਖੇਡਾਂ ਆਖਦੇ ਹਨ।

ਬੱਚਿਆਂ ਦੀਆਂ ਖੇਡਾਂ ਬੜੀਆਂ ਦਿਲਚਸਪ ਹੁੰਦੀਆਂ ਹਨ ਕਾਵਿ ਮਈ। ਹਰ ਖੇਡ ਨਾਲ ਬੱਚੇ ਕੋਈ ਨਾ ਕੋਈ ਕਾਵਿ ਟੋਟਾ ਬੋਲਦੇ ਹਨ, ਜਿਸ ਕਰਕੇ ਖੇਡ ਬੜੀ ਦਿਲਚਸਪ ਬਣ ਜਾਂਦੀ ਹੈ। ਬੱਚਿਆਂ ਦਾ ਖੇਡ ਸ਼ਾਸਤਰ ਵੀ ਨਿਆਰਾ ਹੈ। ਖੇਡਣ ਲਈ ਕੋਈ ਬੱਚਾ ਕਿਸੇ ਦੇ ਘਰ ਸੱਦਣ ਲਈ ਨਹੀਂ ਜਾਂਦਾ, ਬਲਕਿ ਗਲੀ ਗੁਆਂਢ ਵਿੱਚ ਹੀ ਕਿਸੇ ਮੋਕਲੀ ਥਾਂ 'ਤੇ ਖੜੋ ਕੇ ਕੋਈ ਉਚੀ ਆਵਾਜ਼ ਵਿੱਚ ਹੋਕਾ ਦਿੰਦਾ ਹੈ:

ਦੋ ਲੱਕੜੀਆਂ ਦੋ ਕਾਨੇ
ਆ ਜਾਓ ਮੁੰਡਿਓ ਕਿਸੇ ਬਹਾਨੇ

ਕਿਸੇ ਬੰਨੇ ਤੋਂ ਉਚੀ ਆਵਾਜ਼ ਵਿੱਚ ਕੁੜੀਆਂ ਸੱਦਾ ਦਿੰਦੀਆਂ ਨੇ:

ਤੱਤਾ ਖੁਰਚਣਾ ਜੰਗ ਜਲੇਬੀ
ਆ ਜਾਓ ਕੁੜੀਓ ਖੇਡੀਏ

ਖੇਡਣ ਦਾ ਸੱਦਾ ਸੁਣਦੇ ਸਾਰ ਬੱਚੇ ਆਪਣੀਆਂ ਮਾਵਾਂ, ਭੈਣਾਂ ਤੋਂ ਚੋਰੀ ਜਾਂ ਬਹਾਨੇ ਘੜ ਕੇ ਇੱਕ ਥਾਂ ਇਕੱਠੇ ਹੋ ਜਾਂਦੇ ਹਨ। ਉਹ ਆਮ ਕਰਕੇ ਛੂਹਣ ਵਾਲੀਆਂ ਖੇਡਾਂ ਖੇਡਦੇ ਹਨ। ਮੀਟੀ ਕੌਣ ਦੇਵੇ। ਇਸ ਲਈ ਪੁੱਗਿਆ ਜਾਂਦਾ ਹੈ। ਪੁੱਗਣ ਸਮੇਂ ਬੋਲੇ ਜਾਂਦੇ ਕਾਵਿ ਟੋਟੇ ਦੇ ਬੋਲ ਹਨ:

ਈਂਗਣ ਮੀਂਗਣ ਤਲੀ ਤਲੀਂਗਣ
ਕਾਲਾ ਪੀਲਾ ਡੱਕਰਾ
ਗੁੜ ਖਾਵਾਂ ਬੇਲ ਵਧਾਵਾਂ
ਮੂਲੀ ਪੱਤਰਾ
ਪੱਤਰਾਂ ਵਾਲੇ ਘੋੜੇ ਆਏ
ਹੱਥ ਕੁਤਾੜੀ ਪੈਰ ਕੁਤੜੀ
ਨਿਕਲ ਬਾਲਿਆ ਤੇਰੀ ਵਾਰੀ

ਛੂਹੇ ਜਾਣ 'ਤੇ ਜੇ ਕੋਈ ਬੱਚਾ ਆਪਣੀ ਮੀਟੀ ਨਾ ਦੇਵੇ ਜਾਂ ਖੇਡ ਅੱਧ ਵਿਚਕਾਰ ਛੱਡ ਕੇ ਭੱਜ ਜਾਵੇ ਤਾਂ ਬੱਚੇ ਉਸ ਮਗਰ ਇਹ ਗਾਉਂਦੇ ਹੋਏ ਉਸਦੇ ਘਰ ਤੱਕ ਜਾਂਦੇ ਹਨ:

ਸਾਡੀ ਪਿਤ ਦੱਬਣਾ
ਘਰ ਦੇ ਚੂਹੇ ਚੱਬਣਾ
ਇੱਕ ਚੂਹਾ ਰਹਿ ਗਿਆ
ਸਿਪਾਹੀ ਫੜ ਕੇ ਲੈ ਗਿਆ
ਸਿਪਾਹੀ ਨੇ ਮਾਰੀ ਇੱਟ
ਚਾਹੇ ਰੋ ਚਾਹੇ ਪਿੱਟ

ਪੁੱਗਣ ਮਗਰੋਂ ਬੱਚੇ ਆਮ ਕਰਕੇ ਛੂਹਣ ਵਾਲੀਆਂ ਖੇਡਾਂ ਖੇਡਦੇ ਹਨ।

ਸਮੁੰਦਰ ਅਤੇ ਮੱਛੀ ਬਾਲੜੀਆਂ ਦੀ ਬੜੀ ਹਰਮਨ ਪਿਆਰੀ ਖੇਡ ਹੈ। ਦਸ ਬਾਰਾਂ ਕੁੜੀਆਂ ਇੱਕ ਦਾਇਰਾ ਬਣਾ ਕੇ ਖਲੋ ਜਾਂਦੀਆਂ ਹਨ। ਜਿਸ ਕੁੜੀ ਦੇ ਸਿਰ ਦਾਈ ਹੋਵੇ, ਉਹ ਉਨ੍ਹਾਂ ਵਿਚਕਾਰ ਖਲੋਤੀ ਹੁੰਦੀ ਹੈ। ਖੇਡ ਸ਼ੁਰੂ ਹੋ ਜਾਂਦੀ ਹੈ। ਬਾਹਰਲੀਆਂ ਕੁੜੀਆਂ ਦਾਇਰੇ ਵਿੱਚ ਘੁੰਮਦੀਆਂ ਹੋਈਆਂ ਇੱਕ ਆਵਾਜ਼ ਵਿੱਚ ਪੁੱਛਦੀਆਂ ਹਨ:

ਕੁੜੀਆਂ: ਹਰਾ ਸਮੁੰਦਰ ਗੋਪੀ ਚੰਦਰ
ਬੋਲ ਮੇਰੀ ਮੱਛਲੀ, ਕਿੰਨਾ ਕਿੰਨਾ ਪਾਣੀ?
ਦਾਈ ਵਾਲੀ: ਗਿੱਟੇ ਗਿੱਟੇ ਪਾਣੀ?

ਭੰਡਾ ਭੰਡਾਰੀਆਂ ਖੇਡ ਵਿੱਚ ਦਾਈ ਵਾਲ ਬੱਚਾ ਧਰਤੀ 'ਤੇ ਚੱਪ ਮਾਰ ਕੇ ਬੈਠ ਜਾਂਦਾ ਹੈ ਤੇ ਬਾਕੀ ਉਸਦੇ ਸਿਰ 'ਤੇ ਆਪਣੀਆਂ-ਆਪਣੀਆਂ ਬੰਦ ਮੁੱਠਾਂ ਇੱਕ ਦੂਜੀ 'ਤੇ ਰੱਖ ਕੇ ਦਾਇਰਾ ਬਣਾ ਕੇ ਖਲੋ ਜਾਂਦੇ ਹਨ। ਇੱਕ ਆਵਾਜ਼ ਦਾਈ ਵਾਲੇ ਤੋਂ ਪੁੱਛਦੇ ਹਨ:

ਭੰਡਾ ਭੰਡਾਰੀਆ ਕਿੰਨਾ ਕੁ ਭਾਰ?

ਦਾਈ ਵਾਲਾ ਹੇਠੋਂ ਉਤਰ ਦਿੰਦਾ ਹੈ:

ਇੱਕ ਮੁੱਠੀ ਚੁੱਕ ਲੈ, ਦੂਈ ਨੂੰ ਤਿਆਰ

ਇਸ ਪ੍ਰਕਾਰ ਗਾਉਂਦੇ ਹੋਏ ਬੱਚੇ 'ਕੱਲੀ-ਕੱਲੀ' ਮੁੱਠੀ ਚੁੱਕਦੇ ਹਨ ਜਦੋਂ ਸਾਰੀਆਂ ਮੁੱਠੀਆਂ ਚੁੱਕੀਆਂ ਜਾਂਦੀਆਂ ਹਨ ਤਾਂ ਬੱਚੇ ਇੱਕ ਦਮ ਨੱਸਦੇ ਹੋਏ ਗਾਉਂਦੇ ਹਨ:

ਹਾਏ ਕੁੜੇ ਦੰਦਈਆ ਲੜ ਗਿਆ
ਬਈ ਕੁੜੇ ਦੰਦਈਆ ਲੜ ਗਿਆ

ਉਠਕ ਬੈਠਕ ਵਧੇਰੇ ਕਰਕੇ ਛੋਟੇ ਬੱਚੇ ਖੇਡਦੇ ਹਨ। ਇਸ ਖੇਡ ਵਿੱਚ ਦਾਈ ਵਾਲਾ ਕਤਾਰੋਂ ਬਾਹਰ ਖੜੋਤਾ ਹੁੰਦਾ ਹੈ। ਲਾਈਨ 'ਤੇ ਖੜੋਤੇ ਬੱਚੇ ਉਚੀ ਆਵਾਜ਼ ਵਿੱਚ ਬੋਲਦੇ ਹਨ:

ਗੱਡਾ ਗਡੋਰੀਆ, ਗੱਡੇ ਵਿੱਚ ਖੂਹ
ਖੜੇ ਨੂੰ ਛੱਡ ਕੇ, ਬੈਠੇ ਨੂੰ ਛੂਹ

"ਉਚ ਨੀਚ" ਖੇਡ ਅਕਸਰ ਦਸ ਬਾਰਾਂ ਸਾਲ ਦੇ ਬੱਚੇ ਬੜੇ ਚਾਅ ਨਾਲ ਖੇਡਦੇ ਹਨ। ਦਾਈ ਵਾਲੇ ਬੱਚੇ ਤੋਂ ਬਾਕੀ ਬੱਚੇ ਗਾਉਂਦੇ ਹੋਏ ਪੁੱਛਦੇ ਹਨ:

ਅੰਬਾਂ ਵਾਲੀ ਕੋਠੜੀ, ਬਦਾਮਾਂ ਵਾਲਾ ਵਿਹੜਾ
ਬਾਬੇ ਨਾਨਕ ਦਾ ਘਰ ਕਿਹੜਾ?

ਦਾਈ ਵਾਲਾ ਬੱਚਾ ਅੱਗੋਂ ਉਚੀ ਜਾਂ ਨੀਵੀਂ ਥਾਂ ਵੱਲ ਇਸ਼ਾਰਾ ਕਰਕੇ "ਔਹ" ਆਖਦਾ ਹੈ। ਬੱਚੇ ਇਸ਼ਾਰੇ ਵਾਲੇ ਸਥਾਨ ਵੱਲ ਦੌੜਦੇ ਹਨ। ਦਾਈ ਵਾਲਾ ਜਿਸ ਨੂੰ ਛੂਹ ਲਵੇ ਉਸਦੇ ਸਿਰ ਦਾਈ ਆ ਜਾਂਦੀ ਹੈ।

"ਦਾਈਆਂ ਦੂਹਕੜੇ" ਛੋਟੇ ਬੱਚਿਆਂ ਦੀ ਹਰਮਨ ਪਿਆਰੀ ਖੇਡ ਹੈ। ਦਾਈ ਵਾਲਾ ਉਸ ਥਾਂ 'ਤੇ ਜਾ ਕੇ ਖੜੇ ਜਾਂਦਾ ਹੈ ਜਿਸ ਥਾਂ 'ਤੇ ਆ ਕੇ ਦੂਜੇ ਖਿਡਾਰੀਆਂ ਨੇ ਹੱਥ ਲਾਉਣਾ ਹੁੰਦਾ ਹੈ। ਉਹ ਅੱਖਾਂ ਮੀਚ ਕੇ ਉਚੀ ਆਵਾਜ਼ ਵਿੱਚ ਆਖਦਾ ਹੈ:

ਲੁਕ ਛਿਪ ਜਾਣਾ,
ਨਵੀਂ ਕਣਕ ਦਾ ਦਾਣਾ
ਰਾਜੇ ਦੀ ਬੇਟੀ ਆਈ ਜੇ

ਜਿਹੜੇ ਬੱਚਾ ਦਾਈਆਂ ਵਾਲੀ ਥਾਂ ਨੂੰ ਹੱਥ ਲਾਉਣ ਤੋਂ ਪਹਿਲਾਂ-ਪਹਿਲਾਂ ਛੂਹਿਆ ਜਾਵੇ, ਉਸ ਦੇ ਸਿਰ ਦਾਈ ਆ ਜਾਂਦੀ ਹੈ।

'ਤੇਰਾ ਮੇਰਾ ਮੇਲ ਨੀ' ਖੇਡ ਦਸ ਪੰਦਰਾਂ ਕੁੜੀਆਂ ਖੰਡਦੀਆਂ ਹਨ। ਪਹਿਲਾਂ ਦਾਇਰਾ ਬਣਾਉਂਦੀਆਂ ਹਨ। ਵਿਚਕਾਰ ਦਾਈ ਵਾਲੀ ਕੁੜੀ ਹੁੰਦੀ ਹੈ। ਦਾਈ ਵਾਲੀ ਕੁੜੀ ਅਤੇ ਦੂਜੀਆਂ ਕੁੜੀਆਂ ਵਿਚਕਾਰ ਵਾਰਤਾਲਾਪ ਹੁੰਦੀ ਹੈ:

ਕੁੜੀਆਂ: ਐਸ ਗਲੀ ਆ ਜਾ
ਦਾਈ ਵਾਲੀ: ਐਸ ਗਲੀ ਹਨੇਰਾ
ਕੁੜੀਆਂ: ਲੈਂਪ ਲੈ ਕੇ ਆ ਜਾ
ਦਾਈ ਵਾਲੀ: ਲੈਂਪ ਮੇਰਾ ਟੁੱਟਾ ਫੁੱਟਾ
ਕੁੜੀਆਂ: ਦੀਵਾ ਲੈ ਕੇ ਆ ਜਾ
ਦਾਈ ਵਾਲੀ: ਦੀਵੇ ਵਿੱਚ ਤੇਲ ਨੀਂ
ਕੁੜੀਆਂ: ਤੇਰਾ ਮੇਰਾ ਮੇਲ ਨੀਂ

'ਤੇਰਾ ਮੇਰਾ ਮੇਲ ਨੀਂ' ਆਖਦੇ ਸਾਰ ਕੁੜੀਆਂ ਦੌੜ ਜਾਂਦੀਆਂ ਹਨ। ਦਾਈ ਵਾਲੀ ਉਨ੍ਹਾਂ ਨੂੰ ਛੂੰਹਦੀ ਹੈ। ਜਿਸ ਨੂੰ ਛੂਹ ਲਵੇ ਉਸਦੇ ਸਿਰ ਦਾਈ ਆ ਜਾਂਦੀ ਹੈ।

ਥਾਲ ਜਾਂ ਖੇਹਨੂੰ ਕੁੜੀਆਂ ਦੀ ਅਤਿ ਰੌਚਕ ਖੇਡ ਹੈ। ਇਸ ਖੇਡ ਵਿੱਚ ਹੱਥ ਦੀ ਤਲੀ ਨਾਲ ਖੇਨੂੰ ਜਾਂ ਗੇਂਦ ਨੂੰ ਜ਼ਿਆਦਾ ਵਾਰ ਜ਼ਮੀਨ 'ਤੇ ਬੁੜ੍ਹਕਾਇਆ ਜਾਂਦਾ ਹੈ ਤੇ ਨਾਲ ਥਾਲ ਦੇ ਗੀਤ ਗਾਏ ਜਾਂਦੇ ਹਨ। ਇਹ ਖੇਡ ਜੋੜੀਆਂ ਵਿੱਚ ਜਾਂ ਇਕੱਲੇ-ਇਕੱਲੇ ਵੀ ਖੇਡੀ ਜਾਂਦੀ ਹੈ। ਥਾਲ ਗੀਤਾਂ ਦੀ ਨਾਲੋਂ ਨਾਲ ਗਿਣਤੀ ਕੀਤੀ ਜਾਂਦੀ ਹੈ:

ਥਾਲ ਥਾਲ ਥਾਲ
ਮਾਂ ਮੇਰੀ ਦੇ ਲੰਮੇ ਵਾਲ
ਪਿਓ ਮੇਰਾ ਸ਼ਾਹੂਕਾਰ
ਅੰਦਰੋਂ ਪਾਣੀ ਰੁੜ੍ਹਦਾ ਆਇਆ
ਰੁੜ੍ਹ-ਰੁੜ੍ਹ ਪਾਣੀਆਂ
ਸੁਰਮੇਦਾਣੀਆਂ
ਸੁਰਮਾ ਪਾਵਾਂ
ਪਾਵਾਂ ਫੁੱਲ ਗੁਲਾਬ ਦਾ
ਭਾਬੀ ਮੇਰੀ ਜ਼ੁਲਫਾਂ ਵਾਲੀ
ਵੀਰ ਮੇਰਾ ਸਰਦਾਰ
ਆਲ ਮਾਲ, ਹੋਇਆ ਬੀਬੀ ਪਹਿਲਾ ਥਾਲ

ਇੰਜ ਬਹੁਤ ਸਾਰੇ ਥਾਲ ਪੈਂਦੇ ਰਹਿੰਦੇ ਹਨ ਤੇ ਖੇਡ ਮੱਘਦੀ ਚਲੀ ਜਾਂਦੀ ਹੈ। ਰੋੜੇ ਖੇਡਦੀਆਂ, ਨਿੱਕੇ ਵੀਰਾਂ ਭੈਣਾਂ ਨੂੰ ਖਿਡਾਉਂਦੀਆਂ ਤੇ ਗੁੱਡੇ ਗੁੱਡੀਆਂ ਦੇ ਕਾਜ ਰਚਾਉਂਦੀਆਂ ਕੁੜੀਆਂ ਦਾ ਮਨ ਜਦੋਂ ਹੁਲਾਰਾ ਖਾ ਕੇ ਮਸਤੀ ਦੇ ਵੇਗ ਵਿੱਚ ਆਵੇ ਤਾਂ ਉਹ ਜੋਟੇ ਬਣਾ ਕੇ ਇੱਕ ਦੂਜੇ ਦੇ ਹੱਥਾਂ ਨੂੰ ਕੰਘੀਆਂ ਪਾ ਕੇ ਘੁੰਮਣ ਲੱਗ ਜਾਂਦੀਆਂ ਹਨ। ਘੁੰਮਦਿਆਂ-ਘੁੰਮਦਿਆਂ ਉਨ੍ਹਾਂ ਨੂੰ ਘੁਮੇਰ ਚੜ੍ਹ ਜਾਂਦੀ ਹੈ ਤੇ ਉਹ ਧਰਤੀ 'ਤੇ ਲੋਟ ਪੋਟ ਹੋ ਕੇ ਡਿੱਗ ਪੈਂਦੀਆਂ ਹਨ। ਘੁੰਮ ਰਹੀਆਂ ਨਿੱਕੀਆਂ ਮਾਸੂਰ ਬਾਲੜੀਆਂ ਦੇ ਕਈ ਜੋੜੇ ਮਨਮੋਹਕ ਨਜ਼ਾਰਾ ਪੇਸ਼ ਕਰਦੇ ਹਨ। ਆਪਣੇ ਪੈਰਾਂ ਉਪਰ ਚਰਕ ਚੂੰਡੇ ਵਾਂਗ ਘੁੰਮਦੀਆਂ ਹੋਈਆਂ ਗੇੜੇ ਤੇ ਗੇੜੇ ਬੰਨ੍ਹ ਦਿੰਦੀਆਂ ਹਨ। ਗੇੜੇ ਦੀ ਰਫਤਾਰ ਨਾਲ ਕਿੱਕਲੀ ਦੇ ਗੀਤਾਂ ਦੇ ਬੋਲ ਵੀ ਵਾਹਵਾਂ ਵਿੱਚ ਘੁੰਮਦੇ ਹਨ:

ਕਿੱਕਲੀ ਕਲੀਰ ਦੀ
ਪੱਗ ਮੇਰੇ ਵੀਰ ਦੀ
ਦੁਪੱਟਾ ਭਰਜਾਈ ਦਾ
ਫਿੱਟੇ ਮੂੰਹ ਜਵਾਈ ਦਾ
ਗਈ ਸਾਂ ਮੈਂ ਗੰਗਾ
ਮੈਂ ਕਿਹੜੀ ਕਿੱਲੀ ਟੰਗਾਂ
ਨੀਂ ਮੈਂ ਐਸ ਕਿੱਲੀ ਟੰਗਾਂ
ਨੀਂ ਮੈਂ ਓਸ ਕਿੱਲੀ ਟੰਗਾਂ

ਅੱਜ ਕੱਲ੍ਹ ਬਾਲ ਖੇਡਾਂ ਦੇ ਗੀਤ ਬਾਲ ਮਨਾਂ 'ਚੋਂ ਵਿਸਰ ਰਹੇ ਹਨ। ਇਹ ਗੀਤ ਬਾਲ ਮਨਾਂ ਦੀਆਂ ਭਾਵਨਾਵਾਂ ਦੇ ਪ੍ਰਤੀਕ ਹਨ। ਇਨ੍ਹਾਂ ਨੂੰ

# ਕੀ ਆਰਟੀਕਲ 370 ਸਰਦਾਰ ਪਟੇਲ ਦਾ ਅਧੂਰਾ ਸੁਫਨਾ ਸੀ

-ਕਰਣ ਥਾਪਰ

ਇਤਿਹਾਸ ਬਾਰੇ ਮੈਂ ਇਸ ਗੱਲ ਨੂੰ ਬਹੁਤ ਪਸੰਦ ਕਰਦਾ ਹਾਂ ਕਿ ਅਜਿਹੀ ਕੋਈ ਘਟਨਾ, ਜਿਸ ਨੂੰ ਅਸੀਂ ਨਾ ਯਾਦ ਰੱਖ ਸਕੀਏ ਕਿ ਉਹ ਕਿਵੇਂ ਵਾਪਰੀ ਜਾਂ ਇਸ ਨੂੰ ਕਿਸ ਨੇ ਜਨਮ ਦਿੱਤਾ, ਉਦੋਂ ਅਸੀਂ ਕੋਈ ਕਹਾਣੀ ਬਣਾ ਲੈਂਦੇ ਹਾਂ ਅਤੇ ਇਸ ਨੂੰ ਤੱਥਾਂ ਦੇ ਹਿਸਾਬ ਨਾਲ ਪੇਸ਼ ਕਰ ਦਿੰਦੇ ਹਾਂ। ਜੇ ਤੁਸੀਂ ਇਸ ਦਾ ਜ਼ਿਕਰ ਜਨਤਕ ਜਾਂ ਬਹੁਤ ਉਚਾ ਬੋਲ ਕੇ ਕਰਦੇ ਹੋ, ਉਦੋਂ ਇਸ ਦਾ ਖਤਰਾ ਰਹਿੰਦਾ ਹੈ।

ਕੀ ਇਹ ਪ੍ਰਧਾਨ ਮੰਤਰੀ ਤੇ ਗ੍ਰਹਿ ਮੰਤਰੀ ਦੇ ਨਾਲ 31 ਅਕਤੂਬਰ ਨੂੰ ਹੋਇਆ, ਜਦੋਂ ਉਨ੍ਹਾਂ ਨੇ ਆਰਟੀਕਲ 370 ਨੂੰ ਹਟਾਉਣ ਲਈ ਆਪਣੀ ਸ਼ਲਾਘਾ ਕੀਤੀ। ਮੈਨੂੰ ਤੁਹਾਡੇ ਸਾਹ-ਮਣੇ ਤੱਥਾਂ ਨੂੰ ਰੱਖਣਾ ਪਵੇਗਾ, ਉਦੋਂ ਤੁਸੀਂ ਇਸ ਬਾਰੇ ਕੋਈ ਨਿਆਂਪੂਰਨ ਗੱਲ ਕਰ ਸਕੋਗੇ।

ਦਿੱਲੀ ਵਿੱਚ ਬੋਲਦਿਆਂ ਅਮਿਤ ਸ਼ਾਹ ਨੇ ਕਿਹਾ, ‘‘ਜਦ ਆਰਟੀਕਲ 370 ਨੂੰ ਖਤਮ ਕੀਤਾ ਗਿਆ, ਉਦੋਂ ਸਰਦਾਰ ਵੱਲਭ ਭਾਈ ਪਟੇਲ ਦਾ ਅਧੂਰਾ ਸੁਫਨਾ ਪੂਰਾ ਕੀਤਾ ਗਿਆ।’’ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਕੁਝ ਵੱਧ ਉਤਸ਼ਾਹਤ ਨਜ਼ਰ ਆਏ। ਉਨ੍ਹਾਂ ਕਿਹਾ, ‘‘ਪਟੇਲ ਤੋਂ ਉਨ੍ਹਾਂ ਨੂੰ ਪ੍ਰੇਰਨਾ ਮਿਲੀ ਕਿ ਆਰਟੀਕਲ 370 ਖਤਮ ਕੀਤਾ ਜਾਵੇ। ਉਨ੍ਹਾਂ ਕਿਹਾ ਕਿ ਮੇਰਾ ਇਹ ਫੈਸਲਾ ਸਰਦਾਰ ਸਾਹਿਬ ਨੂੰ ਸਮਰਪਿਤ ਹੈ।’’ ਮੋਦੀ ਅਤੇ ਸ਼ਾਹ ਨੇ ਸਰਦਾਰ ਵੱਲਭ ਭਾਈ ਪਟੇਲ, ਜੋ ਦੇਸ਼ ਦੇ ਪਹਿਲੇ ਗ੍ਰਹਿ ਮੰਤਰੀ ਤੇ ਆਜ਼ਾਦ ਭਾਰਤ ਦੇ ਪਹਿਲੇ ਉਪ ਪ੍ਰਧਾਨ ਮੰਤਰੀ ਸਨ, ਦਾ ਹਵਾਲਾ ਦਿੰਦੇ ਹੋਏ ਕਿਹਾ ਕਿ ਪਟੇਲ ਧਾਰਾ 370 ਦੇ ਵਿਰੋਧ ਵਿੱਚ ਸਨ ਅਤੇ ਇਸ ਨੂੰ ਖਤਮ ਕਰਨਾ ਚਾਹੁੰਦੇ ਸਨ। ਇਹ ਉਨ੍ਹਾਂ ਦਾ ਅਧੂਰਾ ਸੁਫਨਾ ਸੀ। ਇਹੀ ਕਾਰਨ ਹੈ ਕਿ ਪ੍ਰਧਾਨ ਮੰਤਰੀ ਨੇ ਆਪਣੇ ਫੈਸਲੇ ਨੂੰ ਪਟੇਲ ਨੂੰ ਸਮਰਪਿਤ ਕੀਤਾ। ਯਾਦ ਰਹੇ ਕਿ ਉਹ 31 ਅਕਤੂਬਰ ਨੂੰ ਪਟੇਲਦੀ ਜੈਅੰਤੀ 'ਤੇ ਬੋਲ ਰਹੇ ਸਨ।

ਆਓ, ਦੇਖੀਏ ਕਿ ਕਿਵੇਂ ਇਤਿਹਾਸ ਵਿੱਚ ਸਰਦਾਰ ਪਟੇਲ ਨੇ ਧਾਰਾ 370 'ਤੇ ਆਪਣਾ ਪੱਖ ਰੱਖਿਆ। ‘ਵਾਰ ਐਂਡ ਪੀਸ ਇਨ ਮਾਡਰਨ ਇੰਡੀਆ: ਏ ਸਟ੍ਰੈਟਜਿਕ ਹਿਸਟਰੀ ਆਫ ਨਹਿਰੂ ਯੀਅਰਸ’ ਦੇ ਲੇਖਕ ਅਤੇ ਅਸ਼ੋਕਾ ਯੂਨੀਵਰਸਿਟੀ ਦੇ ਪ੍ਰੋਫੈਸਰ ਸ੍ਰੀਨਾਥ ਰਾਘਵਾਨ ਦਾ ਕਹਿਣਾ ਹੈ ਕਿ ਧਾਰਾ 370 ਨੂੰ ਡਰਾਫਟ ਕਰਨ ਲਈ ਬੁਲਾਈ ਗਈ ਪਹਿਲੀ ਬੈਠਕ ਸਰਦਾਰ ਪਟੇਲ ਦੇ ਘਰ 'ਚ 15-16 ਮਈ 1949 ਨੂੰ ਹੋਈ ਸੀ। ਰਾਘਵਨ ਦਾ ਕਹਿਣਾ ਹੈ ਕਿ ਜਦ ਐੱਨ ਜੀ ਅਯੰਗਰ, ਜੋ ਜੰਮੂ-ਕਸ਼ਮੀਰ ਦੇ ਪ੍ਰਧਾਨ ਮੰਤਰੀ (ਜਿਵੇਂ ਉਸ ਸਮੇਂ ਕਿਹਾ ਜਾਂਦਾ ਸੀ) ਸ਼ੇਖ ਅਬਦੁੱਲਾ ਨਾਲ ਗੱਲਬਾਤ ਲਈ ਜ਼ਿੰਮੇਵਾਰ ਸਨ, ਨੇ ਇੱਕ ਡਰਾਫਟ ਲੈਟਰ ਨਹਿਰੂ ਲਈ ਬਣਾਇਆ, ਜੋ ਅਬਦੁੱਲਾ ਨੂੰ ਭੇਜਿਆ ਜਾਣਾ ਸੀ। ਇਸ ਵਿੱਚ ਸਮਝੌਤਿਆਂ ਬਾਰੇ ਲਿਖਿਆ ਗਿਆ ਸੀ। ਇਹ ਡਰਾਫਟ ਲੈਟਰ ਪਹਿਲਾਂ




ਸਰਦਾਰ ਪਟੇਲ ਨੂੰ ਭੇਜਿਆ ਗਿਆ, ਜਿਸ ਵਿੱਚ ਇਹ ਲਿਖਿਆ, ‘‘ਕੀ ਤੁਸੀਂ ਕ੍ਰਿਪਾ ਕਰ ਕੇ ਪੰਡਿਤ ਜਵਾਹਰ ਲਾਲ ਨਹਿਰੂ ਨੂੰ ਆਪਣੀ ਇਜਾਜ਼ਤ ਬਾਰੇ ਸਿੱਧੇ ਤੌਰ 'ਤੇ ਦੱਸ-ੋਗੇ। ਉਹ ਸ਼ੇਖ ਅਬਦੁੱਲਾ ਨੂੰ ਇਹ ਲੈਟਰ ਜਾਰੀ ਕਰਨਗੇ, ਪਰ ਉਸ ਤੋਂ ਪਹਿਲਾਂ ਤੁਹਾਡੀ ਮਨਜ਼ੂਰੀ ਮਿਲਣੀ ਚਾਹੀਦੀ ਹੈ।’’ ਆਓ, ਇਸ ਲੈਟਰ ਬਾਰੇ ਵਿਚਾਰ ਕਰੀਏ। ਇਸ ਲੈਟਰ ਵਿੱਚ ਕਿਹਾ ਗਿਆ ਹੈ ਕਿ ਨਹਿਰੂ ਸ਼ੇਖ ਅਬਦੁੱਲਾ ਨੂੰ ਇਹ ਦੱਸਣਗੇ ਕਿ ਉਨ੍ਹਾਂ ਦਾ ਕਸ਼ਮੀਰ ਮੁੱਦਿਆਂ 'ਤੇ ਧਾਰਾ 370 ਸਮੇਤ ਇੱਕ ਸਮਝੌਤਾ ਅਤੇ ਉਸ ਦੀਆਂ ਧਾਰਾਵਾ ਤੈਅ ਹੋਈਆਂ ਹਨ, ਜੋ ਪਟੇਲ ਦੇ ਨਾਲ ਸਮਝੌਤੇ ਤੋਂ ਬਾਅਦ ਲਿਖਿਆ ਗਿਆ ਹੈ। ਇਸ ਤਰ੍ਹਾਂ ਪਟੇਲ ਨੂੰ ਇੱਕ ਵੀਟੋ ਮਿਲ ਗਿਆ। ਜੇ ਪਟੇਲ ਇਹ ਕਹਿੰਦੇ ਕਿ ਉਹ ਨਹਿਰੂ ਤੋਂ ਖੁਸ਼ ਨਹੀਂ ਤਾਂ ਉਨ੍ਹਾਂ ਨੇ ਸ਼ੇਖ ਨੂੰ ਆਪਣੀ ਮਨਜ਼ੂਰੀ ਬਾਰੇ ਇਹ ਲਿਖਿਆ ਨਾ ਹੁੰਦਾ। ਮੇਰਾ ਮੰਨਣਾ ਹੈ ਕਿ ਕਿਉਂ ਰਾਘਵਨ ਨੇ ਟੈਲੀਗ੍ਰਾਫ (13 ਅਗਸਤ 2019) ਨੂੰ ਦੱਸਿਆ ਕਿ ਧਾਰਾ 370 ਸਰਦਾਰ ਪਟੇਲ ਦੇ ਸੂਤਰੀਕਰਨ ਵੱਲੋਂ ਹੀ ਤੈਅ ਹੋਇਆ ਸੀ। ਰਾਘਵਨ ਦਾ ਕਹਿਣਾ ਹੈ ਕਿ ਪਟੇਲ ਨੇ ਹੀ ਕਾਂਗਰਸ ਲੈਜਿਸਲੇਟਿਵ ਪਾਰਟੀ (ਸੀ ਐੱਲ ਪੀ) ਨੂੰ ਆਰਟੀਕਲ 370 ਨੂੰ ਮੰਨਣ ਲਈ ਜ਼ੋਰ ਪਾਇਆ ਸੀ ਕਿਉਂਕਿ 1949 ਵਿੱਚ ਉਹ ਬਹੁਤ ਵਿੱਚ ਸੀ, ਇਸ ਦਾ ਮਤਲਬ ਹੈ ਕਿ ਪਟੇਲ ਨੇ ਅਸੈਂਬਲੀ ਨੂੰ ਇਸ ਨੂੰ ਮੰਨਣ ਲਈ ਸਮਝਾਇਆ।

ਮੈਂ ਤੁਹਾਨੂੰ ਪਟੇਲ ਦੇ ਧਾਰਾ 370 ਵੱਲ ਰਵੱਈਏ ਨੂੰ ਇੱਕ ਹੋਰ ਸ੍ਰੋਤ ਨਾਲ ਸਮਝਾਉਂਦਾ ਹਾਂ। ਮੈਨੂੰ ਰਾਜ-ਮੋਹਨ ਗਾਂਧੀ ਦੀ ਕਿਤਾਬ ‘ਪਟੇਲ ਕਾਲਡ ਪਟੇਲ-ਏ ਲਾਈਫ’ ਦਾ ਜ਼ਿਕਰ ਕਰਨਾ ਪਵੇਗਾ। ਇਥੇ ਪਟੇਲ ਦੇ 1949 ਵਿੱਚ ਲਏ ਗਏ ਫੈਸਲੇ ਬਾਰੇ ਗਾਂਧੀ ਨੇ ਜੋ ਕਿਹਾ ਹੈ, ਉਹ ਵੀ ਮਹੱਤਵ ਰੱਖਦਾ ਹੈ। ਨਹਿਰੂ ਓਦੋਂ ਵਿਦੇਸ਼ ਵਿੱਚ ਸਨ, ਜਦ ਸੰਵਿਧਾਨਕ ਸਭਾ ਕਸ਼ਮੀਰ 'ਤੇ ਗੱਲਬਾਤ ਕਰ ਰਹੀ ਸੀ। ਸਰਦਾਰ ਪਟੇਲ, ਜੋ ਉਸ ਸਮੇਂ ਕਾਰਜਕਾਰੀ ਪ੍ਰਧਾਨ ਮੰਤਰੀ ਦੇ ਤੌਰ 'ਤੇ ਕੰਮ ਕਰ ਰਹੇ ਸਨ, ਨੇ ਕਸ਼ਮੀਰ ਨੂੰ ਵਿਸ਼ੇਸ਼ ਦਰਜਾ ਦੇਣ ਦੀ ਗੱਲ ਚੁੱਪਚਾਪ ਮੰਨ ਲਈ, ਜਿਸ ਵਿੱਚ ਕਸ਼ਮੀਰ ਨੂੰ ਦਿੱਤੀਆਂ ਜਾਣ ਵਾਲੀਆਂ ਰਿਆਇਤਾਂ ਸ਼ਾਮਲ ਸਨ, ਜੋ ਪੰਡਿਤ ਜਵਾਹਰ ਲਾਲ ਨਹਿਰੂ ਦੇ ਵਿਦੇਸ਼ ਜਾਣ ਤੋਂ ਪਹਿਲਾਂ ਮੰਨੀਆਂ ਗਈਆਂ ਸਨ। ਗਾਂਧੀ ਨੇ ਲਿਖਿਆ ਹੈ ਕਿ ਅਬਦੁੱਲਾ ਨੇ ਇਨ੍ਹਾਂ ਰਿਆਇਤਾਂ ਲਈ ਦਬਾਅ ਪਾਇਆ ਅਤੇ ਸਰਦਾਰ ਪਟੇਲ ਉਨ੍ਹਾਂ ਦੇ ਰਸਤੇ ਵਿੱਚ ਖੜ੍ਹੇ ਨਹੀਂ ਹੋ ਸਕੇ। ਪਟੇਲ ਨੇ ਮੰਨਿਆ ਕਿ ਇਹ ਰਿਆਇਤਾਂ ਨਹਿਰੂ ਦੀਆਂ ਕਾਮਨਾਵਾਂ ਨੂੰ ਪੇਸ਼ ਕਰਦੀਆਂ ਹਨ, ਜਿਨ੍ਹਾਂ ਦਾ ਉਹ ਆਪਣੀ ਗੈਰ ਹਾਜ਼ਰੀ ਵਿੱਚ ਤਿਆਗ ਨਹੀਂ ਕਰਨਾ ਚਾਹੁੰਦੇ ਸਨ।

ਇੱਕ ਵਾਰ ਫਿਰ ਸੋਚਣ ਵਾਲੀ ਗੱਲ ਹੈ। ਪਹਿਲੀ ਇਹ ਹੈ ਕਿ ਪਟੇਲ ਕਸ਼ਮੀਰ ਨੂੰ ਵਿਸ਼ੇਸ਼ ਦਰਜਾ ਚੁੱ-ਪਚਾਪ ਢੰਗ ਨਾਲ ਦੇਣਾ ਚਾਹੁੰਦੇ ਸਨ, ਜੋ ਜਵਾਹਰ ਲਾਲ ਨਹਿਰੂ ਦੇ ਮੰਨਣ ਤੋਂ ਪਰ੍ਹੇ ਸੀ। ਦੂਜਾ, ਇਹ ਕਿ ਪਟੇਲ ਨੇ ਅਜਿਹਾ ਇਸ ਲਈ ਕੀਤਾ ਕਿ ਉਨ੍ਹਾਂ ਮੰਨਿਆ ਹੋਵੇਗਾ ਕਿ ਇਹ ਨਹਿਰੂ ਦੀ ਇੱਛਾ ਹੋਵੇਗੀ। ਪਟੇਲ ਨੇ ਸਖਤ ਤੌਰ 'ਤੇ ਅਜਿਹੀਆਂ ਰਿਆਇਤਾਂ ਨਾਲ ਅਸਹਿਮਤੀ ਨਹੀਂ ਜਤਾਈ।ਈਮਾਨਦਾਰੀ ਨਾਲ ਰਾਜ-ਮੋਹਨ ਗਾਂਧੀ ਨੇ ਅਜਿਹਾ ਰਿਕਾਰਡ ਪੇਸ਼ ਕੀਤਾ ਹੈ ਕਿ ਪਟੇਲ ਨੇ ਮੁਸ਼ਕਲ ਦੀ ਭਵਿੱਖਬਾਣੀ ਕੀਤੀ ਹੋਵੇਗੀ ਕਿ ਜਵਾਹਰ ਲਾਲ ਨਹਿਰੂ ਰੋਵੇਗਾ। ਗਾਂਧੀ ਨੇ ਕਿਹਾ ਕਿ ਸ਼ਾਇਦ ਨਹਿਰੂ ਧਾਰਾ 370 ਉਤੇ ਪਛਤਾਉਂਦੇ ਹੋਣਗੇ, ਪਰ ਪਟੇਲ ਹੀ ਸਨ, ਜਿਨ੍ਹਾਂ ਨੇ ਇਹ ਯਕੀਨੀ ਬਣਾਇਆ ਅਤੇ ਇਸ ਨੂੰ ਸੰਵਿਧਾਨ ਵਿੱਚ ਰੱਖਿਆ। ਉਨ੍ਹਾਂ ਨੇ ਇਹ ਵੀ ਇੰਤਜ਼ਾਰ ਕੀਤਾ ਕਿ ਕੀ ਨਹਿਰੂ ਅਸਲ ਵਿੱਚ ਅਜਿਹਾ ਚਾਹੁੰਦੇ ਹੋਣਗੇ। ਉਨ੍ਹਾਂ ਸਿਰਫ ਇਹੀ ਮੰ-ਨਿਆ ਕਿ ਨਹਿਰੂ ਨੇ ਸ਼ਾਇਦ ਅਜਿਹਾ ਹੀ ਸੋਚਿਆ ਹੋਵੇਗਾ।

ਇਤਿਹਾਸ ਦੀਆਂ ਅਜਿਹੀਆਂ ਗੱਲਾਂ ਤੋਂ ਕੀ ਇਹ ਅੰਦਾਜ਼ਾ ਲਾਇਆ ਜਾ ਸਕਦਾ ਹੈ ਕਿ ਆਰਟੀਕਲ 370 ਪਟੇਲ ਦਾ ਅਧੂਰਾ ਸੁਫਨਾ ਸੀ? ਕੀ ਪਟੇਲ ਆਪਣੇ ਆਪ ਨੂੰ ਗੌਰਵਹੀਣ ਸਮਝਦੇ ਹੋਣਗੇ ਕਿ ਆਰਟੀਕਲ 370 ਦਾ ਹਟਣਾ ਉਨ੍ਹਾਂ ਦੀਆਂ ਯਾਦਾਂ ਨੂੰ ਸਮਰਪਿਤ ਹੈ।

ਮੈਨੂੰ ਦੋ ਹੋਰ ਗੱਲਾਂ ਵੀ ਤੁਹਾਡੇ ਨਾਲ ਸਾਂਝੀਆਂ ਕਰਨੀਆਂ ਪੈਣਗੀਆਂ। ਰਾਜਮੋਹਨ ਗਾਂਧੀ ਦੀ ਜੀਵਨੀ ਦੇ ਪੰਨਾ ਨੰਬਰ 517 ਵਿੱਚ ਇਹ ਖੁਲਾਸਾ ਹੋਇਆ ਹੈ ਕਿ ਪਟੇਲ ਹੀ ਸਨ, ਜਿਨ੍ਹਾਂ ਨੇ ਮਹਾਰਾਜਾ ਹਰੀ ਸਿੰਘ ਨੂੰ ਕਸ਼ਮੀਰ ਛੱਡਣ ਲਈ ਕਿਹਾ। ਹਰੀ ਸਿੰਘ ਨੇ ਇਹ ਗੱਲ ਮੰਨ ਲਈ, ਜਦੋਂ ਨਹਿਰੂ ਨੇ ਪਟੇਲ 'ਤੇ ਦਬਾਅ ਪਾਇਆ ਕਿ ਮਹਾਰਾਜਾ ਕਸ਼ਮੀਰ ਨੂੰ ਛੱਡ ਜਾਣ। ਗਾਂਧੀ ਨੇ ਮਹਾਰਾਜਾ ਹਰੀ ਸਿੰਘ ਦੇ ਬੇਟੇ ਕਰਣ ਸਿੰਘ ਦਾ ਵੀ ਜ਼ਿਕਰ ਕੀਤਾ ਹੈ, ਜੋ ਇਸ ਦੇ ਸਮਰਥਨ ਵਿੱਚ ਹੈ, ਜਿਸ ਵਿੱਚ ਕਿਹਾ ਗਿਆ ਹੈ ਕਿ ਸਰਦਾਰ ਨੇ ਮੇਰੇ ਪਿਤਾ ਨੂੰ ਸਲੀਕੇ ਨਾਲ ਕਿਹਾ। ਇਸ ਤੋਂ ਬਾਅਦ ਮੇਰੇ ਪਿਤਾ ਹੈਰਾਨ ਰਹਿ ਗਏ। ਹਰੀ ਸਿੰਘ ਮੀਟਿੰਗ ਵਿੱਚੋਂ ਉਠ ਕੇ ਖੜ੍ਹੇ ਹੋ ਗਏ, ਮੇਰੀ ਮਾਂ ਆਪਣੇ ਹੰਝੂਆਂ ਨੂੰ ਰੋਕ ਨਾ ਸਕੀ।

ਦੂਜੀ ਅੰਦਰੂਨੀ ਗੱਲ ਵੀ ਦੱਸਣੀ ਲਾਜ਼ਮੀ ਹੈ। ਅਸੀਂ ਫਿਰੋਜ਼ ਵਿਨਸੈਂਟ ਦੇ ਲੇਖ, ਜੋ 13 ਅਗਸਤ ਨੂੰ ਟੈਲੀਗ੍ਰਾਫ ਵਿੱਚ ਛਪਿਆ, ਦਾ ਜ਼ਿਕਰ ਕਰਦੇ ਹਾਂ। ਇਹ ਜਨ ਸੰਘ ਦੇ ਮੋਢੀ ਡਾਕਟਰ ਸ਼ਿਆਮਾ ਪ੍ਰਸਾਦ ਮੁਖਰਜੀ ਬਾਰੇ ਹੈ, ਜਿਸ ਤੋਂ ਭਾਜਪਾ ਨੇ ਜਨਮ ਲਿਆ। ਸੱਤ ਅਗਸਤ 1952 ਨੂੰ ਲੋਕ ਸਭਾ ਵਿੱਚ ਮੁਖਰਜੀ ਨੇ ਕਿਹਾ ਕਿ ਇਹ ਕਿਹਾ ਜਾ ਰਿਹਾ ਹੈ ਕਿ ਮੈਂ ਪਾਰਟੀ ਵਿੱਚ ਸੀ, ਜਦੋਂ ਕਸ਼ਮੀਰ ਮੁੱਦਾ ਯੂ ਐਨ ਓ ਵਿੱਚ ਲਿਜਾਣ ਦਾ ਫੈਸਲਾ ਲਿਆ ਗਿਆ। ਇਹ ਪਤਾ ਨਹੀਂ ਲੱਗਦਾ ਕਿ ਉਸ ਸਮੇਂ ਮੁਖਰਜੀ ਨਹਿਰੂ ਦੀ ਕੈਬਨਿਟ ਦੇ ਮੈਂਬਰ ਸਨ, ਜਾਂ ਨਹੀਂ। ਉਨ੍ਹਾਂ 'ਚ ਮਤਭੇਦ ਸਨ, ਤਦੇ ਤਾਂ 1952 ਵਿੱਚ ਦੋ ਸਾਲਾਂ ਬਾਅਦ ਉਹ ਨਹਿਰੂ ਤੋਂ ਵੱਖ ਹੋ ਗਏ ਅਤੇ ਇੱਕ ਸਾਲ ਬਾਅਦ ਉਨ੍ਹਾਂ ਨੇ ਭਾਰਤੀ ਜਨ ਸੰਘ ਦਾ ਗਠਨ ਕੀਤਾ ਤਾਂ ਹੀ ਤਾਂ ਉਨ੍ਹਾਂ ਨੇ ਲੋਕ ਸਭਾ ਵਿੱਚ ਕਿਹਾ ਕਿ ਮੇਰਾ ਕੋਈ ਅਧਿਕਾਰ ਨਹੀਂ ਅਤੇ ਮੈਂ ਉਨ੍ਹਾਂ ਗੱਲਾਂ ਨੂੰ ਦੱਸਣਾ ਨਹੀਂ ਚਾਹੁੰਦਾ, ਜਿਸ ਦੇ ਤਹਿਤ ਇਹ ਫੈਸਲਾ ਲਿਆ ਗਿਆ। ਮਹਾਨ ਲੋਕ ਹੀ ਇਤਿਹਾਸ ਰਚਦੇ ਹਨ। ਨੈਪੋਲੀਅਨ ਨੇ ਇਤਿਹਾਸ ਨੂੰ ਰੱਦ ਕਰਦਿਆਂ ਇਸ ਨੂੰ ਇੱਕ ਕਲਪਨਾ ਹੀ ਮੰਨਿਆ, ਪਰ ਭਾਰਤ ਵਿੱਚ ਮਹਾਨ ਵਿਅਕਤੀ ਇਤਿਹਾਸ ਨੂੰ ਲਿਖ ਸਕਦੇ ਹਨ।

# ਲਾਹੌਰ-ਫਿਰੋਜ਼ਪੁਰ ਰੋਡ ਬਣਾਉਣ ਵਾਲਾ ਫੌਜੀ ਅਫਸਰ

-ਮਜੀਦ ਸ਼ੇਖ਼-



ਜਦੋਂ ਅੰਗਰੇਜ਼ਾਂ ਨੇ ਲਾਹੌਰ ਉੱਤੇ ਕਬਜ਼ਾ ਕੀਤਾ ਤਾਂ ਇਸ ਸ਼ਹਿਰ ਨੂੰ ਬਾਕੀ ਹਿੰਦੋਸਤਾਨ ਨਾਲ ਜੋੜਨ ਵਾਲਾ ਇੱਕੋ ਇੱਕ ਰਸਤਾ ਸ਼ੇਰ ਸ਼ਾਹ ਸੂਰੀ ਦਾ ਗਰੈਂਡ ਟਰੰਕ (ਜੀ ਟੀ) ਰੋਡ ਹੀ ਸੀ। ਅੰਮ੍ਰਿਤਸਰ ਵਾਲੇ ਪਾਸਿਉਂ ਆਉਂਦੀ ਇਹ ਸੜਕ ਮਹਿਜ਼ ਲਾਹੌਰ ਕਿਲ੍ਹੇ ਵਾਲੇ ਪਾਸੇ ਨੂੰ ਵਲਦੀ ਹੋਈ ਗੁੱਜਰਾਂਵਾਲਾ ਵੱਲ ਲੰਘਦੀ ਅਤੇ ਅੱਗੇ ਪਿਸ਼ਾਵਰ ਤੱਕ ਪੁੱਜਦੀ। ਭਾਵੇਂ ਸਾਰੇ ਪੰਜਾਬ ਉੱਤੇ ਅੰਗਰੇਜ਼ਾਂ ਦਾ ਕਬਜ਼ਾ ਮਾਰਚ 1849 ਵਿੱਚ ਹੋਇਆ, ਪਰ ਉਹ ਲਾਹੌਰ ਅਤੇ ਇਸ ਦੇ ਕਿਲ੍ਹੇ ਉੱਤੇ 1848 ਨੂੰ ਹੀ ਕਾਬਜ਼ ਹੋਣ 'ਚ ਸਫਲ ਰਹੇ। ਇਹੋ ਕਾਰਨ ਹੈ ਕਿ ਮੌਜੂਦਾ ਲਾਹੌਰ ਕੈਂਟੋਨਮੈਂਟ ਮੀਆਂ ਮੀਰ ਵਿਖੇ ਹੈ। ਇਹ ਉਹੋ ਥਾਂ ਹੈ ਜਿੱਥੇ ਅੰਗਰੇਜ਼ਾਂ ਨੇ ਲਾਹੌਰ 'ਤੇ ਕਬਜ਼ਾ ਕਰਨ ਤੋਂ ਪਹਿਲਾਂ ਪੜਾਅ ਕੀਤਾ ਸੀ। ਉਦੋਂ ਪੰਜਾਬ ਭਾਵ ਮਹਾਰਾਜਾ ਰਣਜੀਤ ਸਿੰਘ ਦੇ ਸਿੱਖ ਰਾਜ ਦੀ ਸਰਹੱਦ ਸਤਲੁਜ ਤੋਂ ਸ਼ੁਰੂ ਹੁੰਦੀ ਸੀ। ਅੰਗਰੇਜ਼ ਇਸ ਖਿੱਤੇ ਨੂੰ ਕਿਸੇ ਵੀ ਇਕਪਾਸੜ ਹਿੱਲਜੁਲ ਲਈ ਅਹਿਮ ਮੰਨਦੇ ਸਨ ਜਿਸ ਕਾਰਨ ਇਨ੍ਹਾਂ ਦੀ ਫੌਜ ਨੇ ਪੰਜਾਬ ਨੂੰ ਆਪਣੇ ਇਲਾਕੇ ਵਿੱਚ ਮਿਲਾ ਲਿਆ।

ਕਰਨਲ ਹੈਨਰੀ ਐੱਮ ਲਾਰੈਂਸ ਉਹ ਵਿਅਕਤੀ ਸੀ ਜਿਸ ਨੇ ਬੁਰੀ ਤਰ੍ਹਾਂ ਨਾਕਾਮ ਹੋਈ ਆਜ਼ਾਦੀ ਦੀ ਪਹਿਲੀ ਜੰਗ, ਜਿਵੇਂ ਅਸੀਂ ਇਸ ਨੂੰ ਸੱਦਦੇ ਹਾਂ, ਦੌਰਾਨ ਕੋਰ ਆਫ ਗਾਈਡਜ਼ ਨੂੰ ਮੁੜ ਗਠਿਤ ਕੀਤਾ। ਉਸ ਨੇ ਹਡਸਨ, ਜੋ ਉਸ ਸਮੇਂ ਲੈਫਟੀਨੈਂਟ ਸੀ, ਨੂੰ ਸੱਦਿਆ ਤੇ ਕਿਹਾ ਕਿ ਸਾਨੂੰ ਕਸੂਰ (ਜਾਂ ਅੰਗਰੇਜ਼ਾਂ ਦੇ ਕਹਿਣ ਮੁਤਾਬਕ ਕਾਸੂਰ ਕੈਂਪ) ਤੱਕ ਅਤੇ ਉਸ ਤੋਂ ਵੀ ਅਗਾਂਹ ਸਤਲੁਜ ਤੱਕ ਵਧੀਆ ਸੜਕ ਬਣਾਉਣ ਦੀ ਫੌਰੀ ਲੋੜ ਹੈ। ਲਾਰੈਂਸ ਨੇ ਉਸ ਨੂੰ ਕਿਹਾ, ‘‘ਹਡਸਨ, ਮੈਂ ਇਸ ਗੱਲ ਉਤੇ ਸਹਿਮਤ ਹਾਂ ਕਿ ਤੁਸੀਂ ਫਿਰੋਜ਼ਪੁਰ ਤੱਕ ਸੜਕ ਉਸਾਰੀ ਦਾ ਕੰਮ ਆਪਣੇ ਹੱਥ ਲਵੋ। ਤੁਸੀਂ ਇਹ ਕੰਮ ਇੱਕ ਜਾਂ ਦੋ ਦਿਨਾਂ ਵਿੱਚ ਸ਼ੁਰੂ ਕਰ ਕੇ ਛੇਤੀ ਤੋਂ ਛੇਤੀ ਮੁਕੰਮਲ ਕਰੋ।’’ ਬੱਸ ਫਿਰੋਜ਼ਪੁਰ ਰੋਡ ਦੀ ਉਸਾਰੀ ਲਈ ਉਸ ਨੂੰ ਇੰਨੀ ਕੁ ਹੀ ਜਾਣਕਾਰੀ ਦਿੱਤੀ ਗਈ ਸੀ।

ਹਡਸਨ ਨੇ ਜੰਗੀ ਮੁਹਿੰਮਾਂ ਵਿੱਚ ਆਪਣਾ ਵਧੀਆ ਨਾਂਅ ਬਣਾਇਆ ਹੋਇਆ ਸੀ। ਉਸ ਨੇ ਹਡਸਨਜ਼ ਹੌਰਸ ਨਾਮੀ ਆਪਣੀ ਘੋੜਸਵਾਰ ਰੈਜੀਮੈਂਟ ਤਿਆਰ ਕੀਤੀ ਸੀ ਜਿਸ ਨੇ ਦਿੱਲੀ ਕਿਲ੍ਹੇ ਉਤੇ ਕਬਜ਼ਾ ਕਰ ਕੇ 1857 ਦੀ ਬਗਾਵਤ ਦਾ ਖਾਤਮਾ ਕੀਤਾ। ਹਡਸਨ ਨੇ ਆਪਣੇ ਪੰਜਾਬੀ ਗਾਈਡਜ਼ ਨਾਲ ਮਿਲ ਕੇ ਹੁਮਾਯੂੰ ਦੇ ਮਕਬਰੇ ਤੋਂ ਬਹਾਦਰ ਸ਼ਾਹ ਜ਼ਫਰ, ਉਸ ਦੇ ਦੋ ਪੁੱਤਰਾਂ ਅਤੇ ਪੋਤਰੇ ਅਬੂ ਬਖਤ ਨੂੰ ਗ੍ਰਿਫਤਾਰ ਕੀਤਾ। ਵਾਅਦੇ ਮੁਤਾਬਕ ਉਸ ਨੇ ਬਾਦਸ਼ਾਹ ਦੀ ਜਾਨ ਬਖਸ਼ ਦਿੱਤੀ, ਪਰ ਜਾਣਬੁੱਝ ਕੇ ਉਸ ਦੇ ਦੋਵਾਂ ਪੁੱਤਰਾਂ ਤੇ ਪੋਤਰੇ ਨੂੰ ਗੋਲੀਆਂ ਮਾਰ ਕੇ ਮਾਰ ਦਿੱਤਾ ਤੇ ਉਨ੍ਹਾਂ ਦੀਆਂ ਲਾਸ਼ਾਂ ਨੂੰ ਪੂਰਾ ਇੱਕ ਦਿਨ ਕੋਤਵਾਲੀ ਦੇ ਬਾਹਰ ‘ਚਬੂਤਰੇ' ਉਤੇ ਪਈਆਂ ਰਹਿਣ ਦਿੱਤਾ। ਉਸ ਨੇ ਬਾਅਦ ਵਿੱਚ ਲਿਖਿਆ ਕਿ ਉਹ ਗਿਣਮਿਥ ਕੇ ਤੈਮੂਰ ਦੇ ਘਰ (ਤੈਮੂਰ, ਮੁਗਲ ਖਾਨ ਦਾ ਵਡੇਰਾ ਸੀ ਤੇ ਮੁਗਲ ਆਪਣੇ ਆਪ ਨੂੰ ਤੈਮੂਰ ਦੇ ਵੰਸ਼ਜ਼ ਅਖਵਾਉਂਦੇ ਸਨ ਤੇ ਆਪਣੀਆਂ ਰਗ਼ਾਂ ਵਿੱਚ ਦੌੜਦੇ ਤੈਮੂਰੀ ਲਹੂ 'ਤੇ ਮਾਣ ਕਰਦੇ ਸਨ) ਨੂੰ ਨਰਕ ਬਣਾ ਦੇਣਾ ਚਾਹੁੰਦਾ ਸੀ।

ਲਾਹੌਰ ਡਿਫੈਂਸ ਵੱਲ ਜਾਂਦਿਆਂ ਗੁਲ-ਬਰਗ ਤੋਂ ਆਉਂਦੀ ਸੜਕ ਵੱਲ ਮੁੜੀਏ ਤਾਂ ਖੱਬੇ ਕੋਨੇ 'ਤੇ ਪੁਰਾਣਾ ਹਡਸਨਜ਼ ਹੌਰਸ ਹੈ, ਜੋ ਹਾਲੇ ਵੀ ਉਥੇ ਹੈ। ਇਹ ਬਰ-ਏ-ਸਗ਼ੀਰ (ਉਪ ਮਹਾਂਦੀਪ) ਦੇ ਇਤਿਹਾਸ ਦਾ ਇੱਕ ਨਿਵੇਕਲਾ ਹਿੱਸਾ ਹੈ, ਪਰ ਅਸੀਂ ਕਦੇ ਵੀ ਇਸ ਬਾਰੇ ਆਪਣੇ ਬੱਚਿਆਂ ਨੂੰ ਦੱਸਣ ਦੀ ਲੋੜ ਨਹੀਂ ਸਮਝੀ। ਸੜਕ ਦੀ ਸ਼ੁਰੂਆਤ ਮੁਜੰਗ ਸ਼ਹਿਰ ਦੇ ਐਨ ਬਾਹਰਵਾਰ ਸਥਿਤ ਚੁੰਗੀ ਤੋਂ ਕਰਨ ਦੀ ਯੋਜਨਾ ਸੀ। ਮੁਜੰਗ ਉਦੋਂ ਲਾਹੌਰ ਦੇ ਬਾਹਰਵਾਰ ਇੱਕ ਛੋਟਾ ਜਿਹਾ ਪਿੰਡ ਹੁੰਦਾ ਸੀ। ਸੜਕ ਨੂੰ ਮੂਲ ਤੌਰ 'ਤੇ ਕਸੂਰ ਕੋਲੋਂ ਲੰਘਾਉਣ ਦਾ ਇਰਾਦਾ ਸੀ ਕਿਉਂਕਿ ਇਹ ਸ਼ਹਿਰ ਉਦੋਂ ਪਠਾਣਾਂ ਦਾ ਮਜ਼ਬੂਤ ਗੜ੍ਹ ਸੀ, ਜੋ ਅੰਗਰੇਜ਼ਾਂ ਦਾ ਵਿਰੋਧ ਕਰ ਰਹੇ ਸਨ। ਅੱਗੇ ਸੜਕ ਨੇ ਫਿਰੋਜ਼ਪੁਰ ਪੁੱਜਣਾ ਸੀ।

ਹਡਸਨ ਅਣਥੱਕ ਘੋੜਸਵਾਰ ਸੀ। ਉਸ ਲਈ ਇੱਕ ਦਿਨ ਵਿੱਚ ਸੱਤਰ ਮੀਲ ਤੱਕ ਘੋੜਸਵਾਰੀ ਕਰਨਾ ਆਮ ਗੱਲ ਸੀ। ਦੱਸਿਆ ਜਾਂਦਾ ਹੈ ਕਿ ਉਸ ਨੇ ਚੀਨੀ ਸਰਹੱਦ ਤੋਂ ਲੈ ਕੇ ਕਸ਼ਮੀਰ ਅਤੇ ਕਾਬੁਲ ਤੋਂ ਲੈ ਕੇ ਕਲਕੱਤਾ ਤੱਕ ਘੋੜਸਵਾਰੀ ਕੀਤੀ ਹੋਈ ਸੀ। ਇੱਕ ਕਿਤਾਬ ਵਿੱਚ ਕਿਹਾ ਗਿਆ ਹੈ ਕਿ ਅੰਗਰੇਜ਼ਾਂ ਦੇ ਭਾਰਤ ਵਿੱਚ 150 ਸਾਲਾ ਇਤਿਹਾਸ ਵਿੱਚ ਹਡਸਨ ਨੇ ਕਿਸੇ ਵੀ ਹੋਰ ਅੰਗਰੇਜ਼ ਤੋਂ ਵੱਧ ਘੋੜਸਵਾਰੀ ਕੀਤੀ ਸੀ। ਇਸ ਤਰ੍ਹਾਂ ਹਡਸਨ ਮੁਜੰਗ ਤੋਂ ਫਿਰੋਜ਼ਪੁਰ ਤੱਕ ਸੜਕ ਦਾ ਸਰਵੇਖਣ ਕਰਨ ਚੱਲ ਪਿਆ ਤੇ ਇਹ ਸ਼ਾਨਦਾਰ ਘੋੜਸਵਾਰ ਸੜਕ ਦੀ ਉਸਾਰੀ ਕਰਨ ਵਾਲਾ ਵੀ ਬਣ ਗਿਆ। ਨਾਲ ਉਸ ਨੇ ਦੂਰਬੀਨ, ਗੰਟਰ ਦੀਆਂ ਚੇਨਾਂ, ਕੰਪਾਸ, ਥਿਓਡੋਲਾਈਟ (ਖੜ੍ਹਵੇਂ ਅਤੇ ਲੇਟਵੇਂ ਕੋਣਾਂ ਨੂੰ ਮਾਪਣ ਵਾਲਾ ਸਰਵੇਖਣ ਯੰਤਰ) ਅਤੇ ਹੋਰ ਬਹੁਤ ਕਾਸੇ ਦਾ ਰੂਪ ਧਾਰਿਆ। ਸੜਕ ਨਿਰਮਾਣ ਦਾ ਉਸ ਦਾ ਤਰੀਕਾ ਬੜਾ ਨਿਵੇਕਲਾ ਸੀ, ਅਥਾਰਟੀ ਤੇ ਧੁਰ ਹੇਠਲੀ ਜਮਹੂਰੀਅਤੇ ਦਾ ਸ਼ਾਨਦਾਰ ਸੁਮੇਲ। ਬਾਅਦ ਵਿੱਚ ਉਸ ਨੇ ਲਿਖਿਆ ਕਿ ਸੜਕ ਨਿਰਮਾਣ ਦੇ ਕੰਮ ਦੀ ਰਫਤਾਰ ਇਸ ਤੱਥ ਕਾਰਨ ਵਧੀਆ ਬਣੀ ਰਹੀ ਕਿ ਹਰ ਕਿਸੇ ਨੂੰ ਵਾਜਬ ਉਜਰਤ ਮਿਲੀ ਅਤੇ ਸਭ ਨੇ ਆਪਣੇ ਕੰਮ ਦਾ ਬਣਦਾ ਯੋਗਦਾਨ ਪਾਇਆ। ਉਸ ਦੇ ਤਰੀਕੇ ਦਾ ਅਧਿਐਨੇ ਕਰਨਾ ਲਾਹੇਵੰਦ ਹੋ ਸਕਦਾ ਹੈ।

ਲੈਫਟੀਨੈਂਟ ਹਡਸਨ ਨੇ ਦੋ ਦਿਨਾਂ ਦੌਰਾਨ ਹੀ ਲਾਹੌਰ ਤੋਂ ਫਿਰੋਜ਼ਪੁਰ ਵਿਚਾਲੇ ਘੋੜੇ 'ਤੇ ਸਵਾਰ ਹੋ ਕੇ ਦੋ ਗੇੜੇ ਲਾਏ ਅਤੇ ਰਾਹ ਵਿੱਚ ਪੈਂਦੇ ਸਾਰੇ ਸਰਪੰਚਾਂ ਨਾਲ ਮੁਲਾਕਾਤਾਂ ਕੀਤੀਆਂ। ਉਸ ਨੇ ਸਰਪੰਚਾਂ ਨੂੰ ਸਾਫ ਕਰ ਦਿੱਤਾ ਕਿ ਸੜਕ ਦੀ ਉਸਾਰੀ ਲਈ ਮਜ਼ਦੂਰ ਦੇਣ ਉਨ੍ਹਾਂ ਦੀ ਜ਼ਿੰਮੇਵਾਰੀ ਹੋਵੇਗੀ। ਉਸ ਨੇ ਉਨ੍ਹਾਂ ਤੋਂ ਮਜ਼ਦੂਰਾਂ ਦੀ ਬਣਦੀ ਵਾਜਬ ਮਜ਼ਦੂਰੀ ਬਾਰੇ ਵੀ ਪਤਾ ਕੀਤਾ। ਕਈ ਬਹਿਸਾਂ ਤੇ ਦਲੀਲਬਾਜ਼ੀਆਂ ਤੋਂ ਬਾਅਦ ਆਖਰ ਸਹਿਮਤੀ ਬਣ ਗਈ ਅਤੇ ਸੜਕ ਉਸਾਰੀ ਦਾ ਕੰਮ ਸ਼ੁਰੂ ਹੋ ਗਿਆ। ਅੰਗਰੇਜ਼ਾਂ ਤੋਂ ਪਹਿਲੀ ਸਿੱਖ ਹਕੂਮਤ ਦੌਰਾਨ ਸਰਦਾਰ ਲੋਕ ਪੇਂਡੂ ਗਰੀਬਾਂ ਨਾਲ ਬਹੁਤ ਹੀ ਬੇਰਹਿਮ ਤੇ ਵਹਿਸ਼ੀ ਢੰਗ ਨਾਲ ਪੇਸ਼ ਆਉਂਦੇ ਜਦੋਂ ਕਿ ਹਡਸਨ ਦਾ ਤਰੀਕਾ ਇਸ ਤੋਂ ਬਿਲਕੁਲ ਹੀ ਉਲਟ ਸੀ। ਇਹ ਗੱਲ ਗਰੀਬਾਂ ਨੂੰ ਬੜੀ ਪਸੰਦ ਆਈ ਤੇ ਉਨ੍ਹਾਂ ਤਨੋਂ ਮਨੋਂ ਨਿੱਠ ਕੇ ਕੰਮ ਕੀਤਾ।

ਬਿਹਤਰੀਨ ਰਸਤਾ ਲੱਭਣ ਲਈ ਉਹ ਰਾਤਾਂ ਨੂੰ ਅੱਗ ਬਾਲਦਾ ਅਤੇ ਸੜਕ ਉਤੇ ਘੁਮਾਓਦਾਰ ਰਸਤਿਆਂ ਦਾ ਪਤਾ ਲਾਉਂਦਾ। ਉਸ ਲਈ ਇਹ ਇੱਕ ਤਰ੍ਹਾਂ ਦੀ ਕਲਾਕਾਰੀ ਸੀ। ਸਮਝਿਆ ਜਾਂਦਾ ਹੈ ਕਿ ਹਡਸਨ ਨੇ ਲਗਾਤਾਰ ਗਰਮੀਆਂ ਦੇ ਤਿੰਨ ਮਹੀਨਿਆਂ ਦੌਰਾਨ ਰੋਜ਼ ਘੱਟੋ ਘੱਟ ਇੱਕ ਵਾਰ ਇਸ ਪੂਰੇ ਰੂਟ 'ਤੇ ਘੋੜਸਵਾਰੀ ਕੀਤੀ। ਇਹ ਸਿਰੜੀ ਅੰਗਰੇਜ਼ ਰੋਜ਼ਾਨਾ ਮੁਜੰਗ ਤੋਂ ਪਹਿਲਾਂ ਕਸੂਰ ਅਤੇ ਫਿਰ ਅਗਾਂਹ ਫਿਰੋਜ਼ਪੁਰ ਤੱਕ ਜਾਂਦਾ ਅਤੇ ਉਸੇ ਰਾਤ ਪਰਤ ਆਉਂਦਾ। ਉਸ ਲਈ ਕੰਮ ਕਰਨ ਵਾਲੇ ਪੰਜਾਬੀ ਮਜ਼ਦੂਰ ਵੀ ਘੱਟ ਸਿਰੜੀ ਨਹੀਂ ਸਨ। ਉਹ ਇਸ ਗੱਲੋਂ ਖੁਸ਼ ਸਨ ਕਿ ਉਨ੍ਹਾਂ ਨੂੰ ਨਿੱਤ ਦੇ ਨਿੱਤ ਵਾਜਬ ਦਿਹਾੜੀ ਅਦਾ ਕਰ ਦਿੱਤੀ ਜਾਂਦੀ ਅਤੇ ਨਾਲ ਵਧੀਆ ਖਾਣਾ ਵੀ ਮਿਲਦਾ। ਇਹ ਸੜਕ ਤਿੰਨ ਮਹੀਨੇ ਤੇ 21 ਦਿਨਾਂ ਵਿੱਚ ਬਣ ਕੇ ਤਿਆਰ ਹੋ ਗਈ, ਜੋ ਆਧੁਨਿਕ ਇੰਜੀਨੀਅਰਿੰਗ ਮਿਆਰਾਂ ਮੁਤਾਬਕ ਵੀ ਕ੍ਰਿਸ਼ਮਾ ਸੀ। ਉਸ ਦਾ ਤਰੀਕਾ ਬੜਾ ਤਰਕ ਸੰਗਤ ਤੇ ਜ਼ਮੀਨ ਦੀ ਪੂਰੀ ਗਣਨਾ 'ਤੇ ਆਧਾਰਤ ਸੀ।

ਉਸ ਨੇ ਸਮੁੱਚੀ ਸੜਕ ਨੂੰ ਚਾਲੀ ਹਿੱਸਿਆਂ ਵਿੱਚ ਵੰਡ ਲਿਆ ਅਤੇ ਹਰ ਹਿੱਸੇ ਲਈ ਸਰਪੰਚਾਂ ਨੂੰ ਕਰੀਬ 700 ਕਾਬਲ ਮਜ਼ਦੂਰ ਦੇਣ ਲਈ ਕਿਹਾ ਜਿਹੜੇ ਘੱਟੋ ਘੱਟ 12 ਘੰਟੇ ਰੋਜ਼ ਕੰਮ ਕਰਨ। ਹਰ ਜ਼ਿਲੇ ਨੂੰ ਇਸ ਗੱਲ ਦੀ ਤਫਸੀਲ ਨਾਲ ਜਾਣਕਾਰੀ ਦਿੱਤੀ ਗਈ ਅਤੇ ਉਹ ਖੁਦ ਸੜਕ ਉੱਤੇ ਕੰਮ ਦਾ ਮੁਆਇਨਾ ਕਰਦਾ। ਉਸ ਨੂੰ ਘੋੜੇ ਦੀ ਪਿੱਠ ਉੱਤੇ ਲੰਬੀਆਂ ਵਾਟਾਂ ਮਾਰਨ ਦੀ ਆਪਣੀ ਸਮਰੱਥਾ ਦਾ ਬਹੁਤ ਲਾਭ ਮਿਲਿਆ। ਇਸੇ ਸਮਰੱਥਾ ਨੇ ਉਸ ਨੂੰ 1857 ਦੇ ਗਦਰ ਦੌਰਾਨ ਜੇਤੂ ਬਣਾਇਆ। ਸੜਕ ਮੁਕੰਮਲ ਹੋ ਜਾਣ ਤੋਂ ਬਾਅਦ ਉਹ ਸੜਕ ਉਸਾਰੀ ਦੀ ਇਸ ਖਲਜਗਣ ਤੋਂ ਖੁਸ਼ੀ-ਖੁਸ਼ੀ ਲਾਂਭੇ ਹੋ ਗਿਆ ਅਤੇ ਮੁੜ ਆਪਣੀ ਫੌਜੀ ਦੁਨੀਆ ਵਿੱਚ ਪਰਤ ਗਿਆ।

ਜੇ ਅਸੀਂ ਆਪਣੀਆਂ ਮੋਟਰ ਗੱਡੀਆਂ ਲਈ ਆਪ ਸਥਾਨਕ ਮਜ਼ਦੂਰਾਂ, ਸਥਾਨਕ ਇੰਜੀਨੀਅਰਾਂ ਤੇ ਠੇਕੇਦਾਰਾਂ ਅਤੇ ਸਥਾਨਕ ਸਮੱਗਰੀ ਨਾਲ ਸੜਕਾਂ ਬਣਾਉਣੀਆਂ ਹੋਣ ਤਾਂ ਯਕੀਨਨ ਇਹ ਕੰਮ ਕੀਤਾ ਜਾ ਸਕਦਾ ਹੈ ਤੇ ਉਹ ਵੀ ਬਹੁਤ ਛੇਤੀ। ਘੱਟੋ ਘੱਟ ਹਡਸਨ ਦਾ ਤਜਰਬਾ ਤਾਂ ਸਾਨੂੰ ਇਹੋ ਦੱਸਦਾ ਹੈ ਕਿ ਜੋ 1949 ਦੇ ਇਨਕਲਾਬ ਤੋਂ ਬਾਅਦ ਚੀਨੀਆਂ ਦਾ ਤਰੀਕਾ ਵੀ ਰਿਹਾ, ਪਰ ਇਹ ਕੰਮ ਕਰਨ ਵਾਲੇ ਦਾ ਸਿਰੜੀ ਹੋਣਾ ਬਹੁਤ ਜ਼ਰੂਰੀ ਹੈ।

# ਮਿੰਨੀ ਕਹਾਣੀਆਂ

## -ਪਿੰਜਰਾ-

ਦੋ ਤਿੰਨ ਦਿਨਾਂ ਤੋਂ ਬੇਹੱਦ ਗਰਮੀ ਪੈ ਰਹੀ ਸੀ। ਉਹ ਟੀ ਵੀ ਮੂਹਰੇ ਬੈਠਾ ਖਬਰਾਂ ਸੁਣ ਰਿਹਾ ਸੀ। ਅਚਾਨਕ ਬਹੁਤ ਤੇਜ਼ ਹਨੇਰੀ ਚੱਲਣ ਦੀ ਆਵਾਜ਼ ਦੇ ਨਾਲ ਹੀ ਬੂਹੇ-ਬਾਰੀਆਂ ਤਾੜ-ਤਾੜ ਖੜਕਣ ਲੱਗੇ। ਕਾਲੀ-ਬੋਲੀ ਹਨੇਰੀ ਦੇ ਨਾਲ ਆਸਮਾਨ 'ਤੇ ਘਟਾ-ਟੋਪ ਛਾ ਗਈ। ਸ਼ਾਹ ਕਾਲੇ ਬੱਦਲਾਂ ਨੇ ਦਿਨੇ ਰਾਤ ਪਾ ਦਿੱਤੀ। ਫੇਰ ਸ਼ੈਡ ਦੀ ਟੀਨ ਦੀ ਛੱਤ ਤੋਂ ਜ਼ੋਰ-ਜ਼ੋਰ ਦੀ ਕਣੀਆਂ ਡਿੱਗਣ ਦੀ ਆਵਾਜ਼ ਆਈ। ਵੇਖਦੇ-ਵੇਖਦੇ ਮੋਹਲੇਧਾਰ ਮੀਂਹ ਪੈਣ ਲੱਗ ਪਿਆ। ਉਸ ਨੂੰ ਅੰਦਰ ਹੁੰਮਸ ਮਹਿਸੂਸ ਹੋਈ। ਟੀ ਵੀ ਬੰਦ ਕਰਕੇ ਉਹ ਜਾਲੀ ਵਾਲਾ ਦਰਵਾਜ਼ਾ ਖੋਲ੍ਹ ਕੇ ਬਾਹਰ ਬਾਲਕਨੀ ਦੀ ਛੱਤ ਹੇਠ ਪਈ ਮੰਜੀ 'ਤੇ ਬੈਠ ਗਿਆ। ਬਾਹਰ ਦਾ ਨਜ਼ਾਰਾ ਹੀ ਹੋਰ ਸੀ।

ਮੀਂਹ ਦੀ ਠੰਢੀ ਹਵਾ ਦੇ ਛਰਾਟਿਆਂ ਨੇ ਪਿਛਲੇ ਦਿਨਾਂ ਦੀ ਗਰਮੀ ਨੂੰ ਦੂਰ ਭਜਾ ਦਿੱਤਾ ਸੀ। ਬੱਦਲ ਪੂਰੇ ਜ਼ੋਰ ਦੀ ਗੜ੍ਹਕ ਰਿਹਾ ਸੀ। ਬਿਜਲੀ ਵਾਰ-ਵਾਰ ਬੱਦਲਾਂ ਵਿਚਦੀ ਚਮਕਦੀ ਤੇ ਨਾਲ ਦੀ ਨਾਲ ਜ਼ੋਰਦਾਰ ਗੜਗੜਾਹਟ ਹੁੰਦੀ। ਮੀਂਹ ਦੀਆਂ ਠੰਢੀਆਂ ਫੁਹਾਰਾਂ ਉਸ ਉਤੇ ਪੈ ਰਹੀਆਂ ਸਨ। ਉਹ ਚੱਪਲਾਂ ਲਾਹ ਕੇ ਮੰਜੀ 'ਤੇ ਲੱਤਾਂ ਲਮਕਾ ਕੇ ਬੈਠ ਗਿਆ। ਫਰਸ਼ 'ਤੇ ਤੇਜ਼ ਵਗਦੇ ਪਾਣੀ ਵਿੱਚ ਉਹ ਨੰਗੇ ਪੈਰਾਂ ਨਾਲ ਛਪ-ਛਪ ਕਰਨ ਲੱਗਾ। ਅਕਹਿ ਆਨੰਦ ਦੀ ਅਵਸਥਾ ਵਿੱਚ ਗੜੂੰਦ ਉਹ ਕੁਦਰਤ ਦੇ ਬਲਿਹ-ਾਰੇ ਜਾ ਰਿਹਾ ਸੀ। ਪੰਦਰਾਂ ਕੁ ਮਿੰਟ ਹੋਏ ਸਨ ਕਿ ਪਤਨੀ ਦੀ ਤੇਜ਼ ਆਵਾਜ਼ ਨਾਲ ਤ੍ਰਭਕ ਗਿਆ।

‘‘ਪੱਖਾ ਚੱਲਦਾ ਛੱਡ ਆਏ। ਹਜ਼ਾਰ ਵਾਰ ਕਹਿ-ਕਹਿ ਕੇ ਥੱਕ ਗਈ, ਪਰ ਤੁਹਾਡੇ 'ਤੇ ਕੋਈ ਅਸਰ ਨਹੀਂ ਹੁੰਦਾ। ਭਕਾਵੀ ਰੱਖੀ ਆਂ ਮੈਂ ਸਾਰੇ ਟੱਬਰ ਦੀ!'' ਉਹ ਭਰੀ-ਪੀਤੀ ਢਾਕਾਂ 'ਤੇ ਹੱਥ ਧਰੀ ਸਿਰਹਾਣੇ ਖੜ੍ਹੀ ਸੀ। ‘‘ਨਾਲੇ ਆਹ ਮੀਂਹ 'ਚ ਭਿੱਜੀ ਜਾਨੇ ਓ। ਨਾਲੇ ਮੰਜੀ ਭਿੱਜੀ ਜਾਂਦੀ ਐ। ਤੁਹਾਨੂੰ ਤਾਂ ਕੋਈ ਪਤਾ ਈ ਨਹੀਂ ਲੱਗਦਾ। ਪਤਾ ਨਹੀਂ ਹਰ ਵੇਲੇ ਕੀਹਦੇ ਖਿਆਲਾਂ 'ਚ ਗੁਆਰੇ ਰਹਿੰਨੇ ਓ?'' ਅਜਿਹੇ ਮੌਕਿਆਂ 'ਤੇ ਉਹ ਕੁਝ ਨਹੀਂ ਬੋਲਦਾ। ਕਿਸੇ ਮੁਜਰਮ ਵਾਂਗ ਚੁੱਪਚਾਪ ਕਟਹਿਰੇ ਵਿੱਚ ਖੜ੍ਹਾ ਰਹਿੰਦਾ ਹੈ। ਉਸ ਨੂੰ ਜਾਪਿਆ ਜਿਵੇਂ ਕਿਸੇ ਨੇ ਬਹਿਸ਼ਤ ਵਿੱਚੋਂ ਧੱਕਾ ਦੇ ਕੇ ਧਰਤੀ 'ਤੇ ਪਟਕਾ ਮਾਰਿਆ ਹੋਵੇ।

ਮੀਂਹ ਉਵੇਂ ਜਿਵੇਂ ਪੈ ਰਿਹਾ ਸੀ, ਬੱਦਲ ਉਵੇਂ ਜਿਵੇਂ ਗੜ੍ਹਕ ਰਿਹਾ ਸੀ, ਬਿਜਲੀ ਉਵੇਂ ਜਿਵੇਂ ਚਮਕ ਰਹੀ ਸੀ, ਪਰ ਉਸ ਨੂੰ ਕੁਝ ਚੰਗਾ ਨਹੀਂ ਲੱਗ ਰਿਹਾ ਸੀ। ਕੁਦਰਤ ਦਾ ਉਹ ਸਾਰਾ ਤਲਿਸਮ ਜੋ ਕੁਝ ਸਮਾਂ ਪਹਿਲਾਂ ਉਸ ਨੂੰ ਸ਼ਰਸ਼ਾਰ ਕਰ ਰਿਹਾ ਸੀ, ਇਕਦਮ ਕਿਧਰੇ ਛਾਈ-ਮਾਈ ਹੋ ਗਿਆ ਸੀ। ਉਸ ਨੂੰ ਇੰਜ ਜਾਪਿਆ ਜਿਵੇਂ ਦੋ ਦਿਨ ਪਹਿਲਾਂ ਵਾਲੀ ਧੁੱਪ ਅਤੇ ਲੋਅ ਉਸ ਦਾ ਪਿੰਡਾ ਲੂਹ ਰਹੀ ਹੋਵੇ।

-ਜਸਬੀਰ ਢੰਡ

## -ਕਥਨੀ-

ਸ਼ਾਮ ਦੇ ਵੇਲੇ ਗੁਰਦੁਆਰਾ ਸਾਹਿਬ ਤੋਂ ਰਹਿਰਾਸ ਸਾਹਿਬ ਜੀ ਦੇ ਪਾਠ ਦਾ ਉਚਾਰਨ ਹੋ ਰਿਹਾ ਹੁੰਦਾ ਹੈ।

ਬਿਸ਼ਨੇ ਨੂੰ ਆਪਣੇ ਮੁੰਡੇ ਸਣੇ ਆਥਣ ਵੇਲੇ ਤੰਗਲੀ ਚੁੱਕੀ ਖੇਤਾਂ ਵੱਲ ਜਾਂਦਿਆਂ ਵੇਖ ਕੇ ਬਾਬਾ ਗੁਰਦਿਤ ਸਿਉਂ ਨੇ ਪੁੱਛਿਆ, ‘‘ਬਿਸ਼ਨਿਆ! ਰਾਤ ਪੈਣ ਲੱਗੀ ਆ ਤੁਸੀਂ ਦੋਵੇਂ ਕਿਧਰ ਕਾਹਲੀ ਕਾਹਲ ਤੁਰੇ ਜਾ ਰਹੇ ਹੋ?’’

ਬਿਸ਼ਨਾ, ਜੋ ਪਿੰਡ ਦੀ ਗੁਰਦੁਆਰਾ ਕਮੇਟੀ ਦਾ ਪ੍ਰਧਾਨ ਵੀ ਹੈ, ਆਖਣ ਲੱਗਾ, ‘‘ਬਾਬਾ ਜੀ, ਮੈਂ ਖੇਤਾਂ ਵੱਲ ਨੂੰ ਚੱਲਿਆਂ। ਝੋਨਾ ਵਢਾਇਆ ਸੀ, ਮੰਡੀ ਤੋਲ ਵੀ ਕਰਾ ਲਿਆ। ਸੋਚਿਆ ਕਿ ਨ੍ਹੇਰੇ ਜਿਹੇ ਪਰਾਲੀ ਨੂੰ ਅੱਗ ਲਾ ਆਵਾਂ। ਸਵੇਰੇ ਆਪਾਂ ਬਾਬੇ ਨਾਨਕ ਦੇ ਗੁਰ-ਪੁਰਬ ਦਾ ਨਗਰ ਕੀਰਤਨ ਲੈ ਕੇ ਜਾਣਾ ਹੈ, ਲੋਕਾਂ ਵਿੱਚ ਬਾਬੇ ਦੀ ਸਿਖਿਆ ਦਾ ਪ੍ਰਚਾਰ ਕਰਨਾ ਵੀ ਆਪਣਾ ਫਰਜ਼ ਹੈ।’’

ਏਨੇ ਨੂੰ ਬਿਸ਼ਨੇ ਦਾ ਮੁੰਡੇ ਦਾ ਖੰਘ-ਖੰਗ ਕੇ ਬੁਰਾ ਹਾਲ ਹੋ ਗਿਆ, ਬਿਸ਼ਨਾ ਉਸ ਨੂੰ ਫਿਰਨੀ ਤੋਂ ਪਾਣੀ ਪਿਆਉਣ ਲੱਗਾ। ਬਾਬਾ ਮੰਨਾ ਸਿੰਘ ਬੋਲਿਆ, ‘‘ਵੱਡਿਆ ਸਿਆਣਿਆਂ, ਖੇਤੀ ਮੈਂ ਵੀ ਕਰਦਾ ਰਿਹਾ ਤੇ ਤੇਰਾ ਬਾਪੂ ਵੀ, ਪਰ ਕਦੇ ਅਸੀਂ ਆਹ ਕੰਮ ਨਹੀਂ ਕੀਤੇ ਅੱਗਾਂ ਲਾਉਣ ਵਾਲੇ। ਪਹਿਲਾਂ ਕੁਝ ਲੋਕਾਂ ਨੇ ਪਾਣੀ ਦੂਸ਼ਿਤ ਕਰ ਦਿੱਤੇ, ਡੂੰਘੇ ਬੋਰ ਹੋ ਗਏ, ਕਾਰਖਾਨਿਆਂ ਨੇ ਸਰਕਾਰਾਂ ਦੀ ਸ਼ਹਿਰ 'ਤੇ ਦਰਿਆ ਗੰਦੇ ਕਰ ਦਿੱਤੇ। ਧਰਮ ਦੇ ਨਾਂਅ 'ਤੇ ਪੁਤਲੇ ਫੂਕ ਕੇ, ਆਤਿਸ਼ਬਾਜ਼ੀ ਕਰ ਕੇ ਲੱਖਾਂ-ਕਰੋੜਾਂ ਰੁਪਏ ਫੂਕ ਕੇ ਹਵਾ ਵੀ ਗੰਦੀ ਕਰ ਦਿੱਤੀ। ਰਹੀ ਕਸਰ ਕਿਸਾਨਾਂ ਨੇ ਕੱਢ ਦਿੱਤੀ ਪਰਾਲੀ ਨੂੰ ਅੱਗ ਲਾ ਕੇ। ਵੇਖਿਆ ਧੂੰਏਂ ਨੇ ਸਾਰੇ ਪਾਸੇ ਦਿਨੇ ਹਨੇਰ ਕੀਤਾ ਹੋਇਐ। ਸਾਹ ਲੈਣਾ ਔਖੈ। ਇਸ ਧੂੰਏਂ ਕਰ ਕੇ ਕਿੰਨੇ ਐਕਸੀਡੈਂਟ ਹੋ ਰਹੇ ਤੇ ਜੀਵ ਜਨੌਰ, ਰੁੱਖ ਬੇਮੌਤੀ ਮਰ ਸੜ ਰਹੇ ਨੇ। ਆਪਣੇ ਮੁੰਡੇ ਵੱਲ ਝਾਤ ਮਾਰ। ਕਿਵੇਂ ਖੰਘਦਾ ਪਿਆ ਏ।’’

ਮੁੰਡੇ ਵੱਲ ਝਾਕਦਿਆਂ ਬਿਸ਼ਨੇ ਹੱਥੋਂ ਤੰਗਲੀ ਡਿੱਗ ਪਈ। ਉਧਰੋਂ ਗੁਰਦੁ-ਆਰੇ ਦੇ ਸਪੀਕਰ ਤੋਂ ਆਵਾਜ਼ ਸੁਣਾਈ ਦਿੱਤੀ, ‘ਪਵਣੁ ਗੁਰੂ ਪਾਣੀ ਪਿਤਾ, ਮਾਤਾ ਧਰਤਿ ਮਹਤੁ...।’’

‘‘ਬਿਸ਼ਨਿਆਂ ਆਹ ਬਾਬਾ ਨਾਨਕ ਜੀ ਨੇ ਜੋ ਆਖਿਆ, ਉਸ ਤੇ ਪਹਿਲਾਂ ਸੱਚੀਂ ਅਮਲ ਕਰ। ਫਿਰ ਭਾਵੇਂ ਨਗਰ ਕੀਰਤਨ ਕੱਢ। ਲੋਕਾਂ ਵਿੱਚ ਫੋਕਾ ਪ੍ਰਚਾਰ ਕਰਨ ਨਾਲੋਂ ਬਾਬੇ ਦੇ ਗੁਰਬਾਣੀ 'ਤੇ ਅਮਲ ਕਰ। ਆਪਣੀ ਕਹਿਣੀ ਤੇ ਕਥਨੀ ਵਿੱਚ ਕਰ। ਕਰਜ਼ੇ ਚੁੱਕ ਚੁੱਕ ਕੋਠੀਆਂ ਪਾ ਲੈਂਦੇ ਹਾਂ, ਵੱਡੀਆਂ ਕਾਰਾਂ, ਜੁਆਕ ਵਿਦੇਸ਼ ਭੇਜ ਲਉ। ਕਦੇ ਧਰਤੀ ਮਾਂ ਦੀ ਵੀ ਸੇਵਾ ਕੀਤੀ ਹੈ। ਜ਼ਹਿਰਾਂ ਵਰਗੀਆਂ ਦਵਾਈਆਂ, ਖਾਦਾਂ ਪਾ ਪਾ ਤੁਹਾਡੀ ਫਸਲ ਹੁੰਦੀ ਏ। ਟੀਕੇ ਲਾ ਕੇ ਦੁੱਧ ਚੋਣ ਲੱਗ ਪਏ। ਅਸੀਂ ਕਦੀ ਏਦਾਂ ਨਹੀਂ ਕੀਤਾ ਭਲਿਆ ਮਾਣਸਾ, ਖੂਹਾਂ ਤੇ ਰੁੱਖ ਲਾਉਂਦੇ ਤੇ ਸਾਂਭਦੇ ਸਾਂ। ਤੁਸੀਂ ਤੇ ਖੇਤਾਂ ਚੋਂ ਰੁੱਖ ਈ ਮੁਕਾ ਦਿੱਤੇ। ਸਾਹ ਕਿਹੜਾ ਹੱਟੀਓਂ ਲੱਭਣੇ ਨੇ? ਸਾਡੇ ਵੇਲਿਆਂ ਵਾਂਗ ਰਲਮਿਲ ਕੇ ਖੇਤੀ ਕਰੋ। ਵਿਦੇਸ਼ ਭੇਜੇ ਜੁਆਕਾਂ ਨੂੰ ਪੁੱਛੋਂ ਕਿ ਓਥੇ ਕਿਵੇਂ ਖੇਤੀ ਹੁੰਦੀ ਏ, ਕੀ ਉਥੇ ਵੀ ਅੱਗ ਲਾਉਂਦੇ ਨੇ? ਸਾਰਿਆਂ ਨੂੰ ਕਹਿਣੀ ਕਥਨੀ ਇੱਕ ਕਰਨੀ ਪੈਣੀ ਹੈ ਨਹੀਂ ਤਾਂ ਇਹੋ ਜਿਹੇ ਮਾਹੌਲ ਵਿੱਚ ਤਾਂ ਰੋਟੀ ਦੀ ਭੁੱਖ ਨਾਲੋਂ ਬਾਅਦ ਵਿੱਚ ਮਰਾਂਗੇ, ਪਰ ਜੇ ਸਾਹ ਹੀ ਨਾ ਆਇਆ ਤਾਂ ਪਹਿਲਾਂ।’’

ਬਾਬੇ ਨੇ ਗੱਲ ਸਮਝਾਈ ਅਤੇ ਪਿੱਠ ਪਲੋਸਦਿਆਂ ਗੁਰਦੁਆਰੇ ਵੱਲੇ ਹੌਲੀ ਹੌਲੀ ਤੁਰ ਪਿਆ।

-ਅਮਰਪ੍ਰੀਤ ਸਿੰਘ ਝੀਤਾ

# ਹਲਕਾ ਫੁਲਕਾ



ਕੱਲੂ, ‘‘ਕੱਲ੍ਹ ਰਾਤ ਬਿੱਲੀ ਮੇਰਾ ਰਸਤਾ ਕੱਟ ਗਈ।’’
ਗੁੱਲੂ, ‘‘ਵਿਚਾਰੀ! ਬਚ ਤਾਂ ਗਈ ਨਾ?’’

*********

ਕਿਸੇ ਪ੍ਰੇਸ਼ਾਨੀ ਦੇ ਹੱਲ ਲਈ ਨੱਥੂ ਨੂੰ ਤਾਬੀਜ਼ ਦਿੰਦੇ ਹੋਏ ਇੱਕ ਸੰਤ ਨੇ ਕਿਹਾ, ‘‘ਇਸ ਨੂੰ ਸੰਭਾਲ ਕੇ ਰੱਖੀਂ।’’
ਨੱਥੂ ਨੇ ਕਿਹਾ, ‘‘ਮਹਾਰਾਜ, ਮੇਰੇ ਤੋਂ ਤਾਂ ਗੁੰਮ ਹੋ ਜਾਵੇਗਾ। ਤੁਸੀਂ ਹੀ ਰੱਖ ਲਓ ਆਪਣੇ ਕੋਲ।’’

*********

ਪਤਨੀ, ‘‘ਕੱਲ੍ਹ ਜਿਹੜਾ ਮੰਗਤਾ ਆਇਆ ਸੀ, ਬੜਾ ਕਮੀਨਾ ਸੀ।’’
ਪਤੀ, ‘‘ਕਿਉਂ, ਕੀ ਹੋਇਆ?’’
ਪਤਨੀ, ‘‘ਕੱਲ੍ਹ ਉਸ ਨੂੰ ਖਾਣਾ ਦਿੱਤਾ ਸੀ ਅਤੇ ਅੱਜ ਮੈਨੂੰ ਕਿਤਾਬ ਦੇ ਕੇ ਗਿਆ ਹੈ-‘ਖਾਣਾ ਪਕਾਉਣਾ ਸਿੱਖੋ।’’

## ਲੜਕੀ ਨੂੰ ਮਿਲਣ ਆਏ ਨੌਜਵਾਨ ਨੂੰ ਮਾਰ ਕੁੱਟ ਦੇ ਮਗਰੋਂ ਬਾਈਕ ਉੱਤੇ ਨੰਗਾ ਘਰ ਭੇਜਿਆ

ਅੰਮ੍ਰਿਤਸਰ, 20 ਨਵੰਬਰ (ਪੋਸਟ ਬਿਊਰੋ)- ਸਰਹੱਦੀ ਪੁਲਸ ਜ਼ਿਲਾ ਅੰਮ੍ਰਿਤਸਰ ਦਿਹਾਤੀ ਦੇ ਪਿੰਡ ਚਾਟੀਵਿੰਡ ਦੇ ਕੁਝ ਲੋਕਾਂ ਨੇ ਲੜਕੀ ਨੂੰ ਮਿਲਣ ਆਏ ਨੌਜਵਾਨ ਨੂੰ ਫੜ ਲਿਆ ਅਤੇ ਉਸ ਨੂੰ ਨੰਗਾ ਕਰ ਕੇ ਬੁਰੀ ਤਰ੍ਹਾਂ ਕੁੱਟਣ ਪਿੱਛੋਂ ਮੋਟਰ ਸਾਈਕਲ ਉੱਤੇ ਹੀ ਨੰਗਾ ਘਰ ਭੇਜਿਆ। ਇਸ ਹਰਕਤ ਦੇ ਬਾਅਦ ਜ਼ਖਮੀ ਨੌਜਵਾਨ ਅਤੇ ਉਸ ਦੇ ਘਰਦਿਆਂ ਨੇ ਪੁਲਸ ਨੂੰ ਕੋਈ ਸ਼ਿਕਾਇਤ ਨਹੀਂ ਕੀਤੀ। ਨੌਜਵਾਨ ਦੀ ਕੁੱਟਮਾਰ ਕਰਨ, ਕੱਪੜੇ ਉਤਾਰਨ ਅਤੇ ਨੰਗਾ ਕਰਨ ਦੀਆਂ ਚਾਰ ਵੀਡੀਓ ਬਣਾਈਆਂ ਗਈਆਂ ਅਤੇ ਉਨ੍ਹਾਂ ਨੂੰ ਸੋਸ਼ਲ ਮੀਡੀਆ 'ਤੇ ਵਾਇਰਲ ਕਰ ਦਿੱਤਾ ਗਿਆ। ਇਸੇ ਆਧਾਰ ਉਤੇ ਮਾਮਲਾ ਪੁਲਸ ਕੋਲ ਪਹੁੰਚਿਆ ਤਾਂ ਐਸ ਐਸ ਪੀ ਅੰਮ੍ਰਿਤਸਰ ਦਿਹਾਤੀ ਨੇ ਸੰਬੰਧਤ ਥਾਣੇ ਨੂੰ ਜਾਂਚ ਦਾ ਹੁਕਮ ਦਿੱਤਾ ਹੈ। ਤਰਨ ਤਾਰਨ ਰੋਡ 'ਤੇ ਪਿੰਡ ਗੁਰੂ ਵਾਲੀ ਦੇ ਇੱਕ ਨੌਜਵਾਨ ਦਾ ਪਿੰਡ ਚਾਟੀਵਿੰਡ ਦੀ ਲੜਕੀ ਨਾਲ ਇੱਕ ਤਰਫਾ ਪ੍ਰੇਮ ਪ੍ਰਸੰਗ ਚੱਲਦਾ ਸੀ। ਉਹ ਪਿਛਲੇ ਕੁਝ ਦਿਨਾਂ ਤੋਂ ਲੜਕੀ ਦਾ ਪਿੱਛਾ ਕਰਦਾ ਸੀ। ਕੱਲ੍ਹ ਸਵੇਰੇ ਉਹ ਲੜਕੀ ਦਾ ਪਿੱਛਾ ਕਰਦੇ ਹੋਏ ਉਸ ਦੇ ਘਰ ਚਲਾ ਗਿਆ। ਜਦ ਘਰ ਵਿੱਚ ਕੋਈ ਨਹੀਂ ਸੀ ਤਾਂ ਉਸ ਨੇ ਕਾਗਜ਼ 'ਤੇ ਆਪਣਾ ਮੋਬਾਈਲ ਨੰਬਰ ਲਿਖ ਕੇ ਨਾਲ ਕਾਗਜ਼ 'ਤੇ ਲਿਖਿਆ ਕਿ ਉਹ ਉਸ ਨੂੰ ਮਿਲਣਾ ਚਾਹੁੰਦਾ ਹੈ। ਉਸ ਨੂੰ ਕਾਗਜ਼ ਲੜਕੀ ਵੱਲ ਸੁੱਟਦੇ ਹੋਏ ਪਿੰਡ ਦੇ ਕੁਝ ਲੋਕਾਂ ਨੇ ਦੇਖ ਲਿਆ। ਫਿਰ ਸਾਰਿਆਂ ਨੇ ਉਸ ਨੂੰ ਫੜ ਲਿਆ ਅਤੇ ਕੁੱਟਣਾ ਸ਼ੁਰੂ ਕਰ ਦਿੱਤਾ। ਉਸ ਨੂੰ ਇੰਨੀ ਬੁਰੀ ਤਰ੍ਹਾਂ ਕੁੱਟਿਆ ਕਿ ਉਸ ਦੇ ਹੱਥ ਪੈਰ ਸੁੱਜ ਗਏ ਅਤੇ ਇੱਕ ਅੱਖ ਵੀ ਸੁੱਜ ਗਈ। ਉਹ ਹੱਥ ਜੋੜਦਾ ਅਤੇ ਮੁਆਫੀ ਮੰਗਦਾ ਰਿਹਾ, ਪਰ ਉਸ ਦੀ ਕਿਸੇ ਨਹੀਂ ਸੁਣੀ, ਸਗੋਂ ਠੰਢ ਵਿੱਚ ਹੀ ਉਸ ਦੇ ਕੱਪੜੇ ਉਤਾਰਨੇ ਸ਼ੁਰੂ ਕਰ ਦਿੱਤੇ। ਇੱਕ ਇੱਕ ਕਰ ਕੇ ਉਸ ਦੇ ਸਾਰੇ ਕੱਪੜੇ ਉਤਾਰ ਕੇ ਉਸ ਨੂੰ ਨੰਗਾ ਕਰਨ ਦੇ ਬਾਅਦ ਫਿਰ ਤੋਂ ਜ਼ਮੀਨ 'ਤੇ ਲਿਟਾ ਕੇ ਕੁੱਟਿਆ। ਕੁਝ ਲੋਕਾਂ ਨੇ ਕਿਹਾ ਕਿ ਉਸ ਨੂੰ ਪੁਲਸ ਦੇ ਹਵਾਲੇ ਕੀਤਾ ਜਾਏ, ਪਰ ਭੜਕੇ ਲੋਕਾਂ ਨੇ ਮੌਕੇ 'ਤੇ ਖੁਦ ਉਸ ਨੂੰ ਸਜ਼ਾ ਦੇਣ ਲਈ ਕਿਹਾ ਤੇ ਕੁੱਟਣਾ ਜਾਰੀ ਰੱਖਿਆ। ਇਸ ਘਟਨਾਕ੍ਰਮ ਦੀਆਂ ਕਈ ਵੀਡੀਓ ਵੀ ਮੋਬਾਈਲ ਵਿੱਚ ਬਣਾਈਆਂ ਅਤੇ ਇਨ੍ਹਾਂ ਨੂੰ ਸੋਸ਼ਲ ਮੀਡੀਆ 'ਤੇ ਵਾਇਰਲ ਕੀਤਾ ਗਿਆ। ਵੀਡੀਓ ਅਨੁਸਾਰ ਲੜਕਾ ਪਿੰਡ ਗੁਰੂ ਵਾਲੀ ਦੇ ਗੁਰਮੁਖ ਸਿੰਘ ਦਾ ਬੇਟਾ ਹੈ। ਉਹ ਗੁਰਦੁਆਰਾ ਸਾਹਿਬ ਦੇ ਨੇੜੇ ਰਹਿੰਦਾ ਹੈ। ਉਸ ਨੂੰ ਕੁੱਟਣ ਵਾਲੇ ਦਰਜਨਾਂ ਲੋਕਾਂ ਨੇ ਉਸ ਨੂੰ ਮੋਟਰ ਸਾਈਕਲ 'ਤੇ ਬਿਠਾ ਕੇ ਨੰਗਾ ਹੀ ਘਰ ਭੇਜ ਦਿੱਤਾ। ਇਸ ਬਾਰੇ ਥਾਣਾ ਚਾਟੀਵਿੰਡ ਦੇ ਐਸ ਐਚ ਓ ਮਹਿੰ-ਦਰ ਸਿੰਘ ਦਾ ਕਹਿਣਾ ਸੀ ਕਿ ਉਨ੍ਹਾਂ ਕੋਲ ਅਜਿਹੀ ਕੋਈ ਸ਼ਿਕਾਇਤ ਨਹੀਂ ਆਈ। ਸ਼ਾਮ ਨੂੰ ਮਾਮਲਾ ਐੱਸ ਐੱਸ ਪੀ ਅੰਮ੍ਰਿਤਸਰ ਦਿਹਾਤੀ ਵਿਕਰਮਜੀਤ ਦੁੱਗਲ ਦੇ ਕੋਲ ਪਹੁੰਚਿਆ। ਉਨ੍ਹਾਂ ਨੇ ਇਸ ਮਾਮਲੇ ਦੀ ਜਾਂਚ ਦਾ ਹੁਕਮ ਦਿੱਤਾ ਹੈ।

## ਬੈਂਕਾਂ ਨੇ ਕਿਸਾਨ ਕਰਜ਼ਾ ਮੁਆਫ਼ੀ ਦੇ 126 ਕਰੋੜ ਪੰਜਾਬ ਸਰਕਾਰ ਨੂੰ ਵਾਪਸ ਭੇਜੇ

### * 10637 ਕਿਸਾਨਾਂ ਦੀ ਪਛਾਣ ਨਹੀਂ ਹੋ ਸਕੀ

ਚੰਡੀਗੜ੍ਹ, 20 ਨਵੰਬਰ (ਪੋਸਟ ਬਿਊਰੋ)- ਪੰਜਾਬ ਸਰਕਾਰ ਵੱਲੋਂ ਛੋਟੇ ਅਤੇ ਦਰਮਿਆਨੇ ਕਿਸਾਨਾਂ ਦੀ ਕਰਜ਼ਾ ਮੁਆਫੀ ਦੀਆਂ ਕੋਸ਼ਿਸ਼ਾਂ ਵਿੱਤੀ ਸੰਕਟ ਕਾਰਨ ਨਹੀਂ, ਕਈ ਹੋਰ ਕਾਰਨਾਂ ਕਰ ਕੇ ਵੀ ਸਿਰੇ ਨਹੀਂ ਚੜ੍ਹੀਆਂ। ਇਨ੍ਹਾਂ 'ਚ ਇੱਕ ਕਾਰਨ ਕੱਲ੍ਹ ਚੰਡੀਗੜ੍ਹ 'ਚ ਹੋਈ ਸੂਬਾ ਪੱਧਰੀ ਬੈਂਕਰਜ਼ ਕਮੇਟੀ (ਐਸ ਐਲ ਬੀ ਸੀ) ਦੀ ਤਿਮਾਹੀ ਸਮੀਖਿਆ ਮੀਟਿੰਗ 'ਚ ਪਤਾ ਲੱਗਾ ਹੈ। ਕਿਸਾਨਾਂ ਦੀ ਕਰਜ਼ਾ ਮੁਆਫ਼ੀ ਲਈ ਰਾਜ ਸਰਕਾਰ ਵੱਲੋਂ ਦਿੱਤੇ ਪੈਸੇ ਵਿੱਚੋਂ ਬੈਂਕਾਂ ਨੇ 338 ਕਰੋੜ ਰੁਪਏ ਕੱਲ੍ਹ ਤੱਕ ਕਿਸਾਨਾਂ ਨੂੰ ਵੰਡੇ ਨਹੀਂ ਜਾ ਸਕੇ। ਇਸ ਦਾ ਖ਼ੁਲਾਸਾ ਹੁੰਦੇ ਹੀ ਰਾਜ ਸਰਕਾਰ ਨੇ ਬੈਂਕਾਂ ਵਲੋਂ ਰੋਕੀ ਰਕਮ ਇੱਕ ਹਫ਼ਤੇ 'ਚ ਸਰਕਾਰੀ ਖ਼ਜ਼ਾਨੇ 'ਚ ਜਮ੍ਹਾਂ ਕਰਵਾਉਣ ਦੀ ਸਖ਼ਤ ਹਦਾਇਤ ਦੇ ਦਿੱਤੀ।



ਮਿਲੀ ਜਾਣਕਾਰੀ ਅਨੁਸਾਰ ਇਸ ਮੀਟਿੰਗ 'ਚ ਇਹ ਗੱਲ ਸਾਹਮਣੇ ਆਈ ਕਿ ਪੰਜਾਬ ਵਿਚਲੇ ਸਰਕਾਰੀ ਬੈਂਕਾਂ ਨੇ ਉਕਤ 338 ਕਰੋੜ ਰੁਪਏ ਵਿੱਚੋਂ 212 ਕਰੋੜ ਰੁਪਏ ਅਜੇ ਤੱਕ ਆਪਣੇ ਕੋਲ ਰੱਖੇ ਹੋਏ ਸਨ। ਇਹ ਰਕਮ ਅਸਲ ਵਿੱਚ ਕਿਸਾਨ ਕਰਜ਼ਾ ਮੁਆਫ਼ੀ ਯੋਜਨਾ ਦੇ ਤਹਿਤ ਉਨ੍ਹਾਂ ਕਿਸਾਨਾਂ ਦੀ ਹੈ, ਜਿਨ੍ਹਾਂ ਦੇ ਸਹੀ ਪਤੇ ਤੇ ਹੋਰ ਦਸਤਾਵੇਜ਼ੀ ਪਛਾਣ ਨਹੀਂ ਹੋ ਸਕੀ। ਦੱਸਿਆ ਗਿਆ ਹੈ ਕਿ ਅਜਿਹੇ ਕਿਸਾਨਾਂ ਦੀ ਗਿਣਤੀ 10637 ਹੈ। ਇਨ੍ਹਾਂ ਦੇ ਖਾਤਿਆਂ 'ਚ 212 ਕਰੋੜ ਰੁਪਏ ਦੀ ਰਕਮ ਕਰਜ਼ਾ ਮੁਆਫ਼ੀ ਵਜੋਂ ਜਮ੍ਹਾਂ ਕਰਾਉਣੀ ਸੀ, ਜੋ ਕਈ ਕਾਰਨਾਂ ਕਰ ਕੇ ਜਮ੍ਹਾਂ ਨਹੀਂ ਹੋ ਸਕੀ ਅਤੇ ਰਾਜ ਸਰਕਾਰ ਨੇ ਇਹ ਰਾਸ਼ੀ ਵਾਪਸ ਭੇਜਣ ਲਈ ਕਹਿ ਦਿੱਤਾ ਹੈ। ਬੈਂਕਾਂ ਦਾ ਕਹਿਣਾ ਹੈ ਕਿ ਕਿਸਾਨਾਂ ਦੀ ਪਛਾਣ ਸਿੱਧ ਹੋਣ ਦੀ ਉਡੀਕ ਵਿੱਚ ਇਹ ਰਕਮ ਬੈਂਕਾਂ ਨੇ ਰੋਕੀ ਹੋਈ ਸੀ। ਦੂਸਰੇ ਪਾਸੇ ਕਰਜ਼ਾ ਮੁਆਫ਼ੀ ਯੋਜਨਾ ਦੇ 6336 ਕਿਸਾਨ ਅਜਿਹੇ ਵੀ ਹਨ, ਜਿਨ੍ਹਾਂ ਦੇ ਬੈਂਕਾਂ ਵਿੱਚ ਜਾਂ ਤਾਂ ਖਾਤੇ ਨਹੀਂ ਜਾਂ ਖਾਤੇ ਬੰਦ ਹੋ ਚੁੱਕੇ ਹਨ। ਅਜਿਹੇ ਕਿਸਾਨਾਂ ਨੂੰ ਕਰਜ਼ਾ ਮੁਆਫ਼ੀ ਵਾਸਤੇ 126 ਕਰੋੜ ਰੁਪਏ ਦਿੱਤੇ ਜਾਣੇ ਸਨ, ਪਰ ਬੈਂਕ ਖਾਤੇ ਦੇ ਬਿਨਾਂ ਇਸ ਰਾਸ਼ੀ ਨੂੰ ਬੈਂਕਾਂ ਨੇ ਰਾਜ ਸਰਕਾਰ ਨੂੰ ਵਾਪਸ ਭੇਜ ਦਿੱਤਾ ਹੈ। ਬੈਂਕਰਜ਼ ਕਮੇਟੀ ਨੇ ਇਹ ਸਾਫ਼ ਨਹੀਂ ਕੀਤਾ ਕਿ ਰਾਜ ਵਿੱਚ ਕਿਹੜੇ-ਕਿਹੜੇ ਬੈਂਕ ਕੋਲ ਕਿਸਾਨ ਕਰਜ਼ਾ ਮੁਆਫ਼ੀ ਦੀ ਰਾਸ਼ੀ ਪਈ ਹੈ। ਇਸ ਸਬੰਧੀ ਤੱਥ ਸਾਹ-ਮਣੇ ਆਏ ਹਨ ਕਿ ਪੰਜਾਬ ਸਰਕਾਰ ਵੱਲੋਂ ਕਿਸਾਨਾਂ ਦੀ ਕਰਜ਼ ਮੁਆਫ਼ੀ ਯੋਜਨਾ ਦੇ ਪਿੱਛੋਂ ਕਿਸਾਨਾਂ ਨੇ ਬੈਂਕਾਂ ਦੀਆਂ ਕਿਸ਼ਤਾਂ ਦੇਣੀਆਂ ਘੱਟ ਕਰ ਦਿੱਤੀਆਂ ਸਨ, ਜਿਸ ਦੇ ਸਿੱਟੇ ਵਜੋਂ ਬੈਂਕਾਂ ਨੇ ਕਿਸਾਨਾਂ ਨੂੰ ਕਰਜ਼ਾ ਦੇਣ 'ਚ ਹੱਥ ਖਿੱਚਣੇ ਸ਼ੁਰੂ ਕਰ ਦਿੱਤੇ ਸਨ।

## ਕਤਲ ਦੇ ਮਾਮਲੇ ਵਿੱਚ ਲੋੜੀਂਦਾ ਦੂਜਾ ਦੋਸ਼ੀ ਵੀ ਕੀਤਾ ਕਾਬੂ



### * ਮਾਮਲਾ ਇਟਲੀ ਤੋਂ ਆਏ ਨੌਜਵਾਨ ਦੇ ਕਤਲ ਦਾ

ਨਕੋਦਰ, 20 ਨਵੰਬਰ (ਪੋਸਟ ਬਿਊਰੋ)- ਨਜ਼ਦੀਕੀ ਪਿੰਡ ਮੁੱਧ ਵਿਖੇ ਬੀਤੇ ਦਿਨੀਂ ਇਟਲੀ ਤੋਂ ਆਏ ਨੌਜਵਾਨ ਜਤਿੰਦਰ ਸਿੰਘ ਦੇ ਕਤਲ ਦੇ ਕੇਸ ਵਿੱਚ ਲੋੜੀਂਦੇ ਦੂਜੇ ਦੋਸ਼ੀ ਨੂੰ ਥਾਣਾ ਸਦਰ ਪੁਲਸ ਨੇ ਕਾਬੂ ਕਰ ਲਿਆ ਹੈ।

ਸਦਰ ਥਾਣਾ ਦੇ ਮੁਖੀ ਸਿਕੰਦਰ ਸਿੰਘ ਨੇ ਦੱਸਿਆ ਕਿ ਬੀਤੀ 12 ਨਵੰਬਰ ਨੂੰ ਮ੍ਰਿਤਕ ਦੇ ਭਰਾ ਪਰਵਿੰ-ਦਰ ਸਿੰਘ ਪੁੱਤਰ ਸਤਵਿੰਦਰ ਸਿੰਘ ਵਾਸੀ ਮੁੱਧ ਨੇ ਪੁਲਸ ਨੂੰ ਦੱਸਿਆ ਸੀ ਕਿ ਉਸ ਦਾ ਭਰਾ ਜਤਿੰਦਰ ਸਿੰਘ (37), ਜੋ ਕਰੀਬ 12 ਸਾਲ ਤੋਂ ਇਟਲੀ ਗਿਆ ਹੋਇਆ ਸੀ, 11 ਨਵੰਬਰ ਨੂੰ ਇਟਲੀ ਤੋਂ ਆਇਆ ਸੀ ਅਤੇ ਆਪਣੇ ਗੁਆਂਢੀ ਦੋਸਤ ਹਰਦੀਪ ਸਿੰਘ ਉਰਫ ਦੀਪੂ ਦੇ ਘਰ ਉਸ ਨੂੰ ਮਿਲਣ ਗਿਆ ਸੀ। ਕਾਫੀ ਸਮੇਂ ਬਾਅਦ ਵੀ ਘਰ ਵਾਪਸ ਨਾ ਆਇਆ ਤਾਂ ਅਸੀਂ ਉਸ ਦੀ ਭਾਲ ਵਿੱਚ ਹਰਦੀਪ ਸਿੰਘ ਉਰਫ ਦੀਪੂ ਦੇ ਘਰ ਗਏ ਤਾਂ ਦੇਖਿਆ ਕਿ ਮੇਰਾ ਭਰਾ ਜਤਿੰਦਰ ਸਿੰਘ ਗੁਆਂਢੀ ਹਰਦੀਪ ਸਿੰਘ ਦੇ ਘਰ ਬੈਡ ਉੱਤੇ ਮ੍ਰਿਤਕ ਹਾਲਤ ਵਿੱਚ ਪਿਆ ਸੀ। ਪੁਲਸ ਨੇ ਮ੍ਰਿਤਕ ਦੇ ਭਰਾ ਪਰਵਿੰਦਰ ਸਿੰਘ ਦੇ ਬਿਆਨਾਂ 'ਤੇ ਹਰਦੀਪ ਸਿੰਘ ਉਰਫ ਦੀਪੂ ਅਤੇ ਕਨੌਜ ਪੁੱਤਰ ਬੱਬੀ ਵਾਸੀ ਮੁੱਧ ਦੇ ਖਿਲਾਫ ਥਾਣਾ ਸਦਰ ਨਕੋਦਰ ਵਿਖੇ ਕਤਲ ਦਾ ਕੇਸ ਦਰਜ ਕੀਤਾ ਸੀ ਅਤੇ ਦੋਵੇਂ ਦੋਸ਼ੀ ਫਰਾਰ ਹੋ ਗਏ ਸਨ। ਸਿਕੰਦਰ ਸਿੰਘ ਨੇ ਦੱਸਿਆ ਕਿ ਜਤਿੰਦਰ ਸਿੰਘ ਦੇ ਕਤਲ ਦੇ ਕੇਸ ਵਿੱਚ ਪੁਲਸ ਨੇ ਦੂਜੇ ਦੋਸ਼ੀ ਕਨੌਜ ਪੁੱਤਰ ਬੱਬੀ ਵਾਸੀ ਮੁੱਧਾਂ ਨੂੰ ਵੀ ਗ੍ਰਿਫਤਾਰ ਕਰ ਲਿਆ ਹੈ, ਜਿਸ ਤੋਂ ਉਸ ਮਾਮਲੇ ਸੰਬੰਧੀ ਡੂੰਘਾਈ ਨਾਲ ਪੁੱਛਗਿੱਛ ਕੀਤੀ ਜਾਵੇਗੀ।

## ਕੈਂਚੀ ਮਾਰ ਕੇ ਦੋਸਤ ਦਾ ਕਤਲ ਕਰਨ ਵਾਲੇ ਤਿੰਨ ਨੌਜਵਾਨਾਂ ਨੂੰ ਉਮਰ ਕੈਦ



ਪਠਾਨਕੋਟ, 20 ਨਵੰਬਰ (ਪੋਸਟ ਬਿਊਰੋ)- ਕੈਂਚੀ ਮਾਰ ਕੇ ਆਪਣੇ ਦੋਸਤ ਦੀ ਹੱਤਿਆ ਕਰਨ ਵਾਲੇ ਤਿੰਨ ਨੌਜਵਾਨਾਂ ਨੂੰ ਜ਼ਿਲਾ ਸੈਸ਼ਨ ਜੱਜ ਡਾਕਟਰ ਤੇਜਵਿੰਦਰ ਸਿੰਘ ਦੀ ਕੋਰਟ ਨੇ ਉਮਰ ਕੈਦ ਦੀ ਸਜ਼ਾ ਸੁਣਾਈ ਹੈ। ਨਾਲ ਹੀ ਕਤਲ ਹੋਣ ਦੇ ਬਾਅਦ ਸਬੂਤ ਮਿਟਾਉਣ ਦੀ ਦੋਸ਼ੀ ਪਾਈ ਗਈ ਮਹਿਲਾ ਨੂੰ ਚਾਰ ਸਾਲ ਕੈਦ ਦੀ ਸਜ਼ਾ ਸੁਣਾਈ ਹੈ।

ਇਸ ਕਤਲ ਕੇਸ ਬਾਰੇ ਸ਼ਿਕਾਇਤ ਅੱਠ ਜੂਨ 2017 ਨੂੰ ਥਾਣਾ ਕਾਹਨੂੰਵਾਨ ਵਿੱਚ ਦਰਜ ਹੋਈ ਸੀ। ਸ਼ਿਕਾਇਤ ਕਰਤਾ ਪਿੰਡ ਝਲੋਆ ਦੇ ਸ਼ਸ਼ੀ ਕਪੂਰ ਨੇ ਪੁਲਸ ਨੂੰ ਦੱਸਿਆ ਸੀ ਕਿ ਉਸ ਦਾ ਭਰਾ ਸੰਨੀ ਪਿੰਡ ਘਰੋਟਾ ਵਿੱਚ ਬਾਰਬਰ ਸ਼ਾਪ 'ਤੇ ਕੰਮ ਕਰਦਾ ਸੀ। ਉਸ ਨੂੰ ਖੁੰਡਾ ਝਲੋਆ ਦੇ ਅਜੈ ਕੁਮਾਰ, ਅਵਾਂਖਾ (ਦੀਨਾਨਗਰ) ਦੇ ਹੈਪੀ ਤੇ ਰਾਹੁਲ ਨੇ ਆਪਣੇ ਘਰ ਬੁਲਾਇਆ ਸੀ। ਉਹ ਤਿੰਨੇ ਸੰਨੀ ਦੇ ਦੋਸਤ ਸਨ। ਸੰਨੀ ਉਨ੍ਹਾਂ ਦੇ ਘਰ ਗਿਆ, ਜਦ ਰਾਤ ਘਰ ਨਾ ਆਇਆ ਤਾਂ ਉਸ ਦੀ ਤਲਾਸ਼ ਸ਼ੁਰੂ ਕੀਤੀ ਗਈ ਅਤੇ ਅਗਲੇ ਦਿਨ ਨੇੜਲੇ ਪਿੰਡ ਗੜਮਲ ਦੇ ਏਂਜਲਸ ਪਬਲਿਕ ਸਕੂਲ ਸਾਹ-ਮਣੇ ਖਾਲੀ ਪਏ ਮਕਾਨ ਵਿੱਚ ਉਸ ਦੀ ਲਾਸ਼ ਮਿਲੀ। ਉਸ ਦੇ ਸਿਰ ਅਤੇ ਗਲੇ 'ਤੇ ਡੂੰਘੇ ਜ਼ਖਮ ਸਨ। ਸੰਨੀ ਦੇ ਤਿੰਨਾਂ ਦੋਸਤਾਂ 'ਤੇ ਹੱਤਿਆ ਦਾ ਸ਼ੱਕ ਜ਼ਾਹਰ ਕਰਦੇ ਹੋਏ ਸ਼ਿਕਾਇਤ ਦਰਜ ਕੀਤੀ ਗਈ ਸੀ। ਇਸ ਦੇ ਬਾਅਦ ਜਾਂਚ ਵਿੱਚ ਪਤਾ ਲੱਗਾ ਕਿ ਕਿਸੇ ਗੱਲ 'ਤੇ ਚਾਰਾਂ ਵਿੱਚ ਹੋਏ ਝਗੜੇ ਦੇ ਬਾਅਦ ਸੰਨੀ ਦੀ ਕੈਂਚੀ ਮਾਰ ਕੇ ਉਸ ਦੇ ਦੋਸਤਾਂ ਨੇ ਹੱਤਿਆ ਕਰ ਦਿੱਤੀ ਸੀ ਤੇ ਉਸ ਦੇ ਖ਼ੂਨ ਨਾਲ ਲਿਬੜੇ ਕੱਪੜੇ ਅਜੈ ਕੁਮਾਰ ਦੀ ਪਤਨੀ ਪੂਜਾ ਦੇਵੀ ਨੇ ਧੋ ਕੇ ਟਿਕਾਣੇ ਲਾਏ। ਪੂਜਾ ਦੇ ਖਿਲਾਫ ਸਬੂਤ ਮਿਟਾਉਣ ਦੀ ਧਾਰਾ ਦਾ ਕੇਸ ਦਰਜ ਹੋਇਆ। ਪਠਾਨਕੋਟ ਡਿਸਟ੍ਰਿਕ ਅਟਾਰਨੀ ਵਿਵੇਕ ਪੁਰੀ ਨੇ ਦੱਸਿਆ ਕਿ ਕੋਰਟ ਨੇ ਦੋਸ਼ੀ ਅਜੈ, ਹੈਪੀ ਅਤੇ ਰਾਹੁਲ ਨੂੰ ਉਮਰ ਕੈਦ ਅਤੇ ਪੂਜਾ ਨੂੰ ਚਾਰ ਸਾਲ ਕੈਦ ਸੁਣਾਈ ਹੈ।

## ਜਲੰਧਰ ਦਾ ਠੱਗ ਪੈਸੇ ਕਢਵਾਉਣ ਲਈ ਬੇਹੋਸ਼ ਪੀੜਤ ਨੂੰ ਬੈਂਕ 'ਚ ਲੈ ਗਿਆ

ਜਲੰਧਰ, 20 ਨਵੰਬਰ (ਪੋਸਟ ਬਿਊਰੋ)- ਨੌਕਰੀ ਅਤੇ ਇੰਟਰਨੈਸ਼ਨਲ ਵੀਜ਼ਾ ਦਿਵਾਉਣ ਦੇ ਨਾਂ ਉੱਤੇ ਮੁੰਬਈ ਦੇ ਤਿੰਨ ਲੋਕਾਂ ਨਾਲ ਲੁੱਟ-ਖੋਹ ਅਤੇ ਇੱਕ ਔਰਤ ਨਾਲ ਲੁੱਟ ਤੇ ਬਲਾਤਕਾਰ ਕਰਨ ਵਾਲੇ ਬਦਮਾਸ਼ ਸਿਮਰਨ ਸਿੰਘ ਨੂੰ ਕੋਰਟ ਨੇ ਕੱਲ੍ਹ ਨੂੰ ਪੰਜ ਦਿਨਾਂ ਦੇ ਰਿਮਾਂਡ 'ਤੇ ਪੁਲਸ ਨੂੰ ਸੌਂਪ ਦਿੱਤਾ ਹੈ।

ਜਲੰਧਰ ਦੇ ਬਸਤੀ ਪੀਰਦਾਦ ਦੀ ਬਾਜਵਾ ਕਾਲੋਨੀ ਦੇ ਦੋਸ਼ੀ ਸਿਮਰਨ ਸਿੰਘ ਪੁੱਤਰ ਓਮਕਾਰ ਸਿੰਘ ਬਾਰੇ ਪੁਲਸ ਦਾ ਕਹਿਣਾ ਹੈ ਕਿ ਉਹ ਇੱਕ ਪੀੜਤ ਦੇ ਖਾਤੇ ਵਿੱਚੋਂ ਪੈਸੇ ਕਢਵਾਉਣ ਲਈ ਉਸ ਨੂੰ ਬੇਹੋਸ਼ੀ ਦੀ ਹਾਲਤ ਵਿੱਚ ਬੈਂਕ ਤੱਕ ਲੈ ਕੇ ਚਲਾ ਗਿਆ ਸੀ। ਪੁਲਸ ਨੇ ਉਸ ਕੋਲੋਂ ਕਾਮ ਉਤੇਜਨਾ ਵਧਾਉਣ ਵਾਲੀਆਂ ਦਵਾਈਆਂ ਤੇ ਇਤਰਾਜ਼ ਯੋਗ ਸਮੱਗਰੀ ਵੀ ਜ਼ਬਤ ਕੀਤੀ ਹੈ। ਦੋਸ਼ੀ ਨੇ ਮੁੰਬਈ ਦੇ ਰਾਜਿੰਦਰ ਗੁਣੇਕਰ, ਅਨਿਲ ਪਵਾਰ ਅਤੇ ਹੋਰ ਔਰਤਾਂ ਨੂੰ ਨੌਕਰੀ ਦਿਵਾਉਣ ਦੇ ਨਾਂ ਉੱਤੇ ਭੋਪਾਲ ਸੱਦਿਆ ਅਤੇ ਰਾਜਹੰਸ ਅਤੇ ਕਮਲਾ ਰੈਜ਼ੀਡੈਂਸੀ ਹੋਟਲ 'ਚ ਠਹਿਰਾਇਆ ਤੇ ਉਨ੍ਹਾਂ ਨੂੰ ਨਸ਼ੀਲਾ ਪਦਾਰਥ ਖੁਆ ਕੇ ਬੇਸੁੱਧ ਕਰਕੇ ਲੁੱਟ ਲਿਆ ਸੀ। ਉਹ ਅੰਗਰੇਜ਼ੀ ਤੇ ਹਿੰਦੀ ਅਖ਼ਬਾਰਾਂ 'ਚ ਇਸ਼ਤਿਹਾਰ ਦੇ ਕੇ ਲੋਕਾਂ ਨੂੰ ਨੌਕਰੀ ਤੇ ਇੰਟਰਨੈਸ਼ਨਲ ਵੀਜ਼ਾ ਦਿਵਾਉਣ ਦਾ ਝਾਂਸਾ ਦਿੰਦਾ ਸੀ ਅਤੇ ਉਸ ਨੇ ਮੁੰਬਈ ਦੀਆਂ ਦੋ ਔਰਤਾਂ ਸਣੇ ਚਾਰ ਲੋਕਾਂ ਨੂੰ ਭੋਪਾਲ ਸੱਦਿਆ ਸੀ, ਜਿਨ੍ਹਾਂ ਵਿੱਚੋਂ ਇੱਕ ਔਰਤ ਨੂੰ ਨਸ਼ੀਲਾ ਪਦਾਰਥ ਖੁਆ ਕੇ ਉਸ ਨਾਲ ਦੋ ਦਿਨ ਬਲਾਤਕਾਰ ਵੀ ਕੀਤਾ। ਘਟਨਾ ਦੀ ਜਾਣਕਾਰੀ ਮਿਲਣ ਪਿੱਛੋਂ ਪੁਲਸ ਨੇ ਦੋਸ਼ੀ ਨੂੰ ਗ੍ਰਿਫਤਾਰ ਕਰਨ ਲਈ ਬਲਾਤਕਾਰ ਅਤੇ ਠੱਗੀ ਦੀ ਪੀੜਤਾ ਤੋਂ ਹੀ ਫੋਨ ਕਰਵਾਇਆ। ਕੱਲ੍ਹ ਜਦੋਂ ਦੋਸ਼ੀ ਹੋਟਲ ਪੁੱਜਾ ਤਾਂ ਉਸ ਨੂੰ ਫੜ ਲਿਆ। ਉਸ ਕੋਲੋਂ ਫਰਜ਼ੀ ਆਧਾਰ ਕਾਰਡ ਤੇ ਵੋਟਰ ਕਾਰਡ ਵੀ ਮਿਲੇ ਹਨ ਅਤੇ ਉਸ ਨੇ ਕਰੀਬ 15 ਵਾਰਦਾਤਾਂ ਕਬੂਲੀਆਂ ਹਨ। ਪੁਲਸ ਮੁਤਾਬਕ ਦੋਸ਼ੀ ਦੇ ਸ਼ਾਤਰ ਹੋਣ ਦਾ ਪਤਾ ਏਥੋਂ ਲੱਗਦਾ ਹੈ ਕਿ ਉਹ ਪੀੜਤ ਰਾਜਿੰਦਰ ਗੁਣੇਕਰ ਦੇ ਖਾਤੇ 'ਚੋਂ ਦੋ ਲੱਖ ਰੁਪਏ ਚੈਕ ਰਾਹੀਂ ਕਢਵਾਉਣ ਲਈ ਉਸ ਨੂੰ ਬੇਹੋਸ਼ੀ ਦੀ ਹਾਲਤ ਵਿੱਚ ਐਮ ਪੀ ਨਗਰ ਦੇ ਕੋਟਕ ਮਹਿੰਦਰਾ ਬੈਂਕ ਵੀ ਜਾ ਪੁੱਜਾ ਸੀ। ਉਸ ਨੇ ਰਾਜਿੰ-ਦਰ ਨੂੰ ਟੈਕਸੀ 'ਚ ਛੱਡ ਦਿੱਤਾ ਸੀ ਅਤੇ ਆਪ ਬੈਂਕ ਵਿੱਚ ਪੁੱਜਾ ਅਤੇ ਦੋ ਲੱਖ ਦਾ ਚੈਕ ਕਲੀਅਰ ਕਰਨ ਲਈ ਕਿਹਾ। ਬੈਂਕ ਮੁਲਾਜ਼ਮਾਂ ਨੇ ਚੌਕਸੀ ਵਰਤੀ ਤੇ ਕਿਹਾ ਕਿ ਉਹ ਭੁਗਤਾਨ ਨਹੀਂ ਕਰ ਸਕਦੇ। ਸਿਮਰਨ ਨੇ ਬੈਂਕ ਮੁਲਾਜ਼ਮਾਂ ਨੂੰ ਭਰੋਸਾ ਦਿੱਤਾ ਕਿ ਰਾਜਿੰਦਰ ਬਾਹਰ ਟੈਕਸੀ 'ਚ ਹੈ, ਉਸ ਦੀ ਤਬੀਅਤ ਠੀਕ ਨਹੀਂ ਹੈ। ਮੁਲਜ਼ਮਾਂ ਨੇ ਰਾਜਿੰਦਰ ਨਾਲ ਗੱਲ ਕੀਤੀ ਤਾਂ ਉਸ ਨੇ ਭੁਗਤਾਨ ਕਰਨ ਦੀ ਹਾਮੀ ਭਰ ਦਿੱਤੀ ਸੀ। ਇਸ ਤੋਂ ਬਾਅਦ ਭੁਗਤਾਨ ਹੋ ਗਿਆ।

## ਝਗੜੇ ਪਿੱਛੋਂ ਗੋਲੀ ਮਾਰ ਕੇ ਅਕਾਲੀ ਨੇਤਾ ਦਾ ਕਤਲ, ਫਿਰ ਲੱਤਾਂ ਵੀ ਵੱਢੀਆਂ

ਬਟਾਲਾ, 20 ਨਵੰਬਰ (ਪੋਸਟ ਬਿਊਰੋ)- ਜ਼ਿਲਾ ਗੁਰਦਾਸਪੁਰ ਵਿੱਚ ਗੁਆਂਢੀ ਨਾਲ ਝਗੜੇ ਪਿੱਛੋਂ ਸਥਾਨਕ ਅਕਾਲੀ ਨੇਤਾ ਦਲਬੀਰ ਸਿੰਘ ਦੀ ਗੋਲੀ ਮਾਰ ਕੇ ਹੱਤਿਆ ਕਰ ਦਿੱਤੀ ਗਈ ਤੇ ਬਾਅਦ ਵਿੱਚ ਉਨ੍ਹਾਂ ਦੀਆਂ ਲੱਤਾਂ ਵੀ ਵੱਢ ਦਿੱਤੀਆਂ ਜਾਣ ਦੀ ਖਬਰ ਆਈ ਹੈ। ਬਟਾਲਾ ਦੇ ਸੀਨੀਅਰ ਪੁਲਸ ਅਧਿਕਾਰੀ ਓਪਿੰਦਰਜੀਤ ਸਿੰਘ ਘੁੰਮਣ ਨੇ ਹੱਤਿਆ ਦੇ ਪਿੱਛੇ ਕਿਸੇ ਵੀ ਰਾਜਨੀਤਕ ਸਾਜ਼ਿਸ਼ ਹੋਣ ਦੀ ਗੱਲ ਤੋਂ ਇਨਕਾਰ ਕੀਤਾ ਹੈ।

ਮ੍ਰਿਤਕ ਦਲਬੀਰ ਸਿੰਘ (51) ਸ਼੍ਰੋਮਣੀ ਅਕਾਲੀ ਦਲ ਦੀ ਗੁਰਦਾਸਪੁਰ ਇਕਾਈ ਦੇ ਉਪ ਪ੍ਰਧਾਨ ਸਨ ਤੇ ਦੋ ਵਾਰ ਪਿੰਡ ਦੇ ਸਰਪੰਚ ਰਹੇ ਸਨ। ਕਤਲ ਦੀ ਘਟਨਾ ਸੋਮਵਾਰ ਸ਼ਾਮ ਢਿੱਲਵਾਂ ਪਿੰਡ ਵਿੱਚ ਹੋਈ। ਐਸ ਐਸ



ਮ੍ਰਿਤਕ ਦੀ ਫਾਇਲ ਫੋਟੋ।

ਪੀ ਨੇ ਦੱਸਿਆ ਕਿ ਦਲਬੀਰ ਸਿੰਘ ਤੇ ਉਸ ਦੇ ਗੁਆਂਢੀ ਬਲਵਿੰਦਰ ਦੀ ਇੱਕ ਨੌਕਰ ਰੱਖਣ ਤੋਂ ਬਹਿਸ ਹੋ ਗਈ ਸੀ। ਪਿੰਡ ਵਾਲਿਆਂ ਨੇ ਦੋਵਾਂ ਦਾ ਸਮਝੌਤਾ ਕਰਵਾ ਦਿੱਤਾ ਸੀ। ਪੁਲਸ ਅਨੁਸਾਰ ਦਲਬੀਰ ਸਿੰਘ ਤੇ ਉਨ੍ਹਾਂ ਦਾ ਬੇਟਾ ਸੋਮਵਾਰ ਸ਼ਾਮ ਜਦ ਪਿੰਡੋਂ ਬਾਹਰ ਫਿਰਨੀ ਉੱਤੇ ਟਹਿਲ ਰਹੇ ਸਨ ਤਾਂ ਬਲਵਿੰਦਰ ਸਿੰਘ ਤੇ ਉਨ੍ਹਾਂ ਦੇ ਦੋ ਪੁੱਤਰਾਂ ਮੇਜਰ ਸਿੰਘ (25), ਮਨਦੀਪ ਸਿੰਘ (24) ਅਤੇ ਕੁਝ ਹੋਰ ਲੋਕਾਂ ਨੇ ਉਨ੍ਹਾਂ ਨੂੰ ਘੇਰ ਲਿਆ। ਉਨ੍ਹਾਂ ਵਿੱਚੋਂ ਇੱਕ ਨੇ ਦਲਬੀਰ ਸਿੰਘ ਉੱਤੇ ਛੇ ਗੋਲੀਆਂ ਚਲਾ ਦਿੱਤੀਆਂ। ਇਸ ਪਿੱਛੋਂ ਬਲਵਿੰਦਰ ਸਿੰਘ ਨੇ ਇੱਕ ਤੇਜ਼ਧਾਰ ਹਥਿਆਰ ਨਾਲ ਦਲਬੀਰ ਦੀਆਂ ਲੱਤਾਂ ਵੱਢ ਦਿੱਤੀਆਂ। ਉਨ੍ਹਾਂ ਦੱਸਿਆ ਕਿ ਦਲਬੀਰ ਸਿੰਘ ਨੂੰ ਹਸਪਤਾਲ ਲਿਜਾ-ਇਆ ਗਿਆ ਤਾਂ ਡਾਕਟਰਾਂ ਨੇ ਮ੍ਰਿਤਕ ਕਰਾਰ ਦੇ ਦਿੱਤਾ।

ਐੱਸ ਐੱਸ ਪੀ ਨੇ ਕਿਹਾ ਕਿ ਤਿੰਨ ਦੋਸ਼ੀਆਂ ਅਤੇ ਛੇ ਅਣਪਛਾਤੇ ਲੋਕਾਂ ਖਿਲਾਫ ਅਸਲਾ ਐਕਟ ਅਤੇ ਧਾਰਾ 302 (ਕਤਲ) ਅਤੇ ਹੋਰ ਸੰਬੰਧਤ ਧਾਰਾਵਾਂ ਦਾ ਕੇਸ ਦਰਜ ਕੀਤਾ ਗਿਆ ਹੈ, ਪਰ ਦੋਸ਼ੀ ਫਰਾਰ ਹਨ ਅਤੇ ਉਨ੍ਹਾਂ ਨੂੰ ਫੜਨ ਲਈ ਕਈ ਟੀਮਾਂ ਦਾ ਗਠਨ ਕੀਤਾ ਗਿਆ ਹੈ।

## ਮੰਗੇਤਰ ਦੇ ਨਾਲ ਗੁਰਦੁਆਰੇ ਗਏ ਲੜਕੇ ਨੂੰ ਕੁੱਟਣ ਦੀ ਵੀਡੀਓ ਵਾਇਰਲ ਕੀਤੀ ਗਈ

ਫਤਿਹਗੜ੍ਹ ਸਾਹਿਬ, 20 ਨਵੰਬਰ (ਪੋਸਟ ਬਿਊਰੋ)- ਗੁਰਦੁਆਰਾ ਭੋਰਾ ਸਾਹਿਬ 'ਚ ਮੰਗੇਤਰ ਸਮੇਤ ਮੱਥਾ ਟੇਕਣ ਆਏ ਨੌਜਵਾਨ ਦੀ ਕੁੱਟਮਾਰ ਦੀ ਵੀਡੀਓ ਸੋਸ਼ਲ ਮੀਡੀਆ 'ਤੇ ਵਾਇਰਲ ਕਰਨ ਦਾ ਕੇਸ ਥਾਣੇ ਪਹੁੰਚ ਗਿਆ ਹੈ।

ਥਾਣਾ ਫਤਿਹਗੜ੍ਹ ਸਾਹਿਬ ਵਿੱਚ ਇਨਸਾਫ ਲਈ ਗਏ ਲੜਕੇ ਜਸਪ੍ਰੀਤ ਸਿੰਘ ਦੇ ਪਿਤਾ ਕੁਲਦੀਪ ਸਿੰਘ ਦੇ ਨਾਲ ਲੜਕੀ ਦੇ ਪਿਤਾ ਮੰਜੂ ਕੁਮਾਰ ਨੇ



ਦੱਸਿਆ ਕਿ ਲੜਕੇ ਲੜਕੀ ਦੀ ਕਰੀਬ ਦੋ ਮਹੀਨੇ ਪਹਿਲਾਂ ਮੰਗਣੀ ਹੋਈ ਸੀ ਅਤੇ ਦੋਵੇਂ ਉਨ੍ਹਾਂ ਦੀ ਸਹਿਮਤੀ ਨਾਲ ਸੋਮਵਾਰ ਭੋਰਾ ਸਾਹਿਬ ਮੱਥਾ ਟੇਕਣ ਆਏ ਸਨ। ਲੜਕੇ ਨੇ ਦੱਸਿਆ ਕਿ ਜਦੋਂ ਉਹ ਦੋਵੇਂ ਭੋਰਾ ਸਾਹਿਬ ਬੈਠੇ ਸਨ ਤਾਂ ਦੋ ਵਿਅਕਤੀਆਂ, ਜੋ ਨਿਹੰਗ ਸਿੰਘ ਦੇ ਬਾਣੇ ਵਿੱਚ ਸਨ, ਨੇ ਪੁੱਛਿਆ ਕਿ ਤੁਸੀਂ ਇਥੇ ਕੀ ਕਰਦੇ ਹੋ ਤਾਂ ਉਸ ਨੇ ਆਪਣੇ ਪਰਵਾਰ ਨਾਲ ਉਨ੍ਹਾਂ ਦੀ ਮੰਗਣੀ ਹੋਣ ਬਾਰੇ ਗੱਲ ਕਰਵਾ ਦਿੱਤੀ, ਪਰ ਇਸ ਦੇ ਬਾਵਜੂਦ ਇੱਕ ਜਣੇ ਨੇ ਉਸ ਦੀ ਕੁੱਟਮਾਰ ਕਰ ਕੇ ਉਸ ਦੀ ਵੀਡੀਓ ਬਣਾ ਕੇ ਸੋਸ਼ਲ ਮੀਡੀਆ ਉੱਤੇ ਵਾਇਰਲ ਕਰ ਦਿੱਤੀ। ਗੁਰਦੁਆਰਾ ਫਤਿਹਗੜ੍ਹ ਸਾਹਿਬ ਦੇ ਮੈਨੇਜਰ ਨੱਥਾ ਸਿੰਘ ਦੇ ਮੁਤਾਬਕ ਉਨ੍ਹਾਂ ਨੇ ਇਸ ਬਾਰੇ ਕਾਰਵਾਈ ਕਰਨ ਦੇ ਲਈ ਜ਼ਿਲਾ ਪੁਲਸ ਮੁਖੀ ਨੂੰ ਸ਼ਿਕਾਇਤ ਕੀਤੀ ਹੈ। ਇਨ੍ਹਾਂ ਵਿਅਕਤੀਆਂ ਦਾ ਸਤਿਕਾਰ ਕਮੇਟੀ ਨਾਲ ਕੋਈ ਸਰੋਕਾਰ ਨਹੀਂ ਹੈ, ਇਸ ਲਈ ਉਨ੍ਹਾਂ ਖਿਲਾਫ ਕਾਰਵਾਈ ਕੀਤੀ ਜਾਵੇ।

## ਸ਼ਿਵ ਸੈਨਾ ਨੇਤਾ ਤੇ ਨਿਹੰਗ ਸਿੰਘ ਨੂੰ ਗੋ.ਲੀ ਮਾਰਨ ਵਾਲਾ ਸਾਥੀਆਂ ਸਮੇਤ ਕਾਬੂ

ਬਟਾਲਾ, 20 ਨਵੰਬਰ (ਪੋਸਟ ਬਿਊਰੋ)- ਸ਼ਿਵ ਸੈਨਾ ਦੇ ਇੱਕ ਨੇਤਾ ਅਤੇ ਨਿਹੰਗ ਸਿੰਘ ਉੱਤੇ ਗੋ.ਲੀ ਚਲਾਉਣ ਦੇ ਮਾਮਲੇ ਵਿੱਚ ਫ਼ਰਾਰ ਗੈਂਗਸਟਰ ਅਜੇ ਉਰਫ਼ ਅਜੂ ਮਸੀਹ ਸਹਿਤ ਉਸ ਦੇ ਸਾਥੀਆਂ ਨੂੰ ਬਟਾਲਾ ਦੀ ਥਾਣਾ ਸਿਟੀ ਪੁਲਿਸ ਨੇ ਬੈਂਕ ਕਾਲੋਨੀ ਵਿਖੇ ਨਾਕੇ ਦੌਰਾਨ ਗ੍ਰਿਫ਼ਤਾਰ ਕਰ ਲਿਆ ਹੈ।

ਪਤਾ ਲੱਗਾ ਹੈ ਕਿ ਫੜੇ ਗਏ ਸਾਰੇ ਦੋਸ਼ੀ ਗੈਂਗਸਟਰ ਜੱਗੂ ਭਗਵਾਨਪੁਰੀਆ ਦੀ ਗੈਂਗ ਵਿੱਚੋਂ ਹਨ। ਇਨ੍ਹਾਂ ਦੀ ਪਛਾਣ ਅਜੇ ਉਰਫ਼ ਅਜੂ ਮਸੀਹ ਪੁੱਤਰ ਤਰਸੇਮ ਵਾਸੀ ਰਈਆ, ਨਵਜੋਤ ਸਿੰਘ ਪੁੱਤਰ ਰੰਜੀਤ ਸਿੰਘ ਪਿੰਡ ਬੁੱਟਰ ਸੀਵੀਆ, ਗੁਰਵਿੰਦਰ ਸਿੰਘ ਉਰਫ਼ ਬਾਬਾ ਸਿੰਘ ਪੁੱਤਰ ਅਜੀਤ ਸਿੰਘ ਵਾਸੀ ਚੰਨਣਕੇ, ਜੁਗਰਾਜ ਸਿੰਘ ਅਤੇ ਪ੍ਰਭਜੋਤ ਸਿੰਘ ਵਾਸੀ ਅਲੀਵਾਲ ਵਜੋਂ ਹੋਈ ਹੈ। ਪੁਲਿਸ ਨੇ ਇਨ੍ਹਾਂ ਤੋਂ 260 ਗ੍ਰਾਮ ਹੈਰੋਇਨ, 2 ਕੰਪਿਊਟਰ ਕੰਡੇ, 8 ਪਿਸਟਲ (6 ਪਿਸਟਲ 32 ਬੋਰ, 1 ਪਿਸਟਲ 30 ਬੋਰ, 1 ਪਿਸਟਲ 315 ਬੋਰ, 2 ਰਾਈਫਲਾਂ, 185 ਕਾਰਤੂਸ, 90 ਰੌਂਦ 32 ਬੋਰ, 52 ਰੌਂਦ 30 ਬੋਰ, 40 ਰੌਂਦ 12 ਬੋਰ, 3 ਰੌਂਦ 315 ਬੋਰ), 2 ਕਾਰਾਂ ਬਰਾਮਦ ਕੀਤੀਆਂ ਹਨ।

ਪੁਲਿਸ ਲਾਈਨ ਵਿੱਚ ਪ੍ਰੈੱਸ ਕਾਨਫਰੰਸ ਵਿੱਚ ਆਈ ਜੀ ਬਾਰਡਰ ਜ਼ੋਨ ਸੁਰਿੰਦਰ ਪਾਲ ਸਿੰਘ ਪਰਮਾਰ ਅਤੇ ਐੱਸ ਐੱਸ ਪੀ ਬਟਾਲਾ ਉਪਿੰਦਰਜੀਤ ਸਿੰਘ ਘੁੰਮਣ ਨੇ ਕਿਹਾ ਕਿ ਬੀਤੀ ਰਾਤ ਥਾਣਾ ਸਿਟੀ ਪੁਲਿਸ





ਨੇ ਬੈਂਕ ਕਾਲੋਨੀ ਵਿਖੇ ਨਾਕਾ ਲਾਇਆ ਹੋਇਆ ਸੀ। ਪੁਲਿਸ ਟੀਮ ਨੇ ਓਥੇ ਦੋ ਕਾਰਾਂ ਦੀ ਤਲਾਸ਼ੀ ਲਈ ਤਾਂ ਉਨ੍ਹਾਂ ਤੋਂ ਭਾਰੀ ਮਾਤਰਾ ਵਿਚ ਹੈਰੋਇਨ, ਮਹਿੰਗੇ ਹਥਿਆਰ ਤੇ ਕਾਰਤੂਸ ਮਿਲੇ। ਕਾਰਾਂ ਸਵਾਰਾਂ ਲੋਕਾਂ ਨੂੰ ਗ੍ਰਿਫਤਾਰ ਕਰ ਕੇ ਉਨ੍ਹਾਂ ਖ਼ਿਲਾਫ਼ ਥਾਣਾ ਸਿਟੀ ਵਿੱਚ ਕੇਸ ਦਰਜ ਕੀਤਾ ਗਿਆ। ਬੁੱਧਵਾਰ ਸ਼ਾਮ ਉਨ੍ਹਾਂ ਨੂੰ ਅਦਾਲਤ ਵਿਚ ਪੇਸ਼ ਕੀਤਾ ਤਾਂ ਅਦਾਲਤ ਨੇ ਚਾਰ ਦਿਨ ਦੇ ਪੁਲਿਸ ਰਿਮਾਂਡ ਉੱਤੇ ਭੇਜ ਦਿੱਤਾ। ਉਨ੍ਹਾਂ ਦੱਸਿਆ ਕਿ ਗੈਂਗ ਦਾ ਸਰਗਨਾ ਅਜੇ ਉਰਫ਼ ਅਜੂ ਮਸੀਹ ਹੈ। ਗੈਂਗਸਟਰ ਜੱਗੂ ਭਗਵਾਨਪੁਰੀਆ ਨਾਲ ਉਸ ਦੇ ਪੁਰਾਣੇ ਸਬੰਧ ਹਨ। ਉਸ ਨੇ ਮੰਨਿਆ ਕਿ ਇਸ ਸਾਲ ਉਸ ਨੇ ਸ਼ਿਵ ਸੈਨਾ ਨੇਤਾ ਤੇ ਨਿਹੰਗ ਸਿੰਘ ਨੂੰ ਗੋ.ਲੀ ਚਲਾ ਕੇ ਮਾਰਨ ਦੀ ਕੋਸ਼ਿਸ਼ ਕੀਤੀ ਸੀ। ਇਸ ਦੇ ਖ਼ਿਲਾਫ਼ ਵੱਖ-ਵੱਖ ਥਾਣਿਆਂ ਵਿੱਚ ਕਰੀਬ 16 ਕੇਸ ਦਰਜ ਹਨ। ਉਸ ਦੇ ਸਾਥੀ ਨਵਜੋਤ ਸਿੰਘ ਉੱਤੇ 17, ਰਵਿੰਦਰ ਸਿੰਘ ਉਰਫ਼ ਬਾਬਾ ਉੱਤੇ 4, ਜੁਗਰਾਜ ਸਿੰਘ, ਪ੍ਰਭਜੋਤ ਸਿੰਘ ਨਿਵਾਸੀ ਅਲੀਵਾਲ ਖ਼ਿਲਾਫ਼ 1-1 ਕੇਸ ਦਰਜ ਹੈ। ਐੱਨ ਡੀ ਪੀ ਐੱਸ ਐਕਟ ਅਧੀਨ ਅਜੂ ਨੂੰ 10 ਸਾਲ ਦੀ ਸਜ਼ਾ ਹੋ ਚੁੱਕੀ ਹੈ, ਪਰ ਸਾਲ 2016 ਵਿਚ ਹਾਈ ਕੋਰਟ ਤੋਂ ਜ਼ਮਾਨਤ ਲੈ ਕੇ ਨਿਕਲਿਆ ਸੀ।

## ਵਿਆਹ ਤੋਂ ਕੁਝ ਘੰਟੇ ਪਹਿਲਾਂ ਹਾਦਸੇ ਵਿੱਚ ਲਾੜੇ ਦੀ ਮੌਤ, 2 ਜਣੇ ਫੱਟੜ

ਜ਼ੀਰਕਪੁਰ, 20 ਨਵੰਬਰ (ਪੋਸਟ ਬਿਊਰੋ)- ਕੱਲ੍ਹ ਰਾਤ ਛੱਤਬੀੜ ਚਿੜੀਆਘਰ ਨੇੜੇ ਰਾਮਪੁਰ ਕਲਾਂ ਰੋਡ ਉੱਤੇ ਸੜਕ ਹਾਦਸੇ ਵਿੱਚ ਗੁਰਤੇਜ ਸਿੰਘ (31) ਉਰਫ ਤੇਜਾ ਪਿੰਡ ਛੱਤ ਦੀ ਮੌਤ ਹੋ ਗਈ। ਮ੍ਰਿਤਕ ਦਾ 19 ਨਵੰਬਰ ਨੂੰ ਸ਼ਗਨ ਪਿਆ ਅਤੇ 20 ਨਵੰਬਰ ਨੂੰ ਵਿਆਹ ਹੋਣਾ ਸੀ। ਪੂਰਾ ਪਰਿਵਾਰ ਉਸ ਦੀ ਬਰਾਤ ਦੀ ਤਿਆਰੀ ਕਰ ਰਿਹਾ ਸੀ ਇਹ ਹਾਦਸਾ ਰਾਮਪੁਰ ਕਲਾਂ ਰੋਡ ਉੱਤੇ ਟ੍ਰੀਟਮੈਂਟ ਪਲਾਂਟ ਕੋਲ ਓਦੋਂ ਵਾਪਰਿਆ ਜਦੋਂ ਗੁਰਤੇਜ ਆਪਣੇ ਦੋਸਤਾਂ ਪ੍ਰਵੀਨ ਅਤੇ ਮਨਜੀਤ ਸਿੰਘ ਉਰਫ ਬੁੱਲ੍ਹੜ ਨਾਲ ਆਲਟੋ ਕਾਰ ਉੱਤੇ ਰਾਮਪੁਰ ਕਲਾਂ ਜਾ ਰਿਹਾ ਸੀ। ਰਾਹ ਵਿੱਚ ਤਿੱਖੇ ਮੋੜ



ਮ੍ਰਿਤਕ ਦੀ ਫਾਇਲ ਫੋਟੋ।

ਉੱਤੇ ਟਰੱਕ ਦੀ ਟੱਕਰ ਕਾਰਨ ਤੇਜ਼ ਰਫ਼ਤਾਰ ਕਾਰ ਸੜਕ ਕੰਢੇ ਲੱਗੇ ਕਿੱਕਰ ਦੇ ਦਰੱਖਤ ਨਾਲ ਟਕਰਾਉਣ ਪਿੱਛੋਂ ਪਲਟ ਗਈ। ਕਾਰ ਮਨਜੀਤ ਚਲਾ ਰਿਹਾ ਸੀ ਤੇ ਗੁਰਤੇਜ ਉਸ ਦੇ ਨਾਲ ਸੀਟ ਉੱਤੇ ਬੈਠਾ ਸੀ ਤੇ ਪ੍ਰਵੀਨ ਪਿੱਛੇ ਬੈਠਾ ਸੀ। ਹਾਦਸੇ ਵਿੱਚ ਤਿੰਨੇ ਨੌਜਵਾਨ ਸਖਤ ਜ਼ਖ਼ਮੀ ਹੋ ਗਏ, ਜਿਨ੍ਹਾਂ ਨੂੰ ਪਿੰਡ ਦੇ ਇਕ ਪ੍ਰਾਈਵੇਟ ਕਲੀਨਿਕ ਲਿਜਾਇਆ ਗਿਆ, ਜਿੱਥੋਂ ਉਨ੍ਹਾਂ ਨੂੰ ਵੀ ਆਈ ਪੀ ਰੋਡ ਉੱਤੇ ਐੱਮ ਕੇਅਰ ਹਸਪਤਾਲ ਪਹੁੰਚਾਇਆ। ਉਥੇ ਡਾਕਟਰਾਂ ਨੇ ਗੁਰਤੇਜ ਨੂੰ ਮ੍ਰਿਤਕ ਐਲਾਨ ਕਰ ਦਿੱਤਾ। ਜ਼ਖ਼ਮੀ ਪ੍ਰਵੀਨ ਅਤੇ ਮਨਜੀਤ ਨੂੰ ਜੀ ਐੱਮ ਸੀ ਐੱਚ-32 ਨੂੰ ਰੈਫਰ ਕਰ ਦਿੱਤਾ ਗਿਆ, ਜਿੱਥੇ ਉਸ ਦੀ ਹਾਲਤ ਗੰਭੀਰ ਹੋਣ ਕਾਰਨ ਉਸ ਨੂੰ ਪੀ ਜੀ ਆਈ ਰੈਫਰ ਕੀਤਾ ਗਿਆ।

ਜ਼ੀਰਕਪੁਰ ਪੁਲਿਸ ਨੇ ਮ੍ਰਿਤਕ ਦੇ ਭਰਾ ਗੁਰਪ੍ਰੀਤ ਸਿੰਘ ਪੁੱਤਰ ਜਰਨੈਲ ਸਿੰਘ ਦੇ ਬਿਆਨ ਉੱਤੇ ਅਣਪਛਾਤੇ ਟਰੱਕ ਡਰਾਈਵਰ ਦੇ ਖਿਲਾਫ ਕੇਸ ਦਰਜ ਕਰ ਲਿਆ ਹੈ। ਪਤਾ ਲੱਗਾ ਹੈ ਕਿ ਗੁਰਤੇਜ ਪੇਸ਼ੇ ਤੋਂ ਡਰਾਈਵਰ ਸੀ। ਉਸ ਦੇ ਪਿਤਾ ਜਰਨੈਲ ਸਿੰਘ ਦੀ ਵੀ ਕੁਝ ਵਰ੍ਹੇ ਪਹਿਲਾਂ ਸੜਕ ਹਾਦਸੇ ਵਿੱਚ ਮੌਤ ਹੋ ਚੁੱਕੀ ਹੈ। ਗੁਰਤੇਜ ਦੀ ਵੱਡੀ ਭੈਣ ਤੇ ਵੱਡਾ ਭਰਾ ਗੁਰਪ੍ਰੀਤ ਵਿਆਹਿਆ ਹੈ। ਗੁਰਤੇਜ ਦਾ ਲਗਪਗ ਇਕ ਸਾਲ ਪਹਿਲਾ ਰਿਸ਼ਤਾ ਹੋਇਆ ਸੀ। ਬੁੱਧਵਾਰ ਰਾਜਪੁਰਾ ਕੋਲ ਪੈਂਦੇ ਪਿੰਡ ਦੇਵੀ ਨਗਰ ਵਿੱਚ ਉਸ ਦੀ ਬਾਰਾਤ ਜਾਣੀ ਸੀ। ਰਾਤ ਜਾਗੋ ਖ਼ਤਮ ਹੋਣ ਦੇ ਬਾਅਦ ਸਵਾ 12 ਵਜੇ ਦੇ ਲਗਪਗ ਗੁਰਤੇਜ ਘਰੋਂ ਨਿਕਲਿ-ਆ, ਪਰ ਡੇਢ ਵਜੇ ਗੁਰਤੇਜ ਦੇ ਵੱਡੇ ਭਰਾ ਗੁਰਪ੍ਰੀਤ ਨੂੰ ਫੋਨ ਆਇਆ ਕਿ ਹਾਦਸੇ ਵਿੱਚ ਗੁਰਤੇਜ ਦੀ ਮੌਤ ਹੋ ਗਈ।

## ਆਰਥਿਕ ਤੰਗੀ ਤੋਂ ਪ੍ਰੇਸ਼ਾਨ ਹੋ ਕੇ ਪਿਓ-ਪੁੱਤ ਵੱਲੋਂ ਖ਼ੁਦਕੁਸ਼ੀ

ਫਤਿਹਗੜ੍ਹ ਚੂੜੀਆਂ, 20 ਨਵੰਬਰ (ਪੋਸਟ ਬਿਊਰੋ)- ਪਿੰਡ ਗੁਜਰਪੁਰਾ ਦੇ ਵਾਸੀ ਪਿਓ-ਪੁੱਤ ਨੇ ਕੱਲ੍ਹ ਸ਼ਾਮ ਆਰਥਿਕ ਤੰਗੀ ਤੋਂ ਪ੍ਰੇਸ਼ਾਨ ਹੋ ਕੇ ਸਲਫਾਸ ਦੀਆਂ ਗੋਲੀਆਂ ਨਿਗਲ ਲਈਆਂ। ਦੋਵਾਂ ਦੀ ਹਾਲਤ ਖਰਾਬ ਹੋਣ 'ਤੇ ਪਰਵਾਰ ਵਾਲੇ ਹਸਪਤਾਲ ਲੈ ਕੇ ਗਏ ਜਿੱਥੇ ਪਿਤਾ ਦੀ ਮੌਤ ਹੋ ਗਈ। ਡਾਕਟਰਾਂ ਨੇ ਬੇਟੇ ਨੂੰ ਗੰਭੀਰ ਹਾਲਤ ਵਿੱਚ ਅੰਮ੍ਰਿਤਸਰ ਰੈਫਰ ਕਰ ਦਿੱਤਾ ਜਿੱਥੇ ਇਲਾਜ ਦੌਰਾਨ ਉਸ ਦੀ ਵੀ ਮੌਤ ਹੋ ਗਈ।

ਇਸ ਬਾਰੇ ਪਿੰਡ ਗੁਜਰਪੁਰਾ ਦੇ ਸਾਬਕਾ ਸਰਪੰਚ ਕੁਲਵੰਤ ਸਿੰਘ ਨੇ ਦੱਸਿਆ ਕਿ ਅਮਨਦੀਪ ਸਿੰਘ ਆਪਣੇ ਪਿਤਾ ਤਰਲੋਕ ਸਿੰਘ ਦੇ ਨਾਲ ਰਹਿੰਦਾ ਸੀ। ਉਸ ਦੀ ਮਾਂ ਅੰਮ੍ਰਿਤਸਰ ਗਈ ਹੋਈ ਹੈ। ਉਨ੍ਹਾਂ ਨੇ ਦੱਸਿਆ ਕਿ ਉਨ੍ਹਾਂ ਨੂੰ ਪਤਾ ਲੱਗਾ ਕਿ ਅਮਨਦੀਪ ਨੇ ਪਿਛਲੇ ਦਿਨੀਂ ਮੋਟਰ ਸਾਈਕਲ ਫਾਈਨਾਂਸ 'ਤੇ ਲਿਆ ਸੀ, ਪਰ ਉਸ ਦੀਆਂ ਕਿਸ਼ਤਾਂ ਨਹੀਂ ਉਤਾਰੀਆਂ ਜਾ ਰਹੀਆਂ ਸਨ। ਅੱਜ ਵੀ ਉਨ੍ਹਾਂ ਨੇ ਕਿਸ਼ਤ ਜਮ੍ਹਾ ਕਰਵਾਉਣੀ ਸੀ, ਪਰ ਪੈਸੇ ਨਾ ਹੋਣ ਕਾਰਨ ਉਸ ਦੇ ਪਿਤਾ ਨੇ ਉਸ ਨੂੰ ਕਿਹਾ ਕਿ ਜੇ ਕਿਸ਼ਤਾਂ ਨਹੀਂ ਉਤਰ ਰਹੀਆਂ ਤਾਂ ਉਸ ਨੂੰ ਮੋਟਰ ਸਾਈਕਲ ਲੈਣਾ ਨਹੀਂ ਸੀ ਚਾਹੀਦਾ। ਸਾਬਕਾ ਸਰਪੰਚ ਨੇ ਦੱਸਿਆ ਕਿ ਕਿਸ਼ਤਾਂ ਨਾ ਉਤਾਰਨ ਕਰ ਕੇ ਕੱਲ੍ਹ ਦੋਵੇਂ ਪਿਓ-ਪੁੱਤ ਮੋਟਰ ਸਾਈਕਲ ਕੰਪਨੀ ਨੂੰ ਦੇ ਆਏ ਅਤੇ ਰਸਤੇ ਵਿੱਚ ਉਨ੍ਹਾਂ ਨੇ ਸਲਫਾਸ ਦੀਆਂ ਗੋਲੀਆਂ ਲਈਆਂ ਤੇ ਘਰ ਆ ਕੇ ਨਿਗਲ ਲਈਆਂ।



## ਕਰਨਾਟਕ ਭਾਜਪਾ ਵਿੱਚ ਉਪ ਚੋਣਾਂ ਦੇ ਕਾਰਨ ਬਗਾਵਤ ਵਧੀ

ਬੈਂਗਲੂਰੂ, 20 ਨਵੰਬਰ (ਪੋਸਟ ਬਿਊਰੋ)- ਕਰਨਾਟਕ ਵਿੱਚ ਭਾਜਪਾ ਬੁਰੀ ਤਰ੍ਹਾਂ ਨਾਲ ਫੁਟ ਦਾ ਸ਼ਿਕਾਰ ਹੋ ਕੇ ਰਹਿ ਗਈ ਹੈ ਅਤੇ ਕਰਨਾਟਕ ਦੇ ਮੁੱਖ ਮੰਤਰੀ ਬੀ ਐੱਸ ਯੇਦੀਯੁਰੱਪਾ ਨੂੰ ਉਪ ਚੋਣਾਂ ਵਿੱਚ ਟਿਕਟਾਂ ਦੀ ਵੰਡ ਬਾਰੇ ਭਾਜਪਾਈਆਂ ਵੱਲੋਂ ਭਾਰੀ ਵਿਰੋਧ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਸਾਰੇ ਯਤਨਾਂ ਦੇ ਬਾਵਜੂਦ ਚਾਰ ਵਿਧਾਨ ਸਭਾ ਹਲਕਿਆਂ ਹਸਕੋਟੇ, ਰਾਨੇ ਬਿਨੂਰ, ਅਠਾਨੀ ਤੇ ਕਾਗਵੜ ਵਿੱਚ ਨਾਰਾਜ਼ ਨੇਤਾਵਾਂ ਦੀ ਗਿਣਤੀ ਘੱਟ ਹੋਣ ਦਾ ਨਾਂਅ ਨਹੀਂ ਲੈ ਰਹੀ। ਮੁੱਖ ਮੰਤਰੀ ਨੇ ਜੋ ਅਯੋਗ ਠਹਿਰਾਏ ਗਏ ਵਿਧਾਇਕਾਂ ਨੂੰ ਭਾਜਪਾ ਵਿੱਚ ਸ਼ਾਮਲ ਕਰਨ ਅਤੇ ਫਿਰ ਉਨ੍ਹਾਂ ਨੂੰ ਮੰਤਰੀ ਬਣਾਉਣ ਦਾ ਬਿਆਨ ਦਿੱਤਾ ਸੀ, ਪਰ ਇਸ ਤੋਂ ਬਾਅਦ ਭਾਜਪਾ ਦੇ ਅੰਦਰ ਬਗਾਵਤ ਵਧ ਗਈ ਹੈ।

ਅਯੋਗ ਠਹਿਰਾਏ ਗਏ ਵਿਧਾਇਕਾਂ ਨੂੰ ਟਿਕਟ ਦੇਣ ਪਿੱਛੋਂ ਭਾਜਪਾ ਦੇ ਕੁਝ ਨੇਤਾ ਹੀ ਆਜ਼ਾਦ ਚੋਣ ਮੈਦਾਨ ਵਿੱਚ ਉਤਰਨ ਲੱਗੇ ਹਨ। ਭਾਜਪਾ ਪਾਰਲੀਮੈਂਟ ਮੈਂਬਰ ਬੀ ਐੱਨ ਬਛੇਗੌੜਾ ਦੇ ਪੁੱਤਰ ਸ਼ਾਰਥ ਬਛੇਗੌੜਾ ਨੇ ਆਪਣਾ ਨਾਮਜ਼ਦਗੀ ਪੱਤਰ ਆਜ਼ਾਦ ਉਮੀਦਵਾਰ ਵਜੋਂ ਹਸਕੋਟੇ ਸੀਟ ਤੋਂ ਭਰ ਦਿੱਤਾ ਹੈ। ਮੁੱਖ ਮੰਤਰੀ ਨੇ ਕਿਹਾ ਸੀ ਕਿ ਉਹ ਸ਼ਾਰਥ ਬਛੇਗੌੜਾ ਨੂੰ ਭਾਜਪਾ ਤੋਂ ਕੱਢ ਦੇਣਗੇ, ਪਰ ਇਸ ਦਾ ਵੀ ਉਨ੍ਹਾਂ 'ਤੇ ਅਸਰ ਹੁੰਦਾ ਦਿਖਾਈ ਨਹੀਂ ਦੇ ਰਿਹਾ। ਸ਼ਾਰਥ ਕੋਲੋਂ ਕਰਨਾਟਕ ਹਾਊਸਿੰਗ ਬੋਰਡ ਦੇ ਚੇਅਰਮੈਨ ਦਾ ਅਹੁਦਾ ਵੀ ਵਾਪਸ ਲੈਣ ਦੀ ਗੱਲ ਕਹੀ ਗਈ ਹੈ। ਫਿਰ ਵੀ ਸ਼ਾਰਥ ਬਛੇਗੌੜਾ ਆਜ਼ਾਦ ਉਮੀਦਵਾਰ ਦੇ ਤੌਰ 'ਤੇ ਚੋਣ ਲੜਨ ਲਈ ਦ੍ਰਿੜ੍ਹ ਦਿਖਾਈ ਦੇ ਰਹੇ ਹਨ।

ਇਸੇ ਤਰ੍ਹਾਂ ਨਾਲ ਰਾਨੇ ਬਿਨੂਰ ਵਿਧਾਨ ਸਭਾ ਸੀਟ 'ਤੇ ਬਾਗੀਆਂ ਨੇ ਯੇਦੀਯੁਰੱਪਾ ਦੀਆਂ ਮੁਸ਼ਕਲਾਂ ਵਧਾ ਦਿੱਤੀਆਂ ਹਨ। ਯੇਦੀਯੁਰੱਪਾ ਨੇ ਇਥੇ ਕਾਂਗਰਸ ਤੋਂ ਬਾਗੀ ਹੋ ਕੇ ਆਏ ਵਿਧਾਇਕ ਆਰ ਸ਼ੰਕਰ ਨੂੰ ਚੋਣ ਮੈਦਾਨ ਵਿੱਚ ਉਤਾਰਨ ਦਾ ਮਨ ਬਣਾਇਆ ਤਾਂ ਟਿਕਟ ਦੇ ਹੋਰ ਦਾਅਵੇਦਾਰ ਮੁੱਖ ਮੰਤਰੀ ਦੇ ਇਸ ਫੈਸਲੇ ਤੋਂ ਖੁਸ਼ ਦਿਖਾਈ ਨਹੀਂ ਦੇ ਰਹੇ।

## ਪੀ ਐਮ ਸੀ ਦੇ ਖ਼ਾਤੇ ਵਿੱਚੋਂ ਇੱਕ ਲੱਖ ਰੁਪਏ ਕੱਢੇ ਜਾ ਸਕਣਗੇ

ਮੁੰਬਈ, 20 ਨਵੰਬਰ (ਪੋਸਟ ਬਿਊਰੋ)- ਰਿਜ਼ਰਵ ਬੈਂਕ ਆਫ ਇੰਡੀਆ ਨੇ ਬੰਬੇ ਹਾਈ ਕੋਰਟ ਨੂੰ ਦੱਸਿਆ ਹੈ ਕਿ ਘੋਟਾਲੇ ਵਿੱਚ ਫਸੇ ਪੰਜਾਬ ਐਂਡ ਮਹਾਰਾਸ਼ਟਰ ਕੋਆਪਰੇਟਿਵ (ਪੀ ਐਮ ਸੀ) ਬੈਂਕ ਦੇ ਜਮ੍ਹਾਂ ਕਰਤਾ ਮੈਡੀਕਲ, ਵਿਆਹ, ਸਿੱਖਿਆ ਅਤੇ ਹੋਰ ਐਮਰਜੈਂਸੀ ਲਈ ਅੱਗੇ ਤੋਂ ਇੱਕ ਲੱਖ ਰੁਪਏ ਤੱਕ ਕੱਢ ਸਕਣਗੇ, ਪਰ ਇਸ ਦੇ ਲਈ ਉਨ੍ਹਾਂ ਨੂੰ ਰਿਜ਼ਰਵ ਬੈਂਕ ਵੱਲੋਂ ਨਿਯੁਕਤ ਕੀਤੇ ਪ੍ਰਸ਼ਾਸਕਾਂ ਨਾਲ ਸੰਪਰਕ ਕਰਨਾ ਹੋਵੇਗਾ।




ਇਸ ਬਾਰੇ ਅਗਲੀ ਸੁਣਵਾਈ ਚਾਰ ਦਸੰਬਰ ਨੂੰ ਹੋਵੇਗੀ। 4355 ਕਰੋੜ ਰੁਪਏ ਦੇ ਘੋਟਾਲੇ ਵਿੱਚ ਸ਼ਾਮਲ ਪੀ ਐਮ ਸੀ ਬੈਂਕ ਦੇ ਮਾਮਲੇ ਵਿੱਚ ਕੱਲ੍ਹ ਆਰ ਬੀ ਆਈ ਨੇ ਹਾਈ ਕੋਰਟ ਵਿੱਚ ਐਫੀਡੇਵਿਟ ਦਾਇਰ ਕਰਕੇ ਕਿਹਾ ਕਿ ਜਮ੍ਹਾਂ ਕਰਤਾਵਾਂ ਨੂੰ ਆਪਣੇ ਬੈਂਕ ਖ਼ਾਤਿਆਂ 'ਚੋਂ ਐਮਰਜੈਂਸੀ, ਇਲਾਜ, ਵਿਆਹ, ਸਿੱਖਿਆ ਤੇ ਹੋਰ ਮੁਸ਼ਕਲਾਂ ਲਈ ਵੱਧ ਤੋਂ ਵੱਧ ਇੱਕ ਲੱਖ ਰੁਪਏ ਤੱਕ ਕੱਢਣ ਦੀ ਛੋਟ ਮਿਲ ਸਕਦੀ ਹੈ। ਪਹਿਲ ਦੇ ਆਧਾਰ 'ਤੇ ਇਸ ਉਤੇ ਵਿਚਾਰ ਕਰਨ ਲਈ ਆਰ ਬੀ ਆਈ ਨੇ ਆਪਣੇ ਇੱਕ ਸਾਬਕਾ ਅਧਿਕਾਰੀ ਜੇ ਬੀ ਭੋਰੀਆ ਨੂੰ ਪ੍ਰਸ਼ਾਸਕ ਨਿਯੁਕਤ ਕੀਤਾ ਹੈ। ਰਿਜ਼ਰਵ ਬੈਂਕ ਦੇ ਵਕੀਲ ਵੇਂਕਟੇਸ਼ ਧੂੰਡ ਨੇ ਜਸਟਿਸ ਐਸ ਸੀ ਧਰਮਾਧਿਕਾਰੀ ਅਤੇ ਜਸਟਿਸ ਆਰ ਆਈ ਚਾਂਗਲਾ ਦੇ ਬੈਂਚ ਨੂੰ ਐਫੀਡੇਵਿਟ ਵਿੱਚ ਦੱਸਿਆ ਕਿ ਪੈਸੇ ਕੱਢਣ 'ਤੇ ਇਹ ਪਾਬੰਦੀਆਂ ਬੈਂਕ ਅਤੇ ਉਸ ਦੇ ਖਾਤਾ ਧਾਰਕਾਂ ਦੇ ਹਿੱਤ ਵਿੱਚ ਜ਼ਰੂਰੀ ਹਨ। ਆਰ ਬੀ ਆਈ ਨੇ ਆਖਿਆ ਕਿ ਬੈਂਕ ਖਾਤਾ ਧਾਰਕਾਂ ਦੀਆਂ ਵੱਖ-ਵੱਖ ਪਟੀਸ਼ਨਾਂ ਉਤੇ ਹਾਈ ਕੋਰਟ ਨੂੰ ਦਿੱਤੇ ਜਵਾਬ ਵਿੱਚ ਕਿਹਾ ਜਮ੍ਹਾਂ ਕਰਤਾਵਾਂ ਦੀਆਂ ਮੁਸ਼ਕਲਾਂ ਨੂੰ ਘੱਟ ਕਰਨ ਲਈ ਇਹ ਕਦਮ ਚੁੱਕੇ ਗਏ ਹਨ।

ਭਾਰਤੀ ਰਿਜ਼ਰਵ ਬੈਂਕ ਨੇ ਹਾਈ ਕੋਰਟ ਨੂੰ ਇਹ ਵੀ ਦੱਸਿਆ ਕਿ ਪੀ ਐਮ ਸੀ ਬੈਂਕ ਵਿੱਚ ਵੱਡੇ ਪੈਮਾਨੇ ਉੱਤੇ ਘਪਲਾ ਹੋਇਆ ਹੈ ਅਤੇ ਕੁਝ ਖ਼ਾਤਿਆਂ ਨੂੰ ਆਫ ਦਾ ਰਿਕਾਰਡ ਰੱਖਣ ਲਈ ਪੀ ਐਮ ਸੀ ਬੈਂਕ ਨੇ ਇੱਕ ਸਾਫਟਵੇਅਰ ਦੀ ਵਰਤੋਂ ਕੀਤੀ ਸੀ। ਪੀ ਐਮ ਸੀ ਬੈਂਕ ਦੇ ਆਡੀਟਰ ਨੇ ਵੀ ਇਸ ਘਪਲੇ ਵੱਲ ਧਿਆਨ ਨਹੀਂ ਦਿਵਾਇਆ। ਆਰ ਬੀ ਆਈ ਨੇ 23 ਸਤੰਬਰ ਨੂੰ ਅਗਲੇ ਛੇ ਮਹੀਨੇ ਲਈ ਪੀ ਐਮ ਸੀ ਬੈਂਕ ਉਤੇ ਪੈਸੇ ਕੱਢਣ ਸਬੰਧੀ ਪਾਬੰਦੀਆਂ ਲਗਾ ਦਿੱਤੀਆਂ ਸਨ। ਪੈਸੇ ਕੱਢਣ ਦੀ ਛੋਟ ਹੌਲੀ-ਹੌਲੀ ਇੱਕ ਹਜ਼ਾਰ ਤੋਂ ਵੱਧ ਕੇ 50 ਹਜ਼ਾਰ ਰੁਪਏ ਕੀਤੀ ਜਾ ਚੁੱਕੀ ਹੈ। ਉਦੋਂ ਬੈਂਕ ਉਤੇ ਛੇ ਮਹੀਨੇ ਲਈ ਕੋਈ ਵੀ ਕਰਜ਼ਾ, ਐਡਵਾਂਸ ਜਾਂ ਕਿਸੇ ਵੀ ਕਿਸਮ ਦਾ ਨਿਵੇਸ਼ ਕਰਨ 'ਤੇ ਰੋਕ ਲਾ ਦਿੱਤੀ ਗਈ ਹੈ।

ਵਰਨਣ ਯੋਗ ਹੈ ਕਿ ਬੈਂਕ ਦਾ ਇਹ ਸੰਕਟ ਰੀਅਲ ਅਸਟੇਟ ਕੰਪਣੀ ਹਾਊਸਿੰਗ ਡਿਵਲਪਮੈਂਟ ਇਨਫ੍ਰਾਸਟ੍ਰਕਚਰ ਲਿਮਟਿਡ (ਐਚ ਡੀ ਆਈ ਐਲ) ਦੀ ਪੜਤਾਲ ਬਗੈਰ ਵੱਡੇ ਪੈਮਾਨੇ 'ਤੇ ਕਰਜ਼ ਦੇਣ ਨਾਲ ਹੋਇਆ ਹੈ। ਹਜ਼ਾਰਾਂ ਕਰੋੜਾਂ ਦੀ ਕਰਜ਼ੇ ਦੀ ਰਕਮ ਨਾ ਦਿੱਤੇ ਜਾਣ ਕਾਰਨ ਐਨ ਪੀ ਏ ਵਿੱਚ ਬਦਲ ਗਏ ਹਨ। ਇਸ ਦੌਰਾਨ ਖਾਤਧਾਰਕ ਪਟੀਸ਼ਨਰਾਂ ਦੇ ਇੱਕ ਵਕੀਲ ਨੇ ਬੈਂਚ ਨੂੰ ਕਿਹਾ ਕਿ ਪੀ ਐਮ ਸੀ ਬੈਂਕ ਦੇ ਅਧਿਕਾਰੀਆਂ ਦੇ ਘਪਲੇ ਦਾ ਖਮਿਆਜ਼ਾ ਜਮ੍ਹਾਂ ਕਰਤਾਵਾਂ 'ਤੇ ਨਹੀਂ ਪਾਇਆ ਜਾਣਾ ਚਾਹੀਦਾ। ਉਨ੍ਹਾਂ ਨੇ ਇਹ ਵੀ ਕਿਹਾ ਕਿ ਆਰ ਬੀ ਆਈ ਨੂੰ ਪੈਸੇ ਕੱਢਣ 'ਤੇ ਪਾਬੰਦੀ ਲਗਾਉਣ ਦਾ ਅਧਿਕਾਰ ਨਹੀਂ ਹੈ। ਇਸ 'ਤੇ ਬੈਂਚ ਨੇ ਕਿਹਾ ਕਿ ਜਮ੍ਹਾਂ ਕਰਤਾ ਇਹ ਨਹੀਂ ਕਹਿ ਸਕਦੇ ਹਨ ਕਿ ਉਨ੍ਹਾਂ ਦੇ ਅਧਿਕਾਰ ਬੈਂਕ ਦੇ ਅਧਿਕਾਰ ਤੋਂ ਵੱਡੇ ਹਨ। ਸੁਣਵਾਈ ਦੌਰਾਨ ਵੱਡੀ ਗਿਣਤੀ ਵਿੱਚ ਖਾਤਾਧਾਰਕ ਵੀ ਬਾਹਰ ਵਿਰੋਧ ਕਰਦੇ ਰਹੇ ਹਨ।

## ਬੱਚਿਆਂ ਖਿਲਾਫ ਸੈਕਸ ਸ਼ੋਸ਼ਣ ਦੀ ਇੱਕ ਸਾਲ ਅੰਦਰ ਸੁਣਵਾਈ ਪੂਰੀ ਕਰਨ ਦਾ ਹੁਕਮ

ਨਵੀਂ ਦਿੱਲੀ, 20 ਨਵੰਬਰ (ਪੋਸਟ ਬਿਊਰੋ)- ਸੁਪਰੀਮ ਕੋਰਟ ਨੇ ਬੱਚਿਆਂ ਖਿਲਾਫ਼ ਜਿਨਸੀ ਅਪਰਾਧਾਂ ਦੇ ਮਾਮਲਿਆਂ 'ਚ ਜਾਂਚ ਤੇ ਸੁਣਵਾਈ ਦੀ ਸਥਿਤੀ ਨੂੰ ਹੈਰਾਨੀ ਜਨਕ ਦੱਸਿਆ ਹੈ।

ਇਸ ਸੰਬੰਧ ਵਿੱਚ ਸੁਪਰੀਮ ਕੋਰਟ ਨੇ ਕੇਂਦਰ ਤੇ ਸਾਰੀਆਂ ਸੂਬਾ ਸਰਕਾਰਾਂ ਨੂੰ ਨਿਰਦੇਸ਼ ਦਿੱਤਾ ਹੈ ਕਿ ਉਹ ਫ਼ੌਰ ਤੌਰ 'ਤੇ ਜਾਂਚ ਲਈ ਸਰਗਰਮ ਭੂਮਿਕਾ ਨਿਭਾਉਣ, ਤਾਂ ਜੋ ਅਜਿਹੇ ਕੇਸ ਦੀ ਸੁਣਵਾਈ ਇੱਕ ਸਾਲ ਦੇ ਅੰਦਰ ਪੂਰੀ ਹੋਵੇ। ਬੱਚਿਆਂ ਖਿਲਾਫ਼ ਬਲਾਤਕਾਰ ਦੀਆਂ ਘਟਨਾਵਾਂ ਦੀ ਵਧਦੀ ਗਿਣਤੀ ਕਾਰਨ ਸੁਪਰੀਮ ਕੋਰਟ ਨੇ ਨੋਟਿਸ ਲੈ ਕੇ ਪਹਿਲਾਂ ਹੀ ਕਈ ਦਿਸ਼ਾ ਨਿਰਦੇਸ਼ ਜਾਰੀ ਕੀਤੇ ਹਨ। ਇਸ ਹੇਠ ਉਨ੍ਹਾਂ ਸਾਰੇ ਜ਼ਿਲ੍ਹਿਆਂ 'ਚ ਖ਼ਾਸ ਇਹੀ ਮਾਮਲੇ ਦੇਖਣ ਲਈ ਅਦਾਲਤਾਂ ਗਠਿਤ ਕਰਨ ਨੂੰ ਕਿਹਾ ਗਿਆ, ਜਿੱਥੇ ਪਾਕਸੋ ਐਕਟ ਤਹਿਤ 100 ਤੋਂ ਵੱਧ ਮਾਮਲੇ ਦਰਜ ਹੋਣ। ਬੀਤੀ 13 ਨਵੰਬਰ ਨੂੰ ਉਦੋਂ ਦੇ ਚੀਫ ਜਸਟਿਸ ਰੰਜਨ ਗੋਗੋਈ ਨੇ ਸੁਪਰੀਮ ਕੋਰਟ ਦੇ ਰਜਿਸਟਰਾਰ ਸੁਰਿੰਦਰ ਐਸ ਰਾਠੀ ਦੀ ਤਿਆਰ ਰਿਪੋਰਟ 'ਤੇ ਨੋਟਿਸ ਲਿਆ ਅਤੇ ਕਿਹਾ ਸੀ ਕਿ ਬੱਚਿਆਂ ਦੇ ਸੈਕਸ ਸ਼ੋਸ਼ਣ ਦੇ ਪਾਸਕੋ ਐਕਟ ਹੇਠ ਦਰਜ ਕੇਸਾਂ 'ਚ ਸੁਣਵਾਈ ਇੱਕ ਸਾਲ ਦੇ ਅੰਦਰ ਪੂਰੀ ਹੋਣੀ ਚਾਹੀਦੀ ਹੈ। ਉਨ੍ਹਾਂ ਕਿਹਾ ਕਿ ਇਹ ਰਿਪੋਰਟ ਹੈਰਾਨ ਕਰਨ ਵਾਲੇ ਹਾਲਾਤ ਬਿਆਨ ਕਰਦੀ ਹੈ। ਉਨ੍ਹਾਂ ਕਿਹਾ ਕਿ ਸੁਣਵਾਈ ਬਾਰੇ ਕੀ ਕਹੀਏ, ਜਦੋਂ ਅਜਿਹੇ 20 ਫ਼ੀਸਦੀ ਕੇਸਾਂ 'ਚ ਇੱਕ ਸਾਲ ਦੇ ਅੰਦਰ ਜਾਂਚ ਤੱਕ ਪੂਰੀ ਨਹੀਂ ਹੋ ਸਕਦੀ। ਬੈਂਚ ਨੇ ਕਿਹਾ ਕਿ ਪੀੜਤਾਂ ਦੀ ਮਦਦ ਲਈ ਨਾ ਕੋਈ ਸਹਾਇਕ ਦਿੱਤਾ ਜਾਂਦਾ ਹੈ ਤੇ ਨਾ ਉਨ੍ਹਾਂ ਨੂੰ ਕੋਈ ਮੁਆਵਜ਼ਾ ਦਿੱਤਾ ਜਾਂਦਾ ਹੈ। ਇੱਕ ਸਾਲ ਤੋਂ ਵੱਧ ਸਮੇਂ ਤੋਂ ਕਰੀਬ ਦੋ ਤਿਹਾਈ ਕੇਸ ਸੁਣਵਾਈ ਲਈ ਪੈਂਡਿੰਗ ਹਨ। ਬੀਤੀ 17 ਨਵੰਬਰ ਨੂੰ ਸੇਵਾਮੁਕਤ ਹੋ ਚੁੱਕੇ ਜਸਟਿਸ ਗੋਗੋਈ ਨੇ ਕਿਹਾ ਕਿ ਜਾਂਚ ਸ਼ੁਰੂ ਹੋਣ ਤੋਂ ਲੈ ਕੇ ਸੁਣਵਾਈ ਤੱਕ ਕਿਤੇ ਵੀ ਪੋਕਸੋ ਐਕਟ ਤਹਿਤ ਤੈਅ ਸਮਾਂ ਹੱਦ 'ਚ ਕੰਮ ਇਸ ਲਈ ਪੂਰਾ ਨਹੀਂ ਕਰ ਸਕਦੇ ਕਿਉਂਕਿ ਉਨ੍ਹਾਂ ਨੂੰ ਇਸ ਦੀ ਜਾਣਕਾਰੀ ਹੀ ਨਹੀਂ ਤੇ ਪ੍ਰਤੀਬੱਧਤਾ ਦੀ ਵੀ ਕਮੀ ਹੈ। ਇਸ ਲਈ ਬੈਂਚ ਨੇ ਸਾਰੀਆਂ ਸੂਬਾ ਸਰਕਾਰਾਂ ਤੇ ਕੇਂਦਰ ਨੂੰ ਸਮੇਂ ਸਿਰ ਜਾਂਚ ਤੇ ਸੁਣਵਾਈ ਪੂਰੀ ਕਰਨ ਲਈ ਵਾਧੂ ਕਾਰਜਬਲਾਂ ਦਾ ਇਸਤੇਮਾਲ ਕਰਨ ਨੂੰ ਕਿਹਾ ਹੈ।




## ਰਿਸ਼ਵਤ ਦੇਣ ਵਾਲਿਆਂ ਤੋਂ ਖਿਝੇ ਅਫਸਰ ਨੇ ਦਫਤਰ ਵਿੱਚ ਲਿਖਵਾ ਕੇ ਲਾਇਆ : ਮੈਂ ਇਮਾਨਦਾਰ ਹਾਂ

ਕਰੀਮਨਗਰ, 20 ਨਵੰਬਰ (ਪੋਸਟ ਬਿਊਰੋ)- ਤੇਲੰਗਾਨਾ ਦੇ ਇੱਕ ਸਰਕਾਰੀ ਦਫਤਰ ਵਿੱਚ ਦਾਖਲ ਹੁੰਦੇ ਸਾਰ ਸਾਹਮਣੇ ਲਿਖਿਆ ਮਿਲਦਾ ਹੈ 'ਆਈ ਐੱਮ ਅਨਕਰੱਪਟਿਡ' ਯਾਨੀ ਮੈਂ ਇਮਾਨਦਾਰ ਹਾਂ। ਅੱਗੇ ਕੁਰਸੀ 'ਤੇ ਬੈਠੇ ਹਨ ਐਡੀਸ਼ਨਲ ਡਿਵੀਜ਼ਨਲ ਇੰਜੀਨੀਅਰ (ਏ ਡੀ ਈ) ਪੋਦੇਤੀ ਅਸ਼ੋਕ।

ਅਸਲ ਵਿੱਚ ਬਿਜਲੀ ਵਿਭਾਗ ਵਿੱਚ ਆਪਣਾ ਕੰਮ ਕਰਵਾਉਣ ਲਈ ਆਉਂਦੇ ਲੋਕਾਂ ਅਤੇ ਠੇਕੇਦਾਰਾਂ ਦੇ ਆਫਰ ਤੋਂ ਪ੍ਰੇਸ਼ਾਨ ਹੋ ਕੇ ਕਰੀਮਨਗਰ ਵਿੱਚ ਤੈਨਾਤ ਅਸ਼ੋਕ ਨੇ ਇਹ ਅਨੋਖਾ ਤਰੀਕਾ ਅਪਣਾਇਆ ਹੈ। ਉਨ੍ਹਾਂ ਨੇ ਕੰਟ੍ਰੈਕਟਰਾਂ ਤੇ ਆਮ ਲੋਕਾਂ ਨੂੰ ਸਮਝਾਇਆ ਕਿ ਉਹ ਨਾ ਰਿਸ਼ਵਤ ਲੈਂਦੇ ਹਨ, ਨਾ ਦਿੰਦੇ ਹਨ। ਜਦ ਲੋਕ ਉਨ੍ਹਾਂ ਨੂੰ ਰਿਸ਼ਵਤ ਦੇਣ ਵਿੱਚ ਅਸਫਲ ਰਹੇ ਤਾਂ ਪ੍ਰੇਸ਼ਾਨ ਕਰਨ ਲੱਗੇ। ਤੰਗ ਹੋ ਕੇ ਉਨ੍ਹਾਂ ਨੇ ਦਫਤਰ ਵਿੱਚ ਹੀ ਚਾਲੀ ਦਿਨ ਪਹਿਲਾਂ ਦੀਵਾਰ 'ਤੇ ਇਹ ਲਿਖਵਾਉਣਾ ਪਿਆ। ਇਸ ਦੇ ਬਾਅਦ ਸਾਥੀ ਅਫਸਰ ਵੀ ਉਨ੍ਹਾਂ ਨੂੰ ਇਹ ਕਹਿ ਕੇ ਪ੍ਰੇਸ਼ਾਨ ਕਰ ਰਹੇ ਹਨ ਕਿ ਉਹ ਪੂਰੇ ਵਿਭਾਗ 'ਤੇ ਦੋਸ਼ ਲਾ ਰਹੇ ਹਨ। ਅਸ਼ੋਕ ਦੇ ਇਸ ਕਦਮ ਨਾਲ ਵਿਭਾਗ ਦੇ ਕਰੱਪਟ ਅਫਸਰਾਂ ਵਿੱਚ ਭਾਜੜ ਮੱਚ ਗਈ ਹੈ। ਉਨ੍ਹਾਂ ਕਿਹਾ, 'ਮੈਂ ਬਚਪਨ ਤੋਂ ਭ੍ਰਿਸ਼ਟਾਚਾਰ ਦੇ ਖਿਲਾਫ ਹਾਂ। ਜੇ ਮੈਂ ਰਿਸ਼ਵਤ ਲਵਾਂਗਾ ਤਾਂ ਦੇਣੀ ਵੀ ਪਵੇਗੀ। ਇਥੇ ਬਿਜਲੀ ਵਿਭਾਗ ਵਿੱਚ ਖੂਬ ਭ੍ਰਿਸ਼ਟਾਚਾਰ ਹੈ। ਮੈਂ ਲੋਕਾਂ ਨੂੰ ਕਹਿਣਾ ਚਾਹਾਂਗਾ ਕਿ ਅਫਸਰਾਂ ਨੂੰ ਰਿਸ਼ਵਤ ਨਾ ਦੇਣ। ਉਨ੍ਹਾਂ ਨੂੰ ਉਨ੍ਹਾਂ ਦੇ ਕੰਮ ਦੇ ਲਈ ਤਨਖਾਹ ਦਿੱਤੀ ਜਾਂਦੀ ਹੈ। ਤੁਹਾਡਾ ਕੰਮ ਨਹੀਂ ਹੁੰਦਾ ਤਾਂ ਉੱਚ ਅਧਿਕਾਰੀਆਂ ਨਾਲ ਸੰਪਰਕ ਕਰੋ ਜਾਂ ਮੀਡੀਆ ਵਿੱਚ ਜਾਓ, ਪਰ ਰਿਸ਼ਵਤ ਨਾ ਦਿਓ। ਅਸ਼ੋਕ ਨੇ 2005 ਵਿੱਚ ਅਸਿਸਟੈਂਟ ਇੰਜੀਨੀਅਰ ਦੇ ਰੂਪ ਵਿੱਚ ਨੌਕਰੀ ਜੁਆਇਨ ਕੀਤੀ ਸੀ। ਪਿਛਲੇ ਸਾਢੇ ਤਿੰਨ ਸਾਲਾਂ ਵਿੱਚ ਉਹ ਏ ਡੀ ਈ ਬਣੇ। ਇਸ ਦੇ ਬਾਅਦ ਤੋਂ ਉਨ੍ਹਾਂ ਦੇ ਕੋਲ ਫਾਈਲਾਂ ਅਤੇ ਹੋਰ ਬਿੱਲ ਪਾਸ ਕਰਨ ਦੇ ਲਈ ਰਿਸ਼ਵਤਖੋਰੀ ਦੇ ਆਫਰ ਆਉਣ ਲੱਗੇ।

## ਜੱਲ੍ਹਿਆਂਵਾਲਾ ਬਾਗ਼ ਕੌਮੀ ਯਾਦਗਾਰ ਬਿੱਲ ਪਾਰਲੀਮੈਂਟ ਵਿੱਚ ਹੋਇਆ ਪਾਸ

ਨਵੀਂ ਦਿੱਲੀ, 20 ਨਵੰਬਰ (ਪੋਸਟ ਬਿਊਰੋ)- ਜੱਲ੍ਹਿਆਂਵਾਲਾ ਬਾਗ਼ ਕੌਮੀ ਯਾਦਗਾਰ (ਸੋਧ) ਬਿੱਲ ਕੱਲ੍ਹ ਪਾਰਲੀਮੈਂਟ ਵਿੱਚ ਪਾਸ ਹੋ ਗਿਆ ਹੈ। ਲੋਕ ਸਭਾ ਨੇ ਇਹ ਬਿੱਲ ਅਗਸਤ ਵਿੱਚ ਪਾਸ ਕਰ ਦਿੱਤਾ ਸੀ, ਕੱਲ੍ਹ ਰਾਜ ਸਭਾ ਨੇ ਵੀ ਇਸ ਬਿੱਲ 'ਤੇ ਮੋਹਰ ਲਾ ਦਿੱਤੀ। ਬਿੱਲ ਦੇ ਪਾਸ ਹੋਣ ਨਾਲ ਅੰਮ੍ਰਿਤਸਰ ਵਿੱਚ ਜੱਲ੍ਹਿਆਂਵਾਲਾ ਬਾਗ਼ ਕੌਮੀ ਯਾਦਗਾਰ ਦਾ ਕੰਮਕਾਜ ਵੇਖਦੇ ਟਰੱਸਟ ਵਿੱਚ ਕਾਂਗਰਸ ਪ੍ਰਧਾਨ ਨੂੰ ਪੱਕੇ ਮੈਂਬਰ ਵਜੋਂ ਸ਼ਾਮਲ ਕੀਤੇ ਜਾਣ ਦੀ ਵਿਵਸਥਾ ਖ਼ਤਮ ਕਰਨ ਦਾ ਰਾਹ ਪੱਧਰਾ ਹੋ ਗਿਆ ਹੈ। ਰਾਜ ਸਭਾ ਨੇ ਇਹ ਬਿੱਲ ਜ਼ੁਬਾਨੀ ਵੋਟ ਨਾਲ ਪਾਸ ਕੀਤਾ ਹੈ। ਬਿੱਲ ਵਿਚਲੇ ਨਵੇਂ ਪ੍ਰਬੰਧ ਮੁਤਾਬਕ ਲੋਕ ਸਭਾ ਵਿੱਚ ਸਭ ਤੋਂ ਵੱਡੀ ਵਿਰੋਧੀ ਪਾਰਟੀ ਦੇ ਆਗੂ ਨੂੰ ਜੱਲ੍ਹਿਆਂਵਾਲਾ ਟਰੱਸਟ ਦਾ ਮੈਂਬਰ ਰੱਖਿਆ ਜਾ ਸਕੇਗਾ।



ਸਭਿਆਚਾਰ ਅਤੇ ਸੈਰ-ਸਪਾਟਾ ਮੰਤਰੀ ਪ੍ਰਹਿਲਾਦ ਸਿੰਘ ਪਟੇਲ ਨੇ ਸੋਧ ਬਿੱਲ 'ਤੇ ਚਰਚਾਂ ਨੂੰ ਸਮੇਟਦਿਆਂ ਕਿਹਾ ਕਿ ਇਸ ਬਿੱਲ ਨਾਲ ਟਰੱਸਟ ਵਿੱਚ (ਪਹਿਲਾਂ ਤੋਂ) ਮੌਜੂਦ ਸਿਆਸੀ ਰੰਗਤ ਖ਼ਤਮ ਹੋਵੇਗੀ। ਇਸ ਦੌਰਾਨ ਵਿਰੋਧੀ ਧਿਰ 'ਤੇ ਚੁਟਕੀ ਲੈਂਦਿਆਂ ਪਟੇਲ ਨੇ ਕਿਹਾ ਕਿ ਉਨ੍ਹਾਂ ਨੂੰ ਬਿੱਲ ਦੀ ਬੱਸ ਇੱਕ ਵਿਵਸਥਾ ਨਾਲ ਦਿੱਕਤ ਹੈ, ਜਿਸ ਵਿੱਚ ਪਾਰਟੀ (ਕਾਂਗਰਸ) ਪ੍ਰਧਾਨ ਨੂੰ ਟਰੱਸਟੀ ਵਜੋਂ ਹਟਾਉਣ ਦੀ ਤਜਵੀਜ਼ ਹੈ। ਉਨ੍ਹਾਂ ਸਰਕਾਰ 'ਤੇ ਮੁੜ ਇਤਿਹਾਸ ਲਿਖਣ ਦੇ ਦੋਸ਼ਾਂ ਨੂੰ ਰੱਦ ਕਰ ਦਿੱਤਾ ਤੇ ਕਿਹਾ, 'ਕੋਈ ਇਤਿਹਾਸ ਨਾਲ ਛੇੜਛਾੜ ਨਹੀਂ ਚਾਹੁੰਦਾ। ਲੋਕਾਂ ਨੂੰ ਗੁੰਮਰਾਹ ਕੀਤਾ ਜਾ ਰਿਹੈ।' ਪਟੇਲ ਨੇ ਕਿਹਾ ਕਿ ਪੰਜਾਬ ਦੇ ਮੁੱਖ ਮੰਤਰੀ ਜੱਲ੍ਹਿਆਂਵਾਲਾ ਟਰੱਸਟ ਵਿੱਚ ਕਾਂਗਰਸ ਪਾਰਟੀ ਦੇ ਨੁਮਾਇੰਦੇ ਵਜੋਂ ਸ਼ਾਮਲ ਹਨ। ਇਸ ਤੋਂ ਪਹਿਲਾਂ ਬਿੱਲ 'ਤੇ ਚਰਚਾ ਵੇਲੇ ਕਾਂਗਰਸ ਪਾਰਟੀ ਦੇ ਪ੍ਰਤਾਪ ਸਿੰਘ ਬਾਜਵਾ ਨੇ ਕਿਹਾ ਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਇੱਕ ਦਿਨ ਪਹਿਲਾਂ ਰਾਜ ਸਭਾ ਦੇ ਇਤਿਹਾਸਕ 250ਵੇਂ ਇਜਲਾਸ ਮੌਕੇ ਵਿਰੋਧੀ ਧਿਰ ਨੂੰ ਵੱਡਾ ਦਿਲ ਦਿਖਾਉਣ ਦੀ ਅਪੀਲ ਕੀਤੀ ਸੀ। ਉਨ੍ਹਾਂ ਕਿਹਾ ਕਿ ਸਮਾਂ ਹੈ ਕਿ ਸਰਕਾਰ 'ਖੁੱਲ੍ਹਦਿਲੀ' ਦਾ ਮੁਜ਼ਾਹਰਾ ਕਰਦਿਆਂ ਕਾਂਗਰਸ ਵੱਲੋਂ ਆਜ਼ਾਦੀ ਦੇ ਸੰਘਰਸ਼ ਵਿੱਚ ਪਾਏ ਯੋਗਦਾਨ ਨੂੰ ਪਛਾਣ ਦੇਵੇ। ਬਾਜਵਾ ਨੇ ਕਿਹਾ, 'ਇਤਿਹਾਸ ਮੁੜ ਲਿਖਣ ਦੀ ਕੋਈ ਲੋੜ ਨਹੀਂ।' ਉਨ੍ਹਾਂ ਕਿਹਾ ਕਿ ਜੱਲ੍ਹਿਆਂਵਾਲਾ ਬਾਗ਼ ਤੇ ਕਾਂਗਰਸ ਦਾ 'ਨਹੁੰ-ਮਾਸ' ਦਾ ਰਿਸ਼ਤਾ ਹੈ, ਜਿਨ੍ਹਾਂ ਨੂੰ ਕਦੇ ਵੱਖ ਨਹੀਂ ਕੀਤਾ ਜਾ ਸਕਦਾ। ਉਨ੍ਹਾਂ ਕਿਹਾ ਕਿ ਸਰਕਾਰ ਭਗਤ ਸਿੰਘ ਨੂੰ ਦੇਸ਼ ਦਾ ਸਰਬ ਉਚ ਸਨਮਾਨ 'ਭਾਰਤ ਰਤਨ' ਦਿੱਤਾ ਜਾਵੇ ਅਤੇ ਇਨਕਲਾਬੀ ਊਧਮ ਸਿੰਘ ਵੱਲੋਂ ਦਿੱਤੀ ਕੁਰਬਾਨੀ ਨੂੰ ਮਾਨਤਾ ਦਿੱਤੀ ਜਾਵੇ।

## ਸੋਸ਼ਲ ਮੀਡੀਆ ਉੱਤੇ ਵੀਡੀਓ ਆਉਣ ਪਿੱਛੋਂ ਹਨੀ ਟ੍ਰੈਪ ਕਾਂਡ ਫਿਰ ਭਖਿਆ

ਇੰਦੌਰ, 20 ਨਵੰਬਰ (ਪੋਸਟ ਬਿਊਰੋ)- ਮੱਧ ਪ੍ਰਦੇਸ਼ ਦੇ ਬਹੁ-ਚਰਚਿਤ ਹਨੀ ਟ੍ਰੈਪ ਕੇਸ ਦਾ ਵੀਡੀਓ ਸੋਸ਼ਲ ਮੀਡੀਆ 'ਤੇ ਸਾਹ-ਮਣੇ ਆਉਣ ਪਿੱਛੋਂ ਇਹ ਮਾਮਲਾ ਫਿਰ ਭਖ ਪਿਆ ਹੈ। ਵੀਡੀਓ ਲੀਕ ਹੋਣ ਨਾਲ ਉਠੇ ਸਵਾਲਾਂ ਦੇ ਦਰਮਿਆਨ ਰਾਜ ਸਰਕਾਰ ਦਾ ਕਹਿਣਾ ਹੈ ਕਿ ਇਸ ਹਾਈ ਪ੍ਰੋਫਾਈਲ ਸੈਕਸ ਕਾਂਡ ਦੀ ਜਾਂਚ ਬਾਰੇ ਉਸ ਦੇ ਇਰਾਦਿਆਂ ਵਿੱਚ ਖੋਟ ਨਹੀਂ ਹੈ ਅਤੇ ਇਸ ਦਾ ਕੋਈ ਵੀ ਦੋਸ਼ੀ ਕਾਨੂੰਨ ਤੋਂ ਨਹੀਂ ਬਚ ਸਕੇਗਾ।

ਮੀਡੀਆ ਖਬਰਾਂ ਅਨੁਸਾਰ ਵਾਇਰਲ ਵੀਡੀਓ ਵਿੱਚ ਹਨੀ ਟ੍ਰੈਪ ਕਾਂਡ ਦੀ ਗ੍ਰਿਫਤਾਰ ਦੋਸ਼ੀ ਸ਼ਵੇਤਾ ਸਵਪਨਿਲ ਜੈਨ (48) ਅਸਲ ਵਿੱਚ ਸੂਬਾ ਭਾਜਪਾ ਦੀ ਸਾਬਕਾ ਸਰਕਾਰ ਦੇ ਮੰਤਰੀ ਲਕਸ਼ਮੀਕਾਂਤ ਸ਼ਰਮਾ ਦੇ ਨਾਲ ਵਿਖਾਈ ਦੇ ਰਹੀ ਹੈ। ਲਕਸ਼ਮੀਕਾਂਤ ਸ਼ਰਮਾ ਇਸ ਰਾਜ ਵਿੱਚ ਹੋਏ ਬਦਨਾਮ ਵਿਆਪਮ ਘੋਟਾਲੇ ਵਿੱਚ ਦੋਸ਼ਾਂ ਦਾ ਸਾਹਮਣਾ ਕਰ ਚੁੱਕੇ ਹਨ ਅਤੇ ਸਵਪਨਿਲ ਜੈਨ ਇਸ ਮਾਮਲੇ ਦੇ ਪੰਜ ਹੋਰ ਦੋਸ਼ੀਆਂ ਨਾਲ ਜੁਡੀਸ਼ਲ ਹਿਰਾਸਤ ਵਿੱਚ ਸਥਾਨਕ ਜੇਲ੍ਹ ਵਿੱਚ ਹੈ। ਵਿਵਾਦਿਤ ਵੀਡੀਓ ਨੂੰ ਵੇਖਣ ਉਤੇ ਪਤਾ ਲੱਗਦਾ ਹੈ ਕਿ ਇਸ ਨੂੰ ਖੁਫੀਆ ਕੈਮਰੇ ਨਾਲ ਰਿਕਾਰਡ ਕੀਤਾ ਗਿਆ ਹੈ।

ਮੱਧ ਪ੍ਰਦੇਸ਼ ਦੇ ਗ੍ਰਹਿ ਮੰਤਰੀ ਬਾਲਾ ਬਚਨ ਨੇ ਲਕਸ਼ਮੀਕਾਂਤ ਸ਼ਰਮਾ ਦਾ ਨਾਂਅ ਲਏ ਬਗੈਰ ਕਿਹਾ ਕਿ ਹਨੀ ਟ੍ਰੈਪ ਮਾਮਲੇ ਵਿੱਚ ਜੋ ਵੀ ਲੋਕ ਸ਼ਾਮਲ ਹਨ, ਉਨ੍ਹਾਂ 'ਤੇ ਸਖਤ ਕਾਰਵਾਈ ਹੋਵੇਗੀ। ਇਸ ਰਾਜ ਵਿੱਚ ਹਾਕਮ ਕਾਂਗਰਸ ਨੇ ਇਸ ਵੀਡੀਓ ਦੇ ਬਹਾਨੇ ਭਾਜਪਾ 'ਤੇ ਨਿਸ਼ਾਨਾ ਸਾਧਣ ਵਿੱਚ ਦੇਰ ਨਹੀਂ ਕੀਤੀ। ਸੂਬਾ ਕਾਂਗਰਸ ਦੇ ਬੁਲਾਰਾ ਨੀਲੱਭ ਸ਼ੁਕਲਾ ਨੇ ਕਿਹਾ ਕਿ ਇਤਰਾਜ਼ ਯੋਗ ਵੀਡੀਓ ਨਾਲ ਚਾਲ, ਚਰਿੱਤਰ ਅਤੇ ਚਿਹਰੇ ਦਾ ਜੁਮਲਾ ਉਛਾਲਣ ਵਾਲੀ ਭਾਜਪਾ ਦੀ ਹਕੀਕਤ ਸਭ ਦੇ ਸਾਹਮਣੇ ਆ ਗਈ ਹੈ। ਭਾਜਪਾ ਨੇ ਵੀਡੀਓ ਨਾਲ ਸੰਬੰਧਤ ਕੇਸ ਤੋਂ ਆਪਣਾ ਪੱਲਾ ਝਾੜ ਲਿਆ ਹੈ। ਉਸ ਦੇ ਸੂਬਾ ਮੀਡੀਆ ਇੰਚਾਰਜ ਲੋਕੇਂਦਰ ਪਰਾਸ਼ਰ ਨੇ ਕਿਹਾ ਕਿ ਲਕਸ਼ਮੀਕਾਂਤ ਸ਼ਰਮਾ ਇਸ ਵਕਤ ਭਾਜਪਾ ਦੇ ਮੈਂਬਰ ਨਹੀਂ ਹਨ। ਅਜਿਹੇ ਵਿੱਚ ਉਨ੍ਹਾਂ ਦੇ ਨਿੱਜੀ ਜੀਵਨ ਦੇ ਬਾਰੇ ਅਸੀਂ ਕੋਈ ਵੀ ਟਿੱਪਣੀ ਨਹੀਂ ਕਰਨਾ ਚਾਹਾਂਗੇ।

## ਅੰਤਰਰਾਸ਼ਟਰੀ ਨਗਰ ਕੀਰਤਨ ਰੋਕਣ ਦੇ ਲਈ ਬਾਦਲ ਪਰਿਵਾਰ ਨੇ ਪੂਰੀ ਵਾਹ ਲਾਈ : ਸਰਨਾ

ਨਵੀਂ ਦਿੱਲੀ, 20 ਨਵੰਬਰ (ਪੋਸਟ ਬਿਊਰੋ)- ਸ਼੍ਰੋਮਣੀ ਅਕਾਲੀ ਦਲ ਦਿੱਲੀ ਦੇ ਪ੍ਰਧਾਨ ਪਰਮਜੀਤ ਸਿੰਘ ਸਰਨਾ ਨੇ ਕਿਹਾ ਹੈ ਕਿ ਦਿੱਲੀ ਤੋਂ ਨਨਕਾਣਾ ਸਾਹਿਬ (ਪਾਕਿਸਤਾਨ) ਗਏ ਅੰਤਰਰਾਸ਼ਟਰੀ ਨਗਰ ਕੀਰਤਨ ਨੂੰ ਰੋਕਣ ਲਈ ਬਾਦਲ ਦਲ ਨੇ ਪੂਰੀ ਵਾਹ ਲਾਈ ਸੀ, ਪਰ ਗੁਰੂ ਸਾਹਿਬ ਦੀ ਕਿਰਪਾ ਨਾਲ ਇਹ ਰੋਕੀ ਨਹੀਂ ਜਾ ਸਕਦੀ।

ਪਰਮਜੀਤ ਸਿੰਘ ਸਰਨਾ ਨੇ ਕੇਂਦਰੀ ਮੰਤਰੀ ਹਰਸਿਮਰਤ ਕੌਰ ਬਾਦਲ, ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਮਨਜਿੰਦਰ ਸਿੰਘ ਸਿਰਸਾ ਤੇ ਸਾਬਕਾ ਪਾਰਲੀਮੈਂਟ ਮੈਂਬਰ ਤਿਰਲੋਚਨ ਸਿੰਘ ਬਾਰੇ ਕਿਹਾ ਕਿ ਉਨ੍ਹਾਂ ਨੂੰ ਬਾਦਲ ਪਰਵਾਰ ਦੇ ਉਕਸਾਵੇ ਉਤੇ 31 ਅਕਤੂਬਰ ਨੂੰ ਅਟਾਰੀ-ਵਾਹਗਾ ਬਾਰਡਰ ਪਾਰ ਕਰਨ ਦੀ ਆਗਿਆ ਸਰਕਾਰ ਨੇ ਨਹੀਂ ਦਿੱਤੀ ਸੀ। ਸਰਨਾ ਨੇ ਮਨਜਿੰਦਰ ਸਿੰਘ ਸਿਰਸਾ ਉਤੇ ਦੋਸ਼ ਲਾਇਆ ਕਿ ਉਸ ਨੇ ਕਰਤਾਰਪੁਰ ਸਾਹਿਬ ਪਾਲਕੀ ਲਾਉਣ ਲਈ ਦਿੱਲੀ ਦੀ ਸੰਗਤ ਤੋਂ ਨਕਦੀ ਤੇ ਸੋਨਾ ਇਕੱਠਾ ਕੀਤਾ, ਪਰ ਉਹ ਪਾਲਕੀ ਪਾਕਿਸਤਾਨ ਦੀ ਥਾਂ ਦਿੱਲੀ ਦੇ ਗੁਰ-ਦੁਆਰਾ ਨਾਨਕ ਪਿਆਉ ਵਿੱਚ ਸਥਾਪਤ ਕਰ ਦਿੱਤੀ ਗਈ। ਸਰਨਾ ਨੇ ਧਿਆਨ ਦਿਵਾਇਆ ਕਿ ਸਿਰਸਾ ਨੇ ਇਕੱਠੀ ਕੀਤੀ ਨਕਦੀ ਤੇ ਸੋਨੇ ਦਾ ਹਿਸਾਬ ਸ੍ਰੀ ਅਕਾਲ ਤਖਤ ਸਾਹਿਬ ਨੂੰ ਨਾ ਦੇ ਕੇ ਜਥੇਦਾਰ ਦੇ ਹੁਕਮ ਦੀ ਉਲੰਘਣਾ ਕੀਤੀ ਹੈ। ਸਰਨਾ ਨੇ ਗੁਰੂ ਗ੍ਰੰਥ ਸਾਹਿਬ ਦੀ ਪਾਲਕੀ ਲਿਜਾ ਰਹੀ ਬੱਸ ਨੂੰ ਬਾਦਲ ਪਰਵਾਰ ਦੇ ਇਸ਼ਾਰੇ 'ਤੇ ਸੁਰੱਖਿਆ ਕਰਮਚਾਰੀਆਂ ਵੱਲੋਂ ਅਟਾਰੀ/ ਵਾਹਗਾ ਬਾਰਡਰ 'ਤੇ ਰੋਕਣ ਦਾ ਦੋਸ਼ ਲਾਇਆ ਅਤੇ ਕਿਹਾ ਕਿ ਤ੍ਰਿਲੋਚਨ ਸਿੰਘ ਨੇ ਸਰਹੱਦ ਪਾਰ ਜਾ ਰਹੇ ਨਗਰ ਕੀਰਤਨ ਬਾਰੇ ਉਨ੍ਹਾਂ ਨੂੰ ਨੁਕਸਾਨ ਪੁਚਾਉਣ ਦੀ ਭੂਮਿਕਾ ਨਿਭਾਈ ਹੈ। ਬਾਲਾ ਸਾਹਿਬ ਹਸਪਤਾਲ ਲਈ ਸਿਰਸਾ ਵੱਲੋਂ ਇੱਕ ਕਰੋੜ ਰੁਪਏ ਦੇਣ ਦੇ ਵਾਅਦੇ 'ਤੇ ਸਰਨਾ ਨੇ ਕਿਹਾ ਕਿ ਇਹ ਰਕਮ ਦੀ ਦਿੱਲੀ ਕਮੇਟੀ ਪ੍ਰਧਾਨ ਦੀ ਮਾਨਸਿਕਤਾ ਨਹੀਂ ਧੋ ਸਕਦੀ।



ਦੂਸਰੇ ਪਾਸੇ ਦਿੱਲੀ ਸਿੱਖ ਗੁਰਦੁ-ਆਰਾ ਪ੍ਰਬੰਧਕ ਕਮੇਟੀ ਦੇ ਮੈਂਬਰ ਓਂਕਾਰ ਸਿੰਘ ਰਾਜਾ ਤੇ ਕੁਲਦੀਪ ਸਿੰਘ ਸਾਹਨੀ ਨੇ ਸਾਬਕਾ ਪ੍ਰਧਾਨ ਪਰਮਜੀਤ ਸਿੰਘ ਸਰਨਾ ਵੱਲੋਂ ਬਾਲਾ ਸਾਹਿਬ ਹਸਪਤਾਲ ਦੀ ਉਸਾਰੀ ਮੁੜ ਸ਼ੁਰੂ ਹੋਣ ਬਾਰੇ ਟਿੱਪਣੀਆਂ ਨੂੰ ਮੰਦਭਾਗੀਆਂ ਕਰਾਰ ਦਿੰਦਿਆਂ ਕਿਹਾ ਕਿ ਸਰਨਾ ਭਰਾਵਾਂ ਦਾ ਮਕਸਦ ਗੁਰੂ ਘਰਾਂ ਨੂੰ ਲੁੱਟਣਾ ਹੈ, ਜਦ ਕਿ ਸਾਡਾ ਸਿਰਫ ਗੁਰੂ ਘਰਾਂ ਦੀ ਸੇਵਾ ਕਰਨਾ ਹੈ। ਦੋਵਾਂ ਨੇਤਾਵਾਂ ਨੇ ਕਿਹਾ ਕਿ ਹੈਰਾਨੀ ਵਾਲੀ ਗੱਲ ਹੈ ਕਿ ਗੁਰੂ ਘਰ ਦੀ ਸੇਵਾ 'ਤੇ ਉਹ ਲੋਕ ਸਵਾਲ ਚੁੱਕ ਰਹੇ ਹਨ, ਜਿਨ੍ਹਾਂ 'ਤੇ ਗੁਰੂ ਘਰਾਂ ਅਤੇ ਪੰਥ ਦੀਆਂ ਸੰਸਥਾਵਾਂ ਵਿੱਚ ਗਬਨ ਕਰਨ ਦੇ ਕੇਸ ਦਰਜ ਹਨ। ਸਾਰੀ ਦੁਨੀਆ ਜਾਣਦੀ ਹੈ ਕਿ ਸਰਨਾ ਭਰਾਵਾਂ ਵੱਲੋਂ ਕੌਮਾਂਤਰੀ ਨਗਰ ਕੀਰਤਨ ਸਜਾਉਣ ਦਾ ਮਕਸਦ ਸਿਰਫ ਤੇ ਸਿਰਫ ਪੈਸਾ ਇਕੱਠਾ ਕਰਨਾ ਸੀ। ਉਨ੍ਹਾਂ ਵੱਲੋਂ ਕਦੇ ਵੀ ਪੰਥਕ ਸੰਸਥਾਵਾਂ ਵਾਸਤੇ ਫੁੱਟੀ ਕੌਡੀ ਨਹੀਂ ਦਿੱਤੀ ਗਈ।






# ਗਲਤ ਤਰੀਕੇ ਨਾਲ ਅਮਰੀਕਾ ਗਏ 150 ਭਾਰਤੀ ਦੇਸ਼ ਪਰਤੇ

ਨਵੀਂ ਦਿੱਲੀ, 20 ਨਵੰਬਰ (ਪੋਸਟ ਬਿਊਰੋ)- ਅਮਰੀਕਾ ਵਿੱਚ ਬਿਹਤਰ ਜ਼ਿੰਦਗੀ ਦਾ ਸੁਪਨਾ ਟੁੱਟ ਜਾਣ ਅਤੇ ਆਪਣੀ ਬਚਤ ਰਾਸ਼ੀ ਗਵਾਉਣ ਪਿੱਛੋਂ ਕਰੀਬ 150 ਭਾਰਤੀ ਬੁੱਧਵਾਰ ਨੂੰ ਦੇਸ਼ ਪਰਤ ਆਏ। ਇਸ ਦਾ ਕਾਰਨ ਵੀਜ਼ਾਂ ਨਿਯਮਾਂ ਦਾ ਉਲੰਘਣ ਜਾਂ ਗੈਰ-ਕਾਨੂੰਨੀ ਰੂਪ ਨਾਲ ਅਮਰੀਕਾ ਦੀ ਐਂਟਰੀ ਸੀ। ਇਨ੍ਹਾਂ ਦੋਸ਼ਾਂ ਹੇਠ 150 ਭਾਰਤੀਆਂ ਨੂੰ ਦੇਸ਼ ਭੇਜ ਦਿੱਤਾ ਗਿਆ। ਹਵਾਈ ਅੱਡੇ ਤੋਂ ਨਿਕਲਦੇ ਇਨ੍ਹਾਂ ਭਾਰਤੀ ਲੋਕਾਂ ਦੇ ਚਿਹਰੇ ਉੱਤੇ ਉਦਾਸੀ ਸੀ। ਉਨ੍ਹਾਂ ਕਿਹਾ ਕਿ ਸਾਨੂੰ ਯਕੀਨ ਨਹੀਂ ਕਿ ਕਈ ਵਾਰ ਕੋਸ਼ਿਸ਼ ਦੇ ਬਾਅਦ ਵੀ ਬਿਹਤਰ ਜ਼ਿੰਦਗੀ ਦਾ ਸੁਪਨਾ ਪੂਰਾ ਨਹੀਂ ਹੋ ਸਕਿਆ।

ਪੰਜਾਬ ਦੇ ਬਠਿੰਡਾ ਦੇ ਇਕ ਪੰਜਾਬੀ ਨੇ ਕਿਹਾ ਕਿ ਇਹ ਚੌਥੀ ਵਾਰ ਹੈ, ਜਦੋਂ ਮੈਨੂੰ ਦੇਸ਼ ਭੇਜਿਆ ਗਿਆ ਹੈ। ਉਸ ਨੇ ਕਿਹਾ ਕਿ ਮੈਂ 15 ਮਈ ਨੂੰ ਉਡਾਣ ਭਰੀ ਅਤੇ ਮਾਸਕੋ ਅਤੇ ਪੈਰਿਸ ਹੁੰਦੇ ਹੋਏ ਮੈਕਸੀਕੋ ਗਿਆ ਸੀ। ਓਥੋਂ 16 ਮਈ ਨੂੰ ਮੈਂ ਕੈਲੀਫੋਰਨੀਆ ਜਾਣ ਦੀ ਕੋਸ਼ਿਸ਼ ਕੀਤੀ ਪਰ ਪੁਲਸ ਨੇ ਮੈਨੂੰ ਫੜ ਲਿਆ ਅਤੇ ਐਰੀਜ਼ੋਨਾ ਤੋਂ ਦੇਸ਼ ਵਾਪਸ ਭੇਜ ਦਿੱਤਾ। ਉਸ ਨੇ ਦੱਸਿਆ ਕਿ 4 ਵਾਰ ਦੀਆਂ ਕੋਸ਼ਿਸ਼ਾਂ ਵਿੱਚ 24 ਲੱਖ ਰੁਪਏ ਖਰਚ ਕੀਤੇ ਅਤੇ 40 ਲੱਖ ਰੁਪਏ ਕਾਨੂੰਨੀ ਸਲਾਹ ਉੱਤੇ ਖਰਚ ਹੋਏ। ਹਵਾਈ ਅੱਡੇ ਦੇ ਇਕ ਅਧਿਕਾਰੀ ਨੇ ਦੱਸਿਆ ਕਿ ਇਨ੍ਹਾਂ ਲੋਕਾਂ ਨੂੰ ਲੈ ਕੇ ਵਿਸ਼ੇਸ਼ ਜਹਾਜ਼ ਸਵੇਰੇ 6 ਵਜੇ ਦਿੱਲੀ ਹਵਾਈ ਅੱਡੇ ਦੇ ਟਰਮੀਨਲ ਨੰਬਰ-3 ਉੱਤੇ ਪੁੱਜਾ। ਜਹਾਜ਼ ਬੰਗਲਾ ਦੇਸ਼ ਹੁੰਦੇ ਹੋਏ ਭਾਰਤ ਪੁੱਜਾ ਹੈ। ਅਧਿਕਾਰੀਆਂ ਨੇ ਦੱਸਿਆ ਕਿ ਇਮੀਗ੍ਰੇਸ਼ਨ ਵਿਭਾਗ ਨੇ ਜ਼ਰੂਰੀ ਕਾਗਜ਼ੀ ਕਾਰਵਾਈ ਪੂਰੀ ਕੀਤੀ ਤੇ ਫਿਰ ਇਕ-ਇਕ ਕਰ ਕੇ ਸਾਰੇ 150 ਯਾਤਰੀ ਹਵਾਈ ਅੱਡੇ ਤੋਂ ਬਾਹਰ ਆਏ। ਸਾਰੇ 150 ਭਾਰਤੀਆਂ ਨੇ ਜਾਂ ਵੀਜ਼ਾ ਨਿਯਮਾਂ ਦਾ ਉਲੰਘਣ ਕੀਤਾ ਸੀ ਜਾਂ ਫਿਰ ਉਨ੍ਹਾਂ ਨੇ ਗੈਰ-ਕਾਨੂੰਨੀ ਰੂਪ ਨਾਲ ਅਮਰੀਕਾ ਵਿਚ ਐਂਟਰੀ ਕੀਤੀ ਸੀ।

ਇਸ ਤੋਂ ਪਹਿਲਾਂ ਮੈਕਸੀਕੋ ਇਮੀਗ੍ਰੇਸ਼ਨ ਅਧਿਕਾਰੀਆਂ ਨੇ 18 ਅਕਤੂਬਰ ਨੂੰ ਇਕ ਔਰਤ ਸਣੇ 300 ਤੋਂ ਵੱਧ ਭਾਰਤੀਆਂ ਨੂੰ ਮੋੜਿਆ ਸੀ, ਕਿਉਂਕਿ ਇਹ ਅਮਰੀਕਾ ਲਈ ਗੈਰ-ਕਾਨੂੰਨੀ ਤਰੀਕੇ ਨਾਲ ਮੈਕਸੀਕੋ ਗਏ ਸਨ।

# ਗ਼ੈਰ ਕਾਨੂੰਨੀ ਤਰੀਕੇ ਨਾਲ ਨੀਦਰਲੈਂਡਸ ਤੋਂ ਬ੍ਰਿਟੇਨ ਜਾਂ ਰਹੇ ਕੰਟੇਨਰ ਤੋਂ 25 ਸ਼ਰਨਾਰਥੀ ਫੜੇ ਗਏ




ਹੇਗ, 20 ਨਵੰਬਰ (ਪੋਸਟ ਬਿਊਰੋ)- ਨੀਦਰਲੈਂਡਸ ਤੋਂ ਬ੍ਰਿਟੇਨ ਜਾਂਦੇ ਇਕ ਜਹਾਜ਼ ਦੇ ਕੰਟੇਨਰ ਤੋਂ 25 ਸ਼ਰਨਾਰਥੀ ਫੜੇ ਗਏ ਹਨ। ਇਹ ਗ਼ੈਰ ਕਾਨੂੰਨੀ ਢੰਗ ਨਾਲ ਬ੍ਰਿਟੇਨ ਜਾਣਾ ਚਾਹੁੰਦੇ ਸਨ। ਪਿਛਲੇ ਮਹੀਨੇ ਬ੍ਰਿਟੇਨ ਵਿੱਚ ਇਕ ਰੈਫਰਿਜਰੇਟਿਡ ਟਰੱਕ ਕੰਟੇਨਰ ਤੋਂ 39 ਲਾਸ਼ਾਂ ਮਿਲੀਆਂ ਸਨ। ਜਾਂਚ ਤੋਂ ਪਤਾ ਲੱਗਾ ਕਿ ਸਾਰੇ ਵਿਅਤਨਾਮ ਦੇ ਨਾਗਰਿਕ ਸਨ।

ਨੀਦਰਲੈਂਡਸ ਦੇ ਐਮਰਜੈਂਸੀ ਸੇਵਾ ਵਿਭਾਗ ਨੇ ਅੱਜ ਬੁੱਧਵਾਰ ਨੂੰ ਦੱਸਿਆ ਕਿ ਰੋਟਰਡਮ ਦੇ ਨੇੜੇ ਵਲਾਰਦਿੰਗੇਨ ਬੰਦਰਗਾਹ ਤੋਂ ਬ੍ਰਿਟੇਨ ਦੇ ਫੈਲਿਕਸਸਟੋਵ ਚੱਲੇ ਮਾਲ ਵਾਹਕ ਜਹਾਜ਼ ਦੇ ਰੈਫਰਿਜਰੇਟਿਡ ਕੰਟੇਨਰ ਵਿੱਚ 25 ਲੋਕ ਲੁਕੇ ਬੈਠੇ ਸਨ। ਮੰਗਲਵਾਰ ਇਹ ਮਾਮਲਾ ਨੋਟਿਸ ਵਿੱਚ ਆਉਣ ਪਿੱਛੋਂ ਜਹਾਜ਼ ਫ਼ੌਰੀ ਤੌਰ ਉੱਤੇ ਵਾਪਸ ਨੀਦਰਲੈਂਡਸ ਲਿਆਂਦਾ ਗਿਆ। ਕੰਟੇਨਰ ਵਿੱਚ ਬੰਦ ਰਹਿਣ ਕਾਰਨ ਦੋ ਲੋਕਾਂ ਦੀ ਹਾਲਤ ਖ਼ਰਾਬ ਹੋ ਗਈ ਸੀ, ਉਨ੍ਹਾਂ ਨੂੰ ਹਸਪਤਾਲ ਭੇਜਿਆ ਗਿਆ ਹੈ। ਬਾਕੀ ਲੋਕਾਂ ਨੂੰ ਮੁੱਢਲੇ ਇਲਾਜ ਤੋਂ ਬਾਅਦ ਪੁਲਿਸ ਹਵਾਲੇ ਕਰ ਦਿੱਤਾ ਗਿਆ। ਉਨ੍ਹਾਂ ਦੀ ਨਾਗਰਿਕਤਾ ਦੀ ਅਜੇ ਕੋਈ ਜਾਣਕਾਰੀ ਨਹੀਂ ਮਿਲੀ। ਸ਼ਰਨਾਰਥੀਆਂ ਨੂੰ ਜਹਾਜ਼ ਤਕ ਪੁਚਾਉਣ ਵਾਲੇ ਟਰੱਕ ਦੇ ਡਰਾਈਵਰ ਨੂੰ ਗ੍ਰਿਫ਼ਤਾਰ ਕਰ ਲਿਆ ਹੈ। ਨੀਦਰਲੈਂਡਸ ਵਿੱਚ ਹੀ ਮੰਗਲਵਾਰ ਨੂੰ ਇਕ ਹੋਰ ਘਟਨਾ ਵਿੱਚ ਸ਼ਰਨ ਦੀ ਭਾਲ ਵਿੱਚ ਪੂਰਬੀ ਯੂਰਪੀ ਦੇਸ਼ ਮੋਲਦੋਵਾ ਤੋਂ ਆਏ 65 ਲੋਕਾਂ ਤੋਂ ਪੁੱਛਗਿੱਛ ਕੀਤੀ ਜਾ ਰਹੀ ਹੈ।

# ਨਵਾਜ਼ ਸ਼ਰੀਫ਼ ਇਲਾਜ ਲਈ ਲੰਡਨ ਗਏ

ਲਾਹੌਰ, 20 ਨਵੰਬਰ (ਪੋਸਟ ਬਿਊਰੋ)- ਪਾਕਿਸਤਾਨ ਦੇ ਸਾਬਕਾ ਪ੍ਰਧਾਨ ਮੰਤਰੀ ਨਵਾਜ਼ ਸ਼ਰੀਫ਼ ਇਲਾਜ ਲਈ ਏਅਰ ਐਂਬੂਲੈਂਸ ਰਾਹੀਂ ਲੰਡਨ ਰਵਾਨਾ ਹੋ ਗਏ। ਲਾਹੌਰ ਹਾਈ ਕੋਰਟ ਨੇ ਇਮਰਾਨ ਖਾਨ ਸਰਕਾਰ ਦੀ ਮੁਆਵਜ਼ੇ ਦੇ ਬਾਂਡ ਉਤੇ ਦਸਖ਼ਤ ਕਰਨ ਦੀ ਸ਼ਰਤ ਰੱਦ ਕਰਦਿਆਂ ਵੱਖ-ਵੱਖ ਬਿਮਾਰੀਆਂ ਨਾਲ ਜੂਝ ਰਹੇ ਸ਼ਰੀਫ਼ ਨੂੰ ਚਾਰ ਹਫ਼ਤਿਆਂ ਲਈ ਵਿਦੇਸ਼ ਜਾਣ ਦੀ ਆਗਿਆ ਦਿੱਤੀ ਸੀ। ਨਵਾਜ਼ ਸ਼ਰੀਫ਼ ਨਾਲ ਉਨ੍ਹਾਂ ਦੇ ਛੋਟੇ ਭਰਾ ਸ਼ਾਹਬਾਜ਼ ਸ਼ਰੀਫ਼ ਅਤੇ ਨਿੱਜੀ ਡਾਕਟਰ ਅਦਨਾਨ ਖ਼ਾਨ ਵੀ ਰਵਾਨਨਾ ਹੋਏ ਹਨ। ਸਾਬਕਾ ਪ੍ਰਧਾਨ ਮੰਤਰੀ ਲਈ ਅਤਿ ਆਧੁਨਿਕ ਏਅਰ ਐਂਬੂਲੈਂਸ ਦੋਹਾ ਤੋਂ ਮੰਗਵਾਈ ਗਈ ਅਤੇ ਉਸੇ ਵਿੱਚ ਸਵਾਰ ਹੋ ਕੇ ਉਹ ਕਤਰ ਤੋਂ ਲੰਡਨ ਲਈ ਰਵਾਨਾ ਹੋਏ।



ਇਸ ਸੰਬੰਧ ਵਿੱਚ ਪਾਕਿਸਤਾਨ ਮੁਸਲਿਮ ਲੀਗ-ਨਵਾਜ਼ (ਪੀ ਐਮ ਐਲ ਐਨ) ਦੀ ਬੁਲਾਰਾ ਮਰੀਅਮ ਔਰੰਗਜ਼ੇਬ ਨੇ ਕਿਹਾ ਕਿ ਨਵਾਜ਼ ਸ਼ਰੀਫ਼ ਨੂੰ ਇਲਾਜ ਲਈ ਲੰਡਨ ਦੇ ਹਾਰਲੇ ਸਟਰੀਟ ਕਲੀਨਿਕ ਲਿਜਾਇਆ ਜਾਵੇਗਾ ਅਤੇ ਲੋੜ ਪੈਣ 'ਤੇ ਉਨ੍ਹਾਂ ਨੂੰ ਅਮਰੀਕਾ (ਬੋਸਟਨ) ਭੇਜਿਆ ਜਾ ਸਕਦਾ ਹੈ। ਉਨ੍ਹਾਂ ਦੱਸਿਆ ਕਿ ਜਾਣ ਤੋਂ ਪਹਿਲਾਂ ਡਾਕਟਰਾਂ ਨੇ ਨਵਾਜ਼ ਸ਼ਰੀਫ਼ ਦੀ ਲਾਹੌਰ ਦੇ ਪਿੰਡ ਜਾਤੀ ਉਮਰਾ ਦੇ ਨਿਵਾਸ ਸਥਾਨ 'ਤੇ ਜਾਂਚ ਕੀਤੀ ਅਤੇ ਯਾਤਰਾ ਵਿੱਚ ਉਨ੍ਹਾਂ ਦੀ ਹਾਲਤ ਸਥਿਰ ਰੱਖਣ ਲਈ ਉਨ੍ਹਾਂ ਨੂੰ ਸਟੀਰੌਇਡ ਤੇ ਦਵਾਈਆਂ ਦੀ ਭਾਰੀ ਖ਼ੁਰਾਕ ਦਿੱਤੀ। ਏਅਰ ਐਂਬੂਲੈਂਸ ਵਿੱਚ ਆਈ ਸੀ ਯੂ ਅਤੇ ਆਪ੍ਰੇਸ਼ਨ ਰੂਮ ਬਣਾਏ ਗਏ ਹਨ। ਇਸ 'ਚ ਮਾਹਿਰ ਡਾਕਟਰ ਅਤੇ ਉਨ੍ਹਾਂ ਦੇ ਸਹਾਇਕ ਵੀ ਮੌਜੂਦ ਰਹਿਣਗੇ। ਵਰਨਣ ਯੋਗ ਹੈ ਕਿ ਇਮਰਾਨ ਖ਼ਾਨ ਸਰਕਾਰ ਨੇ ਨਵਾਜ਼ ਸ਼ਰੀਫ਼ ਦੇ ਇਲਾਜ ਲਈ ਬ੍ਰਿਟੇਨ ਜਾਣ ਵਾਸਤੇ 700 ਕਰੋੜ ਰੁਪਏ ਮੁਆਵਜ਼ਾਂ ਬਾਂਡ ਜਮ੍ਹਾਂ ਕਰਨ ਦੀ ਸ਼ਰਤ ਲਾਈ ਸੀ ਪਰ ਸ਼ਰੀਫ਼ ਨੇ ਇਸ ਨੂੰ ਮੰਨਣ ਤੋਂ ਇਨਕਾਰ ਕਰ ਕੇ ਕਿਹਾ ਸੀ ਕਿ ਇਹ ਗ਼ੈਰ-ਕਾਨੂੰਨੀ ਹੈ। ਸ਼ਾਹਬਾਜ਼ ਸ਼ਰੀਫ਼ ਨੇ ਸਰਕਾਰ ਦੀ ਇਸ ਮੰਗ ਨੂੰ ਅਦਾਲਤ 'ਚ ਚੁਣੌਤੀ ਦਿੱਤੀ ਤਾਂ ਲਾਹੌਰ ਹਾਈ ਕੋਰਟ ਨੇ ਨਵਾਜ਼ ਸ਼ਰੀਫ਼ ਨੂੰ ਚਾਰ ਹਫ਼ਤਿਆਂ ਲਈ ਇਲਾਜ ਕਰਾਉਣ ਲਈ ਵਿਦੇਸ਼ ਜਾਣ ਦੀ ਇਜਾਜ਼ਤ ਦੇ ਦਿੱਤੀ ਸੀ।

# ਸਾਬਕਾ ਪਤਨੀ ਰੇਹਮ ਖ਼ਾਨ ਫਿਰ ਇਮਰਾਨ ਖਾਨ ਉੱਤੇ ਭੜਕ ਪਈ

ਲੰਡਨ, 20 ਨਵੰਬਰ (ਪੋਸਟ ਬਿਊਰੋ)- ਬ੍ਰਿਟੇਨ ਦੀ ਪੱਤਰਕਾਰ ਰੇਹਮ ਖ਼ਾਨ ਨਾਲ ਪਾਕਿਸਤਾਨੀ ਪ੍ਰਧਾਨ ਮੰਤਰੀ ਇਮਰਾਨ ਖ਼ਾਨ ਦਾ ਵਿਆਹ ਬੇਮੁਸ਼ਿਕਲ 10 ਮਹੀਨੇ ਚਲਿਆ, ਪਰ ਦੋਵਾਂ ਵਿਚਾਲੇ ਨਫ਼ਰਤ ਦਾ ਸਿਲਸਿਲਾ ਉਦੋਂ ਤੋਂ ਜਾਰੀ ਹੈ। ਉਹ ਇਮਰਾਨ ਖ਼ਾਨ ਨੂੰ ਫਟਕਾਰ ਲਾਉਣ ਜਾਂ ਜਲੀਲ ਕਰਨ ਦਾ ਮੌਕਾ ਨਹੀਂ ਛੱਡਦੀ।



ਰੇਹਮ ਨਿੱਜੀ ਤੇ ਰਾਜਨੀਤਕ, ਦੋਵਾਂ ਤਰ੍ਹਾਂ ਇਮਰਾਨ ਦੀ ਲਗਾਤਾਰ ਆਲੋਚਨਾ ਕਰਦੀ ਹੈ। ਸੋਮਵਾਰ ਨੂੰ ਰੇਹਮ ਦਾ ਇਕ ਵੀਡੀਓ ਬਿਆਨ ਪਾਕਿਸਤਾਨੀ ਮੀਡੀਆ ਵਿੱਚ ਵਾਇਰਲ ਹੋ ਗਿਆ। ਇਸ ਵਿੱਚ ਰੇਹਮ ਨੇ ਸਾਬਕਾ ਪ੍ਰਧਾਨ ਮੰਤਰੀ ਨਵਾਜ਼ ਸ਼ਰੀਫ਼ ਦੀ ਬੇਟੀ ਮਰੀਅਮ ਨਵਾਜ਼ ਨੂੰ ਡਾਈਟ ਕੋਕ ਦੀ ਸਪਲਾਈ ਰੋਕਣ ਲਈ ਇਮਾਰਨ ਖ਼ਾਨ ਦੀ ਸਰਕਾਰ ਦੀ ਆਲੋਚਨਾ ਕੀਤੀ। ਉਹ ਇਸ ਗੱਲ ਤੋਂ ਕਾਫੀ ਨਾਰਾਜ਼ ਸੀ। ਰੇਹਮ ਨੇ ਕਿਹਾ ਕਿ ਨਵਾਜ਼ ਸ਼ਰੀਫ਼ ਦਾ ਪਰਿਵਾਰ ਹਰ ਤਰ੍ਹਾਂ ਦੀਆਂ ਮੁਸ਼ਕਲਾਂ ਦਾ ਸਾਹਮਣਾ ਕਰ ਸਕਦਾ ਹੈ। ਤੁਹਾਡਾ ਆਗੂ ਇਕ ਦਿਨ ਜੇਲ੍ਹ ਨਹੀਂ ਰਹਿ ਸਕਦਾ। ਅੱਜ ਤੁਸੀਂ ਮਰੀਅਮ ਨੂੰ ਡਾਈਟ ਕੋਕ ਦੇਣ ਤੋਂ ਮਨ੍ਹਾ ਕੀਤਾ ਹੈ। ਜੇ ਤੁਹਾਡੇ ਆਗੂਆਂ ਨੂੰ ਵੀ ਜੇਲ੍ਹ ਵਿੱਚ ਕੋਕ ਪੀਣ ਤੋਂ ਮਨ੍ਹਾ ਕਰ ਦਿੱਤਾ ਤਾਂ ਸੋਚੋ ਕੀ ਹੋਵੇਗਾ। ਜੇ ਤੁਸੀਂ ਵੀ ਜੇਲ੍ਹ ਜਾਓਗੇ ਤਾਂ ਤੁਹਾਡੇ ਨਾਲ ਵੀ ਇਹੋ ਸਲੂਕ ਹੋਵੇਗਾ ਤੇ ਫਿਰ ਕੀ ਕਰੋਗੇ। ਇਹੀ ਨਹੀਂ, ਰੇਹਮ ਨੇ ਨਵਾਜ਼ ਸ਼ਰੀਫ਼ ਦੇ ਪਰਿਵਾਰ ਦਾ ਬਚਾਅ ਕਰਦਿਆਂ ਇਮਰਾਨ ਖਾਨ ਨੂੰ ਘੇਰਿਆ ਹੈ। ਸੋਸ਼ਲ ਮੀਡੀਆ ਉੱਤੇ ਕਰੀਬ 4 ਮਿੰਟ ਦੇ ਵੀਡੀਓ ਨੂੰ ਪੋਸਟ ਵਿੱਚ ਉਨ੍ਹਾਂ ਨੇ ਇਮਰਾਨ ਖ਼ਾਨ ਦੀ ਨਿੰਦਾ ਕੀਤੀ ਹੈ। ਇਨ੍ਹਾਂ ਦਿਨੀਂ ਖ਼ਰਾਬ ਆਰਥਿਕ ਹਾਲਾਤ ਕਾਰਨ ਪਾਕਿਸਤਾਨ ਦੇ ਪ੍ਰਧਾਨ ਮੰਤਰੀ ਇਮਰਾਨ ਖ਼ਾਨ ਉੱਤੇ ਚੌਤਰਫ਼ੇ ਹਮਲੇ ਹੋ ਰਹੇ ਹਨ। ਤਾਂ ਰੇਹਮ ਨੇ ਵੀ ਕਿਹਾ ਕਿ ਇਮਰਾਨ ਨੇ ਦੇਸ਼ ਨਾਲ ਬੇਵਫਾਈ ਕੀਤੀ ਹੈ ਤਾਂ ਕੀਤੇ ਹੋਏ ਕਰਮਾਂ ਦਾ ਫਲ ਮਿਲ ਰਿਹਾ ਹੈ।

# ਜੇ ਤੁਸੀਂ ਬੇਟੀ ਦੇ ਪਿਤਾ ਹੋ, ਤਾਂ ਲੰਬੀ ਹੋਵੇਗੀ ਤੁਹਾਡੀ ਉਮਰ

ਨਵੀਂ ਦਿੱਲੀ, 20 ਨਵੰਬਰ (ਪੋਸਟ ਬਿਊਰੋ)- ਪਾਪ ਦੀ ਪਰੀ, ਪਾਪਾ ਦੀ ਲਾਡਲੀ, ਪਿਤਾ ਨੂੰ ਬੇਟੀਆਂ ਨਾਲ ਵੱਧ ਪਿਆਰ ਹੁੰਦਾ ਹੈ, ਇਹ ਗੱਲਾਂ ਤੁਸੀਂ ਵੀ ਸੁਣੀਆਂ ਹੋਣਗੀਆਂ ਅਤੇ ਜੇ ਤੁਸੀਂ ਖ਼ੁਦ ਬੇਟੀ ਹੋ ਜਾਂ ਬੇਟੀ ਦੇ ਪਿਤਾ ਹੋ ਤਾਂ ਮਹਿਸੂਸ ਵੀ ਕੀਤਾ ਹੋਵੇਗਾ। ਪਿਤਾ ਨੂੰ ਬੇਟੀਆਂ ਨਾਲ ਹਮੇਸ਼ਾ ਵੱਧ ਲਾਡ ਰਹਿੰਦਾ ਹੈ।

ਬੇਟੀਆਂ ਘਰ ਦੇ ਨਾਲ ਪਿਤਾ ਦੇ ਜੀਵਨ ਵਿੱਚ ਜਿੰਨੀਆਂ ਖੁਸ਼ੀਆਂ ਲੈ ਕੇ ਆਉਂਦੀਆਂ ਹਨ। ਉਹ ਪਿਤਾ ਦੀ ਉਮਰ ਵਧਾਉਣ ਦਾ ਕੰਮ ਕਰਦੀਆਂ ਹਨ ਤੇ ਇਹ ਗੱਲ ਇੱਕ ਨਵੀਂ ਸਟੱਡੀ ਵਿੱਚ ਸਾਬਿਤ ਹੋ ਚੁੱਕੀ ਹੈ। ਨਵੀਂ ਸਟੱਡੀ ਮੁਤਾਬਕ ਜੇ ਤੁਸੀਂ ਬੇਟੀ ਦੇ ਪਿਤਾ ਹੋ ਤਾਂ ਤੁਹਾਡੀ ਉਮਰ ਉਨ੍ਹਾਂ ਲੋਕਾਂ ਦੀ ਤੁਲਨਾ ਵਿੱਚ ਵੱਧ ਹੋਵੇਗੀ ਜਿਨ੍ਹਾਂ ਦੀਆਂ ਬੇਟੀਆਂ ਨਹੀਂ ਹਨ। ਆਮ ਤੌਰ 'ਤੇ ਜਦ ਬੱਚੇ ਦਾ ਜਨਮ ਹੁੰਦਾ ਹੈ ਤਾਂ ਸਿਰਫ ਹੋਣ ਵਾਲੀ ਮਾਂ ਦੀ ਗੱਲ ਹੁੰਦੀ ਹੈ, ਪਰ ਇਸ ਸਟੱਡੀ ਵਿੱਚ ਇਹ ਜਾਨਣ ਦੀ ਕੋਸ਼ਿਸ਼ ਕੀਤੀ ਗਈ ਹੈ ਕਿ ਜਦ ਬੱਚੇ ਦਾ ਜਨਮ ਹੁੰਦਾ ਹੈ ਤਾਂ ਇਸ ਦਾ ਪਿਤਾ ਦੀ ਸਿਹਤ ਅਤੇ ਉਸ ਦੇ ਸਰੀਰ 'ਤੇ ਕੀ ਅਸਰ ਪੈਂਦਾ ਹੈ। ਪੋਲੈਂਡ ਦੀ ਇੱਕ ਯੂਨੀਵਰਸਿਟੀ ਵੱਲੋਂ ਇਹ ਸਟੱਡੀ ਕਰਵਾਈ ਗਈ ਸੀ, ਜਿਸ ਵਿੱਚ ਚਾਰ ਹਜ਼ਾਰ 310 ਲੋਕਾਂ ਨੂੰ ਸ਼ਾਮਲ ਕੀਤਾ ਗਿਆ ਸੀ। ਇਸ ਵਿੱਚ 2,147 ਮਾਂ ਅਤੇ 2,163 ਪਿਤਾ ਸ਼ਾਮਲ ਸਨ।

ਸਟੱਡੀ ਵਿੱਚ ਇਹ ਗੱਲ ਸਾਹਮਣੇ ਆਈ ਕਿ ਬੇਟਿਆਂ ਦੇ ਜਨਮ ਉਤੇ ਪਿਤਾ ਕਿਸੇ ਤਰ੍ਹਾਂ ਦਾ ਕੋਈ ਅਸਰ ਨਹੀਂ ਹੋਇਆ, ਪ੍ਰੰਤੂ ਬੇਟੀਆਂ ਦੇ ਜਨਮ ਦਾ ਪਿਤਾ ਦੀ ਲੰਬੀ ਉਮਰ ਨਾਲ ਸੰਬੰਧ ਸੀ। ਸਟੱਡੀ ਵਿੱਚ ਇਹ ਗੱਲ ਸਾਹਮਣੇ ਆਈ ਹੈ ਕਿ ਪਿਤਾ ਦੀਆਂ ਜਿੰਨੀਆਂ ਵੱਧ ਬੇਟੀਆਂ ਹੋਣਗੀਆਂ, ਉਨ੍ਹਾਂ ਦਾ ਜੀਵਨ ਓਨਾ ਹੀ ਲੰਬਾ ਹੋਵੇਗਾ। ਇਹ ਖਬਰ ਬੇਟੀਆਂ ਦੇ ਪਿਤਾ ਦੇ ਲਈ ਗੁੱਡ ਨਿਊਜ਼ ਹੈ, ਪਰ ਮਾਵਾਂ ਲਈ ਨਹੀਂ। ਅਜਿਹਾ ਅਸੀਂ ਇਸ ਲਈ ਕਹਿ ਰਹੇ ਹਾਂ ਕਿਉਂਕਿ ਅਮਰੀਕਨ ਜਰਨਲ ਆਫ ਹਿਊਮਨ ਬਾਇਓਲਾਜੀ ਵਿੱਚ ਛਪੀ ਇੱਕ ਦੂਸਰੀ ਸਟੱਡੀ ਮੁਤਾਬਕ ਬੇਟੇ ਅਤੇ ਬੇਟੀਆਂ ਦੋਵਾਂ ਦਾ ਮਾਂ ਦੀ ਸਿਹਤ 'ਤੇ ਨਾਕਾਰਾਤਮਕ ਅਸਰ ਹੁੰਦਾ ਹੈ ਅਤੇ ਮਾਂ ਦੀ ਉਮਰ ਘੱਟ ਹੋ ਜਾਂਦੀ ਹੈ।

# ਸੀ ਐਸ ਈ ਨੂੰ ਇੰਦਰਾ ਗਾਂਧੀ ਪੁਰਸਕਾਰ

ਨਵੀਂ ਦਿੱਲੀ, 20 ਨਵੰਬਰ (ਪੋਸਟ ਬਿਊਰੋ)- ਸ਼ਾਂਤੀ, ਹਥਿਆਰਬੰਦੀ ਤੇ ਵਿਕਾਸ ਲਈ ਦਿੱਤਾ ਜਾਣ ਵਾਲਾ ਇੰਦਰਾ ਗਾਂਧੀ ਪੁਰਸਕਾਰ ਸਾਲ 2018 ਲਈ ਸੈਂਟਰ ਫਾਰ ਸਾਇੰਸ ਐਂਡ ਇਨਵਾਇਰਮੈਂਟ (ਸੀ ਐਸ ਈ) ਨੂੰ ਦਿੱਤਾ ਗਿਆ। ਸੀ ਐਸ ਈ ਵੱਲੋਂ ਸੰਸਥਾ ਦੀ ਡਾਇਰੈਕਟਰ ਜਰਨਲ ਸੁਨੀਤਾ ਨਾਰਾਇਣ ਨੇ ਕੱਲ੍ਹ ਇਹ ਪੁਰਸਕਾਰ ਲਿਆ।

ਇਸ ਮੌਕੇ ਸੁਨੀਤਾ ਨਾਰਾਇਣ ਨੇ ਕਿਹਾ ਕਿ ਹਵਾ ਪ੍ਰਦੂਸ਼ਣ ਸਮਾਨਤਾ ਲਿਆਉਣ ਵਾਲਾ ਸਭ ਤੋਂ ਵੱਡਾ ਕਾਰਕ ਹੈ ਜਿਹੜਾ ਅਮੀਰ ਗ਼ਰੀਬ 'ਚ ਭੇਦ ਨਹੀਂ ਕਰਦਾ। ਪੁਰਸਕਾਰ ਪ੍ਰੋਗਰਾਮ 'ਚ ਕਾਂਗਰਸ ਪ੍ਰਧਾਨ ਸੋਨੀਆ ਗਾਂਧੀ ਨੇ ਰਾਸ਼ਟਰੀ ਰਾਜਧਾਨੀ 'ਚ ਵਿਗੜਦੀ ਹਵਾ ਗੁਣਵੱਤਾ 'ਤੇ ਚਿੰਤਾ ਪ੍ਰਗਟਾਉਂਦਿਆਂ ਕਿਹਾ, ਅਸੀਂ ਜਿਹੜੀ ਦੁਨੀਆ ਦੇ ਸਭ ਤੋਂ ਪ੍ਰਦੂਸ਼ਿਤ ਸ਼ਹਿਰ ਦੇ ਰੂਪ ਵਿੱਚ ਬਦਨਾਮ ਇਸ ਰਾਜਧਾਨੀ 'ਚ ਰਹਿੰਦੇ ਹਾਂ, ਹਵਾ ਦੀ ਗੁਣਵੱਤਾ 'ਚ ਆਏ ਫ਼ਰਕ ਨੂੰ ਯਾਦ ਕਰ ਸਕਦੇ ਹਾਂ ਹੁਣ ਜਨਤਕ ਵਾਹਨਾਂ 'ਚ ਸੀ ਐਨ ਜੀ ਨੂੰ ਲਾਗੂ ਕੀਤਾ ਗਿਆ ਸੀ। ਇਹ ਬਦਲਾਅ ਸੀ ਐਸ ਈ ਦੀ ਠੋਸ ਮਾਹਰਤਾ ਤੇ ਉਸ ਸਮੇਂ ਦੀ ਕਾਂਗਰਸ ਸਰਕਾਰ ਕਾਰਨ ਹੀ ਸੰਭਵ ਹੋ ਸਕਿਆ ਸੀ। ਇਸ ਮੌਕੇ 'ਤੇ ਕਾਂਗਰਸ ਪ੍ਰਧਾਨ ਨੇ ਵਾਤਾਵਰਨ ਦਾ ਸੁਰੱਖਿਆ ਲਈ ਸਾਬਕਾ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਵੱਲੋਂ ਚੁੱਕੇ ਗਏ ਕਦਮਾਂ ਦਾ ਵੀ ਜ਼ਿਕਰ ਕੀਤਾ।

# ਐੱਨ ਜੀ ਟੀ ਨੇ ਕਾਨਪੁਰ ਦੀਆਂ 22 ਟੈਨਰੀਆਂ ਨੂੰ 280 ਕਰੋੜ ਰੁਪਏ ਜੁਰਮਾਨਾ ਲਗਾਇਆ

ਨਵੀਂ ਦਿੱਲੀ, 20 ਨਵੰਬਰ (ਪੋਸਟ ਬਿਊਰੋ)- ਨੈਸ਼ਨਲ ਗ੍ਰੀਨ ਟ੍ਰਿਬਿਊਨਲ (ਐੱਨ ਜੀ ਟੀ) ਨੇ ਕਾਨਪੁਰ ਦੇ ਰਾਣੀਆਂ ਅਤੇ ਰਾਖੀ ਮੰਡੀ ਇਲਾਕਿਆਂ ਵਿਚ ਵੱਖ-ਵੱਖ ਟੈਨਰੀਆਂ ਵਲੋਂ ਗੰਗਾ ਦਰਿਆ ਵਿਚ ਪਾਏ ਜਾਂਦੇ ਪ੍ਰਦੂਸ਼ਿਤ ਪਾਣੀ ਨੂੰ ਰੋਕਣ ਤੋਂ ਨਾਕਾਮ ਰਹਿਣ ਲਈ ਯੂ ਪੀ ਸਰਕਾਰ ਦੀ ਜ਼ੋਰਦਾਰ ਖਿਚਾਈ ਕੀਤੀ ਹੈ।



ਐੱਨ ਜੀ ਟੀ ਦੇ ਚੇਅਰਮੈਨ ਜਸਟਿਸ ਆਦਰਸ਼ ਕੁਮਾਰ ਗੋਇਲ ਦੇ ਬੈਂਚ ਨੇ ਉਕਤ ਖੇਤਰ ਦੀਆਂ 22 ਟੈਨਰੀਆਂ ਨੂੰ 280 ਕਰੋੜ ਰੁਪਏ ਜੁਰਮਾਨਾ ਕੀਤਾ ਅਤੇ ਉੱਤਰ ਪ੍ਰਦੇਸ਼ ਸਰਕਾਰ ਨੂੰ ਜ਼ਿੰਮੇਵਾਰ ਮੰਨਦਿਆਂ 10 ਕਰੋੜ ਰੁਪਏ ਪੈਨਲਟੀ ਲਾਈ ਹੈ। ਉਨ੍ਹਾ ਕਿਹਾ ਕਿ ਪਿਛਲੇ 43 ਸਾਲਾਂ ਤੋਂ ਇਸ ਸਮੱਸਿਆ ਨੂੰ ਹੱਲ ਕਰਨ ਦਾ ਕੋਈ ਯਤਨ ਨਹੀਂ ਕੀਤਾ ਗਿਆ ਤਾਂ ਇਸ ਦਾ ਸਿੱਟਾ ਇਹ ਨਿਕਲਿਆ ਹੈ ਕਿ ਜ਼ਮੀਨ ਹੇਠਲਾ ਪਾਣੀ ਵੀ ਦੂਸ਼ਿਤ ਹੁੰਦਾ ਜਾਂਦਾ ਹੈ। ਇਸ ਕਾਰਨ ਲੋਕਾਂ ਦੀ ਸਿਹਤ ਉੱਤੇ ਬਹੁਤ ਮਾੜਾ ਅਸਰ ਪੈ ਰਿਹਾ ਹੈ। ਸੂਬਾਈ ਪ੍ਰਦੂਸ਼ਣ ਕੰਟਰੋਲ ਬੋਰਡ ਨੇ 280.01 ਕਰੋੜ ਰੁਪਏ ਦਾ ਮੁਆਵਜ਼ਾ ਦੇਣ ਦਾ ਅਨੁਮਾਨ ਲਾਇਆ ਹੈ। ਇਹ ਮੁਆਵਜ਼ਾ ਸਿਰਫ 2019 ਸਾਲ ਲਈ ਹੈ। ਬੈਂਚ ਨੇ ਕਿਹਾ ਕਿ ਇਸ ਤੋਂ ਪਹਿਲਾਂ ਦੇ ਸਾਲਾਂ ਬਾਰੇ ਨਾ ਸੂਬਾ ਸਰਕਾਰ ਨੇ ਅਤੇ ਨਾ ਉੱਤਰ ਪ੍ਰਦੇਸ਼ ਪ੍ਰਦੂਸ਼ਣ ਕੰਟਰੋਲ ਬੋਰਡ ਨੇ ਜ਼ਿਕਰ ਕੀਤਾ ਹੈ। ਉਨ੍ਹਾਂ ਕਿਹਾ ਕਿ ਰਾਜ ਸਰਕਾਰ ਪਬਲਿਕ ਟਰੱਸਟ ਡਾਕਟ੍ਰਾਇੰਗ ਅਧੀਨ ਇਹ ਰਕਮ ਈ ਐੱਸ ਸੀ ਆਰ ਡਬਲਯੂ ਦੇ ਖਾਤੇ ਵਿਚ ਜਮ੍ਹਾ ਕਰਾਵੇ ਤਾਂ ਜੋ ਇਲਾਕੇ ਵਿਚ ਜਨ ਸਿਹਤ ਦੀਆਂ ਵੱਖ-ਵੱਖ ਸਹੂਲਤਾਂ ਬਹਾਲ ਕੀਤੀਆਂ ਜਾਣ। ਇਹ ਰਕਮ ਇਕ ਮਹੀਨੇ ਅੰਦਰ ਜਮ੍ਹਾ ਕਰਵਾਉਣੀ ਹੋਵੇਗੀ। ਬੈਂਚ ਨੇ ਉੱਤਰ ਪ੍ਰਦੇਸ਼ ਪ੍ਰਦੂਸ਼ਣ ਕੰਟਰੋਲ ਬੋਰਡ ਨੂੰ ਸਾਰੇ ਹਾਲਾਤ ਦਾ ਜ਼ਿੰਮੇਵਾਰ ਮੰਨਿਆ ਅਤੇ ਇਕ ਕਰੋੜ ਰੁਪਏ ਜੁਰਮਾਨਾ ਦੇਣ ਲਈ ਕਿਹਾ। ਬੈਂਚ ਮੁਤਾਬਕ ਪ੍ਰਦੂਸ਼ਣ ਕੰਟਰੋਲ ਬੋਰਡ ਵੱਖ-ਵੱਖ ਟੈਨਰੀਆਂ ਤੋਂ ਗੰਗਾ ਦਰਿਆ ਵਿਚ ਡਿੱਗਦੇ ਪ੍ਰਦੂਸ਼ਿਤ ਪਾਣੀ ਨੂੰ ਰੋਕਣ ਤੋਂ ਨਾਕਾਮ ਰਿਹਾ ਹੈ। ਯੂ ਪੀ ਜਲ ਨਿਗਮ ਵੀ ਇਸ ਦੇ ਲਈ ਜ਼ਿੰਮੇਵਾਰ ਹੈ। ਉਸ ਨੂੰ ਵੀ ਇਕ ਕਰੋੜ ਰੁਪਏ ਦੀ ਪੈਨਲਟੀ ਲਾਈ ਗਈ ਹੈ।

ਇਸ ਦੌਰਾਨ ਐੱਨ ਜੀ ਟੀ ਦੇ ਹੁਕਮ ਉੱਤੇ ਟਿੱਪਣੀ ਕਰਦਿਆਂ ਕਾਨਪੁਰ ਦੀ ਲੈਦਰ ਵੈੱਲਫੇਅਰ ਐਸੋਸੀਏਸ਼ਨ ਦੇ ਜਨਰਲ ਸਕੱਤਰ ਅਸਦ ਕਮਲ ਇਰਾਕੀ ਨੇ ਕਿਹਾ ਕਿ ਅਜਿਹਾ ਹੁਕਮ ਇਸ ਇੰਡਸਟਰੀ ਦੇ ਕਫਨ ਵਿਚ ਆਖਰੀ ਕਿੱਲ ਸਾਬਿਤ ਹੋਵੇਗਾ। ਇੰਡਸਟਰੀ ਪਿਛਲੇ ਕਈ ਸਾਲਾਂ ਤੋਂ ਕਈ ਗੰਭੀਰ ਸੰਕਟਾਂ ਵਿਚ ਘਿਰੀ ਹੋਈ ਹੈ। ਇਸ ਦੇ ਬਾਵਜੂਦ ਉਹ ਚੌਗਿਰਦੇ ਸਬੰਧੀ ਸਭ ਸੇਧ ਲੀਹਾਂ ਦੀ ਪਾਲਣਾ ਕਰ ਰਹੀ ਹੈ।

# ਦੇਰ ਨਾਲ ਖਾਣਾ ਖਾਣ ਦੇ ਕਾਰਨ ਦਿਲ ਦੀ ਬਿਮਾਰੀ ਦਾ ਖਤਰਾ ਵਧ ਸਕਦੈ

ਲੰਡਨ, 20 ਨਵੰਬਰ (ਪੋਸਟ ਬਿਊਰੋ)- ਦਿਲ ਦੀਆਂ ਬਿਮਾਰੀਆਂ




ਦਾ ਜੋਖਮ ਸਿਰਫ ਇਸ ਉਤੇ ਨਿਰਭਰ ਨਹੀਂ ਹੁੰਦਾ ਕਿ ਤੁਸੀਂ ਕੀ ਖਾਂਦੇ ਹੋ, ਸਗੋਂ ਖਾਣ ਦਾ ਸਮਾਂ ਵੀ ਇੱਕ ਮਹੱਤਵ ਪੂਰਨ ਭੂਮਿਕਾ ਨਿਭਾਉਂਦਾ ਹੈ।

ਇੱਕ ਖੋਜ ਅਨੁਸਾਰ ਜੋ ਔਰਤਾਂ ਸ਼ਾਮ ਨੂੰ ਛੇ ਵਜੇ ਤੋਂ ਪਿੱਛੋਂ ਰਾਤ ਦਾ ਖਾਣਾ ਖਾਂਦੀਆਂ ਹਨ, ਉਨ੍ਹਾਂ ਨੂੰ ਦਿਲ ਸੰਬੰਧੀ ਬਿਮਾਰੀਆਂ ਹੋਣ ਦਾ ਖਤਰਾ ਵੱਧ ਹੁੰਦਾ ਹੈ। ਤਾਜ਼ਾ ਖੋਜ 'ਚ ਇਹ ਖੁਲਾਸਾ ਹੋਇਆ ਹੈ ਕਿ ਜੋ ਲੋਕ ਦੇਰ ਨਾਲ ਖਾਣਾ ਖਾਂਦੇ ਹਨ, ਉਨ੍ਹਾਂ ਵਿੱਚ ਹਾਈ ਬਲੱਡ ਪ੍ਰੈਸ਼ਰ, ਹਾਈ ਬੀ ਐੱਮ ਆਈ ਅਤੇ ਬਲੱਡ ਸ਼ੂਗਰ ਉਤੇ ਖਰਾਬ ਕੰਟਰੋਲ ਹੁੰਦਾ ਹੈ। ਇਸ ਬਾਰੇ ਕੋਲੰਬੀਆ ਯੂਨੀਵਰਸਿਟੀ 'ਚ 112 ਔਰਤਾਂ 'ਤੇ ਕੀਤੀ ਗਈ ਖੋਜ ਅਨੁਸਾਰ ਸ਼ਾਮ ਨੂੰ ਜਲਦੀ ਖਾਣਾ ਖਾਣ ਨਾਲ ਦਿਲ ਦੀਆਂ ਬਿਮਾਰੀਆਂ ਦਾ ਖਤਰਾ ਘਟ ਸਕਦਾ ਹੈ। ਦਿਲ ਦੀ ਸਿਹਤ ਮਾਪਣ ਲਈ ਅਮਰੀਕਨ ਹਾਰਟ ਐਸੋਸੀਏਸ਼ਨ ਲਾਈਫ ਦੇ ਸੱਤ ਕਾਰਕਾਂ ਦੀ ਵਰਤੋਂ ਕੀਤੀ। ਇਨ੍ਹਾਂ 'ਚ ਸਿਗਰਟਨੋਸ਼ੀ ਨਾ ਕਰਨਾ, ਸਰਗਰਮ ਰਹਿਣਾ, ਵਧੀਆ ਖਾਣਾ, ਪਤਲੇ ਹੋਣਾ, ਘੱਟ ਕੋਲੈਸਟ੍ਰੋਲ, ਘੱਟ ਬਲੱਡ ਪ੍ਰੈਸ਼ਰ ਅਤੇ ਬਲੱਡ ਸ਼ੂਗਰ ਦੇ ਪੱਧਰ 'ਤੇ ਕੰਟਰੋਲ ਰੱਖਣਾ ਆਦਿ ਸ਼ਾਮਲ ਹਨ। ਖੋਜਾਂ 'ਚ ਹਮੇਸ਼ਾ ਇਹ ਦੱਸਿਆ ਗਿਆ ਹੈ ਕਿ ਜੋ ਇਨ੍ਹਾਂ ਕਾਰਕਾਂ ਨੂੰ ਧਿਆਨ ਵਿੱਚ ਰੱਖ ਕੇ ਸਿਹਤਮੰਦ ਜੀਵਨ ਜਿਉਂਦੇ ਹਨ, ਉਨ੍ਹਾਂ ਵਿੱਚ ਦਿਲ ਦੀਆਂ ਬਿਮਾਰੀਆਂ ਦਾ ਖਤਰਾ ਘੱਟ ਹੁੰਦਾ ਹੈ। ਇਸ ਖੋਜ 'ਚ ਸਾਰੇ ਸ਼ਾਮਲ ਲੋਕਾਂ ਦੀ ਉਮਰ 33 ਸਾਲ ਸੀ। ਸਾਰਿਆਂ ਨੂੰ ਖੋਜ ਦੇ ਸ਼ੁਰੂ 'ਚ ਹੈਲਥ ਸਕੋਰ ਦਿੱਤਾ ਗਿਆ। ਉਨ੍ਹਾਂ ਨੇ ਫੂਡ ਡਾਇਰੀ 'ਚ ਦਰਜ ਕੀਤਾ ਕਿ ਉਨ੍ਹਾਂ ਨੇ ਕੀ ਖਾਧਾ ਤੇ ਕਦੋਂ ਖਾਧਾ। ਅਜਿਹਾ ਉਨ੍ਹਾਂ ਨੇ ਖੋਜ ਸ਼ੁਰੂ ਹੋਣ ਦੇ ਇੱਕ ਹਫਤੇ ਦੇ ਅੰਦਰ ਅਤੇ ਖੋਜ ਖਤਮ ਹੋਣ ਤੋਂ ਇੱਕ ਹਫਤੇ ਪਹਿਲਾਂ ਕੀਤਾ। ਖੋਜ ਅਨੁਸਾਰ ਸ਼ਾਮ ਛੇ ਵਜੇ ਦੇ ਬਾਅਦ ਖਾਣਾ ਖਾਣ ਨਾਲ ਦਿਲ ਦੀ ਸਿਹਤ ਠੀਕ ਨਹੀਂ ਰਹਿੰਦੀ। ਜਿਨ੍ਹਾਂ ਔਰਤਾਂ ਨੇ ਇਸ ਤੋਂ ਬਾਅਦ ਜ਼ਿਆਦਾ ਕੈਲੋਰੀ ਦਾ ਸੇਵਨ ਕੀਤਾ, ਉਨ੍ਹਾਂ ਦਾ ਬਲੱਡ ਪ੍ਰੈਸ਼ਰ ਵੱਧ ਸੀ, ਇਨ੍ਹਾਂ ਦਾ ਭਾਰ ਵੱਧ ਸੀ ਤੇ ਬਲੱਡ ਸ਼ੂਗਰ ਠੀਕ ਤਰ੍ਹਾਂ ਨਾਲ ਕੰਟਰੋਲ ਨਹੀਂ ਹੋ ਰਿਹਾ ਸੀ।

# ਨਹਿਰੂ-ਗਾਂਧੀ ਪਰਿਵਾਰ ਦੀਆਂ ਮੁਸ਼ਕਲਾਂ ਵਧਾਉਣ ਵਾਲਾ ਨੋਟਿਸ ਪ੍ਰਸ਼ਾਸਨ ਨੇ ਭੇਜਿਆ

ਲਖਨਊ, 20 ਨਵੰਬਰ (ਪੋਸਟ ਬਿਊਰੋ)- ਭਾਰਤ ਦੇ ਪਹਿਲੇ ਪ੍ਰਧਾਨ ਮੰਤਰੀ ਪੰਡਤ ਜਵਾਹਰ ਲਾਲ ਨਹਿਰੂ ਦੇ ਉੱਤਰ ਪ੍ਰਦੇਸ਼ ਵਿਚਲੇ ਜੱਦੀ ਘਰ ਆਨੰਦ ਭਵਨ ਉੱਤੇ ਕਰੋੜਾਂ ਰੁਪਏ ਦਾ ਟੈਕਸ ਬਕਾਇਆ ਹੈ। ਇਸ ਸੰਬੰਧ ਵਿੱਚ ਪ੍ਰਯਾਗਰਾਜ ਨਗਰ ਨਿਗਮ ਨੇ ਨੋਟਿਸ ਭੇਜਿਆ ਹੈ।



ਵਰਨਣ ਯੋਗ ਹੈ ਕਿ ਕਾਂਗਰਸ ਪ੍ਰਧਾਨ ਸੋਨੀਆ ਗਾਂਧੀ ਦੀ ਅਗਵਾਈ ਵਾਲੇ ਜਵਾਹਰ ਲਾਲ ਨਹਿਰੂ ਮੈਮੋਰੀਅਲ ਫੰਡ ਦੇ ਰਾਹੀਂ ਆਨੰਦ ਭਵਨ ਚਲਾਇਆ ਜਾਂਦਾ ਹੈ। ਪ੍ਰਯਾਗਰਾਜ ਨਗਰ ਨਿਗਮ ਨੇ ਆਨੰਦ ਭਵਨ, ਸਵਰਾਜ ਭਵਨ ਅਤੇ ਜਵਾਹਰ ਪਲੈਨੀਟੇਰੀਅਮ ਉੱਤੇ 4.44 ਕਰੋੜ ਰੁਪਏ ਬਕਾਇਆ ਹਾਊਸ ਟੈਕਸ ਲਈ ਨੋਟਿਸ ਭੇਜਿਆ ਹੈ। ਨਗਰ ਨਿਗਮ ਦਾ ਕਹਿਣਾ ਹੈ ਕਿ ਆਨੰਦ ਭਵਨ ਅਤੇ ਉਸ ਨਾਲ ਜੁੜੀਆਂ ਇਮਾਰਤਾਂ ਦੀ ਵਪਾਰਕ ਵਰਤੋਂ ਕਾਰਨ ਉਹਨਾਂ ਦਾ ਟੈਕਸ ਵਧਿਆ ਹੈ ਅਤੇ ਇਸ ਦਾ ਨੋਟਿਸ ਭੇਜਿਆ ਗਿਆ ਹੈ। ਮੀਡੀਆ ਰਿਪੋਰਟਾਂ ਮੁਤਾਬਕ ਪ੍ਰਯਾਗਰਾਜ ਨਗਰ ਨਿਗਮ ਦੇ ਚੀਫ ਟੈਕਸ ਅਫਸਰ ਪੀ ਕੇ ਮਿਸ਼ਰਾ ਨੇ ਦੱਸਿਆ ਕਿ ਦੋ ਹਫਤੇ ਪਹਿਲਾਂ ਉਨ੍ਹਾਂ ਨੇ ਆਨੰਦ ਭਵਨ, ਸਵਰਾਜ ਭਵਨ ਅਤੇ ਜਵਾਹਰ ਪਲੇਨੀਟੇਰੀਅਮ ਨੂੰ ਹਾਊਸ ਟੈਕਸ ਦਾ ਨੋਟਿਸ ਭੇਜਿਆ ਹੈ। ਇਸ ਦੇ ਜਵਾਬ ਵਿੱਚ ਜਵਾਹਰ ਲਾਲ ਨਹਿਰੂ ਮੈਮੋਰੀਅਲ ਫੰਡ (ਨਵੀਂ ਦਿੱਲੀ) ਵੱਲੋਂ ਚਿੱਠੀ ਭੇਜੀ ਗਈ ਹੈ, ਜਿਸ ਵਿੱਚ ਕੁਲ ਬਕਾਇਆ ਅਤੇ ਵਿਸਥਾਰ ਸਰਵੇ ਰਿਪੋਰਟ ਦੇਣ ਦੇ ਲਈ ਕਿਹਾ ਗਿਆ ਹੈ। ਪ੍ਰਯਾਗਰਾਜ ਦੀ ਮੇਅਰ ਅਭਿਲਾਸ਼ਾ ਗੁਪਤਾ ਨੇ ਦੱਸਿਆ ਕਿ ਇਸ ਦੀ ਸਮੀਖਿਆ ਲਈ ਕਿਹਾ ਗਿਆ ਹੈ।

# ਬੱਚਿਆਂ ਦੇ ਲਈ ਦਾਲ ਦੇ ਪਰੌਂਠੇ ਫਾਇਦੇਮੰਦ

ਨਵੀਂ ਦਿੱਲੀ, 20 ਨਵੰਬਰ (ਪੋਸਟ ਬਿਊਰੋ)- ਯੂਨੀਸੇਫ ਨੇ ਬੱਚਿਆਂ ਦੇ ਚੰਗੀ ਸਿਹਤ ਦੇ ਲਈ ਖ਼ੁਰਾਕ ਵਸਤਾਂ ਦੀ ਇੱਕ ਕਿਤਾਬ ਪੇਸ਼ ਕੀਤੀ ਜਿਸ ਦਾ ਨਾਂਅ 'ਉਤਪਮ ਤੋਂ ਲੈ ਕੇ ਪੁੰਗਰੀ ਦਾਲ ਦੇ ਪਰੌਂਠੇ' ਹਨ।

ਇਹ ਕਿਤਾਬ ਦੱਸਦੀ ਹੈ ਕਿ 20 ਰੁਪਏ ਤੋਂ ਘੱਟ ਕੀਮਤ ਵਿੱਚ ਬਣਨ ਵਾਲੇ ਪੋਸ਼ਟਿਕ ਭੋਜਨ ਨਾਲ ਬੱਚਿਆਂ ਵਿੱਚ ਘੱਟ ਵਜਨ, ਮੋਟਾਪਾ ਅਤੇ ਅਨੀਮੀਆ ਵਰਗੀ ਸਮੱਸਿਆ ਨਾਲ ਨਜਿੱਠਿਆ ਜਾ ਸਕਦਾ ਹੈ। ਇਸ ਦੇ ਲਈ ਉਨ੍ਹਾਂ ਨੂੰ ਖਾਸ ਡਾਈਟ ਪਲਾਨ ਕੀ ਹੈ, ਇਸ ਦੇ ਲਈ ਯੂਨੀਸੇਫ (ਯੂ ਐੱਨ ਬਾਲ ਫੰਡ) ਨੇ ਖ਼ੁਰਾਕ ਵਸਤਾਂ ਦੀ ਇੱਕ ਕਿਤਾਬ ਪੇਸ਼ ਕੀਤੀ ਹੈ। ਇਸ ਵਿੱਚ ਦੱਸਿਆ ਗਿਆ ਹੈ ਕਿ ਬੱਚਿਆਂ ਨੂੰ ਕਿੰਦਾਂ ਦਾ ਖਾਣਾ ਖਵਾਉਣਾ ਹੈ ਤਾਂ ਕਿ ਉਹ ਤੰਦਰੁਸਤ ਰਹਿਣ। ਇਸ ਵਿੱਚ ਤਾਜ਼ੇ ਭੋਜਨ ਅਤੇ ਉਸ ਨੂੰ ਬਣਾਉਣ ਵਿੱਚ ਕੁੱਲ ਖਰਚ ਨੂੰ ਵੀ ਬਿਹਤਰੀਨ ਤਰੀਕੇ ਨਾਲ ਦੱਸਿਆ ਗਿਆ ਹੈ। ਕਿਤਾਬ ਵਿੱਚ ਦਿੱਤੀਆਂ ਸਾਰੀਆਂ ਖ਼ੁਰਾਕੀ ਵਸਤਾਂ ਦੀ ਕੈਲੋਰੀ ਮਾਤਰਾ ਦੇ ਇਲਾਵਾ ਪ੍ਰੋਟੀਨ, ਕਾਰਬੋਹਾਈਟ੍ਰੇਟ, ਵਸਾ, ਫਾਈਬਰ, ਆਇਰਨ, ਵਿਟਾਮਨ ਸੀ ਅਤੇ ਕੈਲਸ਼ੀਅਮ ਦੀ ਮਾਤਰਾ ਦੀ ਵਿਸਥਾਰ ਸਹਿਤ ਜਾਣਕਾਰੀ ਦਿੱਤੀ ਗਈ ਹੈ।

ਇਸ ਕਿਤਾਬ ਵਿੱਚ ਬੱਚਿਆਂ ਵਿੱਚ ਘੱਟ ਵਜ਼ਨ ਦੀ ਸਮੱਸਿਆ ਨਾਲ ਨਜਿੱਠਣ ਦੇ ਲਈ ਆਲੂ ਦੇ ਭਰਵੇਂ ਪਰੌਂਠੇ, ਪਨੀਰ ਕਾਠੀ ਰੋਲ ਅਤੇ ਸਾਬੂਦਾਣਾ ਕਟਲੇਟ ਵਰਗੀਆਂ ਖ਼ੁਰਾਕੀ ਵਸਤਾਂ ਦੀਆਂ ਵਿਧੀਆਂ ਦਿੱਤੀਆਂ ਗਈਆਂ ਹਨ। ਮੋਟਾਪਾ ਦੂਰ ਕਰਨ ਲਈ ਪੁੰਗਰੀਆਂ ਦਾਲਾਂ ਦੇ ਪਰੌਂਠੇ, ਪੋਹਾ ਅਤੇ ਸਬਜ਼ੀਆਂ ਵਾਲੇ ਉਪਮਾ ਦੇ ਸੁਝਾਅ ਦਿੱਤੇ ਗਏ ਹਨ। ਯੂਨੀਸੇਫ ਦੀ ਚੀਫ ਹੇਨਰੀਟਾ ਐੱਚ ਫੋਰ ਨੇ ਕਿਹਾ ਕਿ ਇਸ ਕਿਤਾਬ ਦਾ ਮਕਸਦ ਲੋਕਾਂ ਨੂੰ ਇਹ ਦੱਸਣਾ ਹੈ ਕਿ ਕਿਹੜੀ ਖ਼ੁਰਾਕੀ ਵਸਤਾਂ ਕਿੰਨੀਆਂ ਪੋਸ਼ਟਿਕ ਹਨ। ਨਾਲ ਹੀ ਇਸ ਨੂੰ ਸਕੂਲਾਂ ਦੇ ਸਿਲੇਬਸ ਦਾ ਹਿੱਸਾ ਬਣਾਉਣਾ ਚਾਹੀਦਾ ਹੈ ਅਤੇ ਜੇ ਖੇਤਰੀ ਭਾਸ਼ਾਵਾਂ ਵਿੱਚ ਇਸ ਦਾ ਅਨੁਵਾਦ ਕੀਤਾ ਜਾਏ ਤਾਂ ਇਸ ਨੂੰ ਲੋਕਾਂ ਤੱਕ ਪਹੁੰਚਾਉਣਾ ਆਸਾਨ ਹੋ ਜਾਏਗਾ।

FIRST CHOICE FINANCIAL LIMITED
TRUCK LOANS
ਟੱਰਕ ਲੋਨ ਅਪਰੂਵਲ ਸਿੱਰਫ 2 ਘੰਟਿਆਂ ਦੇ ਅੰਦਰ-ਅੰਦਰ
ਹਰ ਤਰ੍ਹਾਂ ਦੇ ਨਵੇਂ ਤੇ ਪੁਰਾਣੇ ਟੱਰਕ ਤੇ ਟ੍ਰੇਲਰ ਦੀ Financing
- Low Down payment/Flexible Terms
- Large Inventory of New Trucks & Trailers
- Quick Approvals
- Honest Service
- Best Rate in Town
- Offices all over Canada

For more Information Contact
Rajdeep: 647.707.4167
Office: 905.678.2424

# ਚੰਡੀਗੜ੍ਹ ਤੋਂ ਦਿੱਲੀ ਹਾਈਪਰ ਲੂਪ ਦੌੜਨ ਨਾਲ ਸਫਰ 20 ਮਿੰਟਾਂ ਦਾ ਰਹਿ ਜਾਵੇਗਾ

ਚੰਡੀਗੜ੍ਹ, 20 ਨਵੰਬਰ (ਪੋਸਟ ਬਿਊਰੋ)- ਭਾਰਤ ਵਿੱਚ ਮਹਾਰਾਸ਼ਟਰ ਤੋਂ ਬਾਅਦ ਪੰਜਾਬ ਦੂਸਰਾ ਰਾਜ ਹੋਵੇਗਾ, ਜਿੱਥੇ ਹਾਈਪਰਲੂਪ ਦੌੜੇਗੀ ਅਤੇ ਚੰਡੀਗੜ੍ਹ ਤੋਂ ਦਿੱਲੀ ਕੁੱਲ 20 ਮਿੰਟਾਂ ਪੁਚਾ ਦੇਵੇਗੀ।



ਪਤਾ ਲੱਗਾ ਹੈ ਕਿ ਚੰਡੀਗੜ੍ਹ-ਅੰਮ੍ਰਿਤਸਰ ਅਤੇ ਚੰਡੀਗੜ੍ਹ-ਦਿੱਲੀ ਵਿਚਾਲੇ ਸਫਰ ਨੂੰ ਮਿੰਟਾਂ ਵਿੱਚ ਤੈਅ ਕਰਨ ਬਾਰੇ ਹਾਈਸਪੀਡ ਲਾਈਨਾਂ ਵਿਕਸਿਤ ਕਰਨ ਲਈ ਤਜਵੀਜ਼ ਪੇਸ਼ ਕੀਤੀ ਗਈ ਹੈ। ਇਸ ਸੰਬੰਧੀ ਅਗਲੇ ਮਹੀਨੇ 56 ਹਜ਼ਾਰ ਕਰੋੜ ਰੁਪਏ ਦਾ ਸਮਝੌਤਾ ਕੀਤਾ ਜਾਵੇਗਾ। ਪੰਜਾਬ ਦੇ ਸਹਾਇਕ ਮੁੱਖ ਸਕੱਤਰ ਵਿੰਨੀ ਮਹਾਜਨ ਨੇ ਇਸ ਬਾਰੇ ਦੱਸਿਆ ਕਿ ਇਸ ਸਮਝੌਤੇ ਨੂੰ ਦੋਵਾਂ ਧਿਰਾਂ ਵੱਲੋਂ ਅੰਤਿਮ ਰੂਪ ਦਿੱਤਾ ਜਾ ਚੁੱਕਾ ਹੈ ਅਤੇ ਸਿਰਫ ਮੁੱਖ ਮੰਤਰੀ ਦੀ ਆਖਰੀ ਮਨਜ਼ੂਰੀ ਦੀ ਉਡੀਕ ਹੈ। ਇਹ ਪ੍ਰੋਜੈਕਟ ਸਿਰੇ ਚੜ੍ਹ ਜਾਵੇ ਤਾਂ ਚੰਡੀਗੜ੍ਹ ਤੋਂ ਦਿੱਲੀ ਦਾ ਸਫਰ ਸਿਰਫ 20 ਮਿੰਟਾਂ ਦਾ ਰਹਿ ਜਾਵੇਗਾ ਕਿਉਂਕਿ ਹਾਈਪਰਲੂਪ, ਬੁਲਟ ਟਰੇਨ ਅਤੇ ਹਵਾਈ ਜਹਾਜ਼ ਤੋਂ ਵੀ ਦੁੱਗਣੀ ਰਫਤਾਰ ਨਾਲ ਭੱਜੇਗੀ। ਇਸ ਤੋਂ ਪਹਿਲਾਂ ਸਾਲ 2018 ਵਿੱਚ ਮਹਾਰਾਸ਼ਟਰ ਨੇ ਪੁਣੇ ਅਤੇ ਮੁੰਬਈ ਵਿਚਾਲੇ ਵਰਜ਼ਿਨ ਹਾਈਪਰਲੂਪ ਦੀ ਪ੍ਰਵਾਨਗੀ ਦਿੱਤੀ ਗਈ ਸੀ।

# ਡੀ ਆਈ ਜੀ ਖਟੜਾ ਨੂੰ ਪੀ ਏ ਪੀ ਵਿੱਚ ਭੇਜਿਆ ਗਿਆ

*** ਦਾਖਾ ਉਪ ਚੋਣ ਵਿੱਚ ਕਾਂਗਰਸ ਦੀ ਹਾਰ ਦੀ ਮਾਰ ਪਈ**

ਲੁਧਿਆਣਾ, 20 ਨਵੰਬਰ (ਪੋਸਟ ਬਿਊਰੋ)- ਇਸ ਜ਼ਿਲੇ ਦਾਖਾ ਵਿਧਾਨ ਸਭਾ ਸੀਟ ਦੀ ਉਪ ਚੋਣ 'ਚ ਕਾਂਗਰਸ ਦੀ ਹਾਰ ਲਈ ਭਾਵੇਂ ਪਾਰਟੀ ਦੀ ਅੰਦਰੂਨੀ ਗੁਟਬਾਜੀ ਨੂੰ ਕਾਰਨ ਮੰਨਿਆ ਜਾ ਰਿਹਾ ਹੈ, ਪਰ ਇਸ ਲਈ ਕਾਰਵਾਈ ਦੀ ਸ਼ੁਰੂਆਤ ਪਾਰਟੀ ਨੇਤਾਵਾਂ ਤੋਂ ਪਹਿਲਾਂ ਅਫਸਰਾਂ ਤੋਂ ਹੋਈ ਹੈ, ਜਿਸ ਤਹਿਤ ਲੁਧਿਆਣਾ ਦੇ ਡੀ ਆਈ ਜੀ ਰਣਬੀਰ ਸਿੰਘ ਖੱਟੜਾ ਦੀ ਪੀ ਏ ਪੀ ਵਿੱਚ ਬਦਲੀ ਨੂੰ ਇਸ ਨਤੀਜੇ ਨਾਲ ਜੋੜ ਕੇ ਦੇਖਿਆ ਜਾ ਰਿਹਾ ਹੈ।

ਵਰਨਣ ਯੋਗ ਹੈ ਕਿ ਆਮ ਆਦਮੀ ਪਾਰਟੀ ਦੇ ਵਿਧਾਇਕ ਐਚ ਐਸ ਫੂਲਕਾ ਵੱਲੋਂ ਅਸਤੀਫਾ ਦੇਣ ਕਾਰਨ ਖਾਲੀ ਹੋਈ ਦਾਖਾ ਵਿਧਾਨ ਸਭਾ ਸੀਟ ਦੀ ਉਪ ਚੋਣ 'ਚ ਅਕਾਲੀ ਦਲ ਨੇ ਫਿਰ ਮਨਪ੍ਰੀਤ ਸਿੰਘ ਇਆਲੀ ਨੂੰ ਖੜਾ ਕੀਤਾ ਸੀ ਤੇ ਕਾਂਗਰਸ ਵੱਲੋਂ ਸਾਰੇ ਲੋਕਲ ਦਾਅਵੇਦਾਰ ਪਾਸੇ ਧੱਕ ਕੇ ਕੈਪਟਨ ਅਮਰਿੰਦਰ ਸਿੰਘ ਦੇ ਓ ਐੱਸ ਡੀ ਸੰਦੀਪ ਸੰਧੂ ਨੂੰ ਟਿਕਟ ਦਿੱਤੀ ਗਈ ਸੀ। ਇਸ ਸੀਟ ਨੂੰ ਜਿੱਤਣ ਲਈ ਕਾਂਗਰਸ ਨੇ ਪੂਰੀ ਤਾਕਤ ਝੋਕ ਦਿੱਤੀ ਅਤੇ ਸਾਰੇ ਪੰਜਾਬ ਤੋਂ ਮੰਤਰੀਆਂ ਤੇ ਵਿਧਾਇਕਾਂ ਦੀ ਡਿਊਟੀ ਲਾਉਣ ਤੋਂ ਇਲਾਵਾ ਖੁਦ ਮੁੱਖ ਮੰਤਰੀ ਨੇ ਸੰਦੀਪ ਸੰਧੂ ਦੇ ਪੇਪਰ ਫਾਈਲ ਕਰਾਉਣ ਤੋਂ ਬਾਅਦ ਦੋ ਵਾਰ ਰੋਡ ਸ਼ੋਅ ਕਰ ਕੇ ਉਨ੍ਹਾਂ ਦੇ ਹੱਕ 'ਚ ਵੋਟਾਂ ਮੰਗੀਆਂ ਸਨ। ਇਸ ਦੇ ਬਾਵਜੂਦ ਬਾਕੀ ਤਿੰਨ ਸੀਟਾਂ ਜਿੱਤ ਲਈਆਂ ਤੇ ਦਾਖਾ ਵਿੱਚ ਪਾਰਟੀ ਉਮੀਦਵਾਰ ਹਾਰ ਗਿਆ ਸੀ। ਇਸ ਦਾ ਕਾਂਗਰਸ ਹਾਈ ਕਮਾਨ ਨੂੰ ਕਾਫੀ ਗੁੱਸਾ ਹੈ, ਜਿਸ ਲਈ ਚੋਣਾਂ ਵਿੱਚ ਹੋਈਆਂ ਕੁਝ ਵਿਵਾਦਤ ਘਟਨਾਵਾਂ ਦੇ ਨਾਲ ਕਾਂਗਰਸ ਦੇ ਕਈ ਨੇਤਾਵਾਂ ਵੱਲੋਂ ਅੰਦਰਖਾਤੇ ਨੁਕਸਾਨ ਕਰਨ ਦੀ ਗੱਲ ਕਹੀ ਜਾ ਰਹੀ ਹੈ। ਇਹੀ ਨਹੀਂ, ਇਸ ਹਾਰ ਲਈ ਕੁਝ ਅਧਿਕਾਰੀਆਂ ਉੱਤੇ ਵੀ ਉਂਗਲ ਉਠਾਈ ਗਈ ਹੈ ਜਿਨ੍ਹਾਂ ਵਿੱਚ ਡੀ ਆਈ ਜੀ ਖਟੜਾ ਦੇ ਖਿਲਾਫ ਮੁੱਖ ਮੰਤਰੀ ਦਫਤਰ ਤੱਕ ਫੀਡਬੈਕ ਪਹੁੰਚਣ ਦੀ ਸੂਚਨਾ ਹੈ।

ਇਸ ਚੋਣ ਵਿੱਚ ਚੋਣ ਕਮਿਸ਼ਨ ਨੇ ਪਹਿਲਾਂ ਐੱਸ ਐੱਚ ਓ ਦੀ ਬਦਲੀ ਕਰ ਦਿੱਤੀ ਅਤੇ ਫਿਰ ਵੋਟਿੰਗ ਵਾਲੇ ਦਿਨ ਹਲਕਾ ਦਾਖਾ ਦਾ ਕੰਟਰੋਲ ਐੱਸ ਐੱਸ ਪੀ ਜਗਰਾਓਂ ਤੋਂ ਖੋਹਣ ਪਿੱਛੋਂ ਡੀ ਆਈ ਜੀ ਨੂੰ ਸੌਂਪ ਦਿੱਤਾ ਸੀ। ਕਾਂਗਰਸ ਦੇ ਕੁਝ ਨੇਤਾਵਾਂ ਨੂੰ ਲੱਗਦਾ ਹੈ ਕਿ ਡੀ ਆਈ ਜੀ ਨੇ ਬਾਹਰੀ ਜ਼ਿਲਿਆਂ ਦੀ ਪੁਲਸ ਮੰਗਵਾ ਕੇ ਉਨ੍ਹਾਂ ਦੀ ਸਾਰੀ ਤਿਆਰੀ 'ਤੇ ਪਾਣੀ ਫੇਰ ਦਿੱਤਾ, ਜਿਹੜੀ ਉਨ੍ਹਾਂ ਦੀ ਹਾਰ ਦਾ ਕਾਰਨ ਬਣੀ ਹੈ। ਇਸ ਦੇ ਸਬੂਤ ਵਜੋਂ ਮਨਪ੍ਰੀਤ ਸਿੰਘ ਇਆਲੀ ਵੱਲੋਂ ਕੁਝ ਅਧਿਕਾਰੀਆਂ ਵੱਲੋਂ ਉਨ੍ਹਾਂ ਦੀ ਮਦਦ ਕਰਨ ਦੀ ਗੱਲ ਕਬੂਲਣ ਦੇ ਵੀਡੀਓ ਨੂੰ ਆਧਾਰ ਬਣਾਇਆ ਜਾ ਰਿਹਾ ਹੈ ਜਿਸ ਨੂੰ ਡੀ ਆਈ ਜੀ ਦੀ ਬਦਲੀ ਦਾ ਕਾਰਨ ਮੰਨਿਆ ਜਾ ਰਿਹਾ ਹੈ।

ਪੰਜਾਬ ਸਰਕਾਰ ਨੇ ਕੱਲ੍ਹ ਲੁਧਿਆਣਾ ਰੇਂਜ ਦੇ ਡੀ ਆਈ ਜੀ ਰਣਬੀਰ ਸਿੰਘ ਖਟੜਾ ਸਮੇਤ ਤਿੰਨ ਸੀਨੀਅਰ ਆਈ ਪੀ ਐੱਸ ਅਧਿਕਾਰੀਆਂ ਦੇ ਤਬਾਦਲੇ ਕੀਤੇ ਹਨ। ਐਡੀਸ਼ਨਲ ਚੀਫ ਸੈਕਟਰੀ (ਗ੍ਰਹਿ) ਸਤੀਸ਼ ਚੰਦਰਾ ਵੱਲੋਂ ਜਾਰੀ ਹੁਕਮਾਂ ਅਨੁਸਾਰ ਡੀ ਆਈ ਜੀ ਰਣਬੀਰ ਸਿੰਘ ਖਟੜਾ ਨੂੰ ਲੁਧਿਆਣਾ ਤੋਂ ਬਦਲ ਕੇ ਪੀ ਏ ਪੀ ਜਲੰਧਰ ਭੇਜਿਆ ਗਿਆ ਤੇ ਇਸ ਦੇ ਬਦਲੇ ਜਸਕਰਨ ਸਿੰਘ ਆਈ ਜੀ, ਪੀ ਏ ਪੀ ਜਲੰਧਰ ਨੂੰ ਲੁਧਿਆਣਾ ਰੇਂਜ ਦਾ ਆਈ ਜੀ ਲਾਇਆ ਗਿਆ ਹੈ।

## ਥੱਪੜ ਕਾਂਡ ਕਾਰਨ ਅਕਾਲੀ ਬਨਾਮ ਭਾਜਪਾ ਦਾ ਮੁੱਦਾ ਬਣਾਉਣ ਦੀ ਤਿਆਰੀ ਸ਼ੁਰੂ

ਜਲੰਧਰ, 20 ਨਵੰਬਰ (ਪੋਸਟ ਬਿਊਰੋ)- ਪਿਛਲੇ ਹਫਤੇ ਏਥੇ ਭਾਜਪਾ ਦੀ ਗਾਂਧੀ ਸੰਕਲਪ ਯਾਤਰਾ ਵਿੱਚ ਹੋਈ ਹਿੰਸਾ ਨੂੰ ਅਕਾਲੀ ਬਨਾਮ ਭਾਜਪਾ ਦਾ ਮੁੱਦਾ ਬਣਾਉਣ ਦੀ ਤਿਆਰੀ ਹੋ ਗਈ ਹੈ। ਜਾਣਕਾਰ ਸੂਤਰਾਂ ਤੋਂ ਪਤਾ ਲੱਗਾ ਹੈ ਕਿ ਭਾਜਪਾ ਦੇ ਕੁਝ ਨੇਤਾ ਇਸ ਮੁੱਦੇ ਨੂੰ ਅਕਾਲੀ ਦਲ ਦਾ ਭਾਜਪਾ 'ਤੇ ਹਮਲਾ ਮੰਨ ਰਹੇ ਹਨ। ਪਤਾ ਲੱਗਾ ਹੈ ਕਿ ਇਹ ਮੁੱਦਾ ਅਕਾਲੀ ਬਨਾਮ ਭਾਜਪਾ ਦਾ ਬਣਾ ਕੇ ਮਾਮਲਾ ਭਾਜਪਾ ਹਾਈਕਮਾਨ ਅਤੇ ਸੰਘ ਤੱਕ ਪਹੁੰਚ ਚੁੱਕਾ ਹੈ ਅਤੇ ਭਾਜਪਾ ਆਪਣਾ ਅਕਸ ਠੀਕ ਕਰਨ ਲਈ ਅਤੇ ਇਸ ਤੋਂ ਪਿੱਛਾ ਛੁਡਾਉਣ ਲਈ ਅਕਾਲੀ ਦਲ 'ਤੇ ਭਾਂਡਾ ਭੰਨਣਾ ਚਾਹੁੰਦੀ ਹੈ।

ਵਰਨਣ ਯੋਗ ਹੈ ਕਿ ਭਾਰਤੀ ਜਨਤਾ ਪਾਰਟੀ ਨੇ 13 ਤੋਂ 17 ਨਵੰਬਰ ਤੱਕ ਗਾਂਧੀ ਸੰਕਲਪ ਯਾਤਰਾ ਦਾ ਆਯੋਜਨ ਕੀਤਾ ਸੀ। ਇਸ ਦੌਰਾਨ 16 ਨਵੰਬਰ ਨੂੰ ਜਲੰਧਰ ਦੇ ਸੈਂਟਰਲ ਵਿਧਾਨ ਸਭਾ ਹਲਕੇ ਦੇ ਇਲਾਕੇ ਰਾਮਾ ਮੰਡੀ ਵਿੱਚ ਜਾਂਦੀ ਯਾਤਰਾ ਦੌਰਾਨ ਭਾਜਪਾਈਆਂ ਦਾ ਹਿੰਸਕ ਟਕਰਾਅ ਹੋ ਗਿਆ। ਇਸ ਦੌਰਾਨ ਅਕਾਲੀ ਦਲ ਦੇ ਸਾਬਕਾ ਕੌਂਸਲਰ ਬਲਬੀਰ ਸਿੰਘ ਬਿੱਟੂ ਅਤੇ ਯੁਵਾ ਮੋਰਚਾ ਦੇ ਸੂਬਾ ਪ੍ਰਧਾਨ ਸੰਨੀ ਸ਼ਰਮਾ ਦਾ ਝਗੜਾ ਵਧ ਗਿਆ ਅਤੇ ਬਿੱਟੂ ਨੇ ਸੰਨੀ ਨੂੰ ਥੱਪੜ ਮਾਰ ਦਿੱਤਾ। ਇਸ ਥੱਪੜ ਕਾਂਡ ਨਾਲ ਭਾਜਪਾ ਦੀ ਜੋ ਬੇਇੱਜ਼ਤੀ ਹੋਈ ਉਸ ਦੀ ਸ਼ਿਕਾਇਤ ਭਾਜਪਾ ਹਾਈ ਕਮਾਨ ਤੇ ਰਾਸ਼ਟਰੀ ਸਵੈਸੇਵਕ ਸੰਘ ਦੇ ਅਧਿਕਾਰੀਆਂ ਤੱਕ ਪਹੁੰਚ ਗਈ ਹੈ। ਉਸ ਦੇ ਬਾਅਦ ਤੋਂ ਭਾਜਪਾ ਵਿੱਚ ਕਾਬਿਜ਼ ਗੁੱਟ ਲਈ ਪ੍ਰੇਸ਼ਾਨੀ ਵਧ ਗਈ ਹੈ।

## ਗੀਤਾ ਮੰਦਰ ਕਮੇਟੀ ਨੇ ਸੈਕਟਰੀ ਸਣੇ ਤਿੰਨ ਮੈਂਬਰ ਅਹੁਦਿਆਂ ਤੋਂ ਹਟਾਏ

ਜਲੰਧਰ, 20 ਨਵੰਬਰ (ਪੋਸਟ ਬਿਊਰੋ)- ਇਸ ਮਹਾਨਗਰ ਵਿੱਚ ਮਾਡਲ ਟਾਊਨ ਗੀਤਾ ਮੰਦਰ ਕਮੇਟੀ ਦੀ ਮੀਟਿੰਗ ਵਿੱਚ ਸਰਬ ਸੰਮਤੀ ਨਾਲ ਸੈਕਟਰੀ ਸਮੇਤ ਤਿੰਨ ਮੈਂਬਰਾਂ ਨੂੰ ਅਹੁਦਿਆਂ ਤੋਂ ਹਟਾ ਦਿੱਤਾ ਗਿਆ ਹੈ। ਕਮੇਟੀ ਦੇ ਪ੍ਰਧਾਨ ਅਰੁਣ ਵਾਲੀਆ ਅਤੇ ਸੈਕਟਰੀ ਵਿਜੇ ਥਾਪਰ ਨੇ ਦੱਸਿਆ ਕਿ ਜਿਨ੍ਹਾਂ ਮੈਂਬਰਾਂ ਨੂੰ ਅਹੁਦੇ ਤੋਂ ਹਟਾਇਆ ਹੈ, ਉਨ੍ਹਾਂ ਵਿੱਚ ਸੈਕਟਰੀ ਕਮਲ ਸਚਦੇਵਾ, ਕੈਸ਼ੀਅਰ ਰਾਜੀਵ ਠਾਕੁਰ, ਕਾਰਜਕਾਰਨੀ ਮੈਂਬਰ ਹਰਸੰਤ ਡੋਗਰਾ ਸ਼ਾਮਲ ਹਨ। ਅਰੁਣ ਵਾਲੀਆ ਨੇ ਦੱਸਿਆ ਕਿ ਕੁਝ ਲੋਕ ਮੰਦਰ ਵਿੱਚ ਮਾਹੌਲ ਖਰਾਬ ਕਰਨ ਦੀ ਕੋਸ਼ਿਸ਼ ਕਰ ਰਹੇ ਹਨ, ਪਰ ਅਜਿਹਾ ਕਿਸੇ ਸੂਰਤ ਸਹਿਣ ਨਹੀਂ ਕੀਤਾ ਜਾਏਗਾ। ਮੰਦਰ ਕਮੇਟੀ ਦੀ ਚੋਣ ਕਰਾਉਣ ਲਈ ਤਿੰਨ ਮੈਂਬਰੀ ਕਮੇਟੀ ਬਣਾਈ ਗਈ ਹੈ, ਜਿਨ੍ਹਾਂ ਵਿੱਚ ਹਾਈ ਕੋਰਟ ਦੇ ਸਾਬਕਾ ਜੱਜ ਐੱਨ ਕੇ ਸੂਦ, ਦੋ ਐਡਵੋਕੇਟ ਵੀ ਕੇ ਸਰੀਨ ਅਤੇ ਕੰਵਰ ਉਪਿੰਦਰਜੀਤ ਸਿੰਘ ਸ਼ਾਮਲ ਹਨ। ਉਨ੍ਹਾਂ ਨੇ ਕਿਹਾ ਕਿ ਉਕਤ ਕਮੇਟੀ ਜਿਸ ਤਰ੍ਹਾਂ ਚੋਣ ਦੇ ਲਈ ਰੂਪਰੇਖਾ ਤਿਆਰ ਕਰੇਗੀ, ਉਸੇ ਹਿਸਾਬ ਨਾਲ ਚੋਣ ਕਰਾਈ ਜਾਏਗੀ। ਅਰੁਣ ਵਾਲੀਆ ਨੇ ਕਿਹਾ ਕਿ ਮਾਡਲ ਟਾਊਨ ਦਾ ਗੀਤਾ ਮੰਦਰ ਲੋਕਾਂ ਦੀ ਸ਼ਰਧਾ ਦਾ ਕੇਂਦਰ ਹੈ, ਪ੍ਰੰਤੂ ਕੁਝ ਸ਼ਰਾਰਤੀ ਅਨਸਰਾਂ ਗਲਤ ਅਫਵਾਹਾਂ ਫੈਲਾ ਰਹੇ ਹਨ। ਇਸ ਨਾਲ ਲੋਕਾਂ ਦੀ ਆਸਥਾ ਨੂੰ ਠੇਸ ਪੁੱਜਦੀ ਹੈ।

## ਵਿਧਾਇਕ ਦਾ ਦੋਸ਼, ਐੱਸ ਡੀ ਐੱਮ ਨੇ ਸੱਤ ਲੱਖ ਰਿਸ਼ਵਤ ਮੰਗੀ, ਬਦਲ ਦਿੱਤੈ

ਪਟਿਆਲਾ, 20 ਨਵੰਬਰ (ਪੋਸਟ ਬਿਊਰੋ)- ਰਾਜਪੁਰਾ ਦੇ ਵਿਧਾਇਕ ਹਰਦਿਆਲ ਸਿੰਘ ਕੰਬੋਜ ਨੇ ਪਟਿਆਲਾ ਦੇ ਐੱਸ ਡੀ ਐੱਮ ਰਵਿੰਦਰ ਸਿੰਘ ਅਰੋੜਾ ਉੱਤੇ ਉਨ੍ਹਾਂ ਦੇ ਪਿੰਡ ਦੀ ਪੰਚਾਇਤ ਤੋਂ ਸੱਤ ਲੱਖ ਰੁਪਏ ਰਿਸ਼ਵਤ ਮੰਗਣ ਦਾ ਦੋਸ਼ ਲਾਇਆ ਹੈ। ਇਹ ਦੋਸ਼ ਉਨ੍ਹਾਂ ਨੇ ਕੱਲ੍ਹ ਮਿੰਨੀ ਸਕੱਤਰੇਤ ਵਿੱਚ ਸ਼ਿਕਾਇਤ ਨਿਵਾਰਣ ਕਮੇਟੀ ਦੀ ਬੈਠਕ ਵਿੱਚ ਲਾਇਆ, ਜਿੱਥੇ ਵਿਧਾਇਕ ਸਾਧੂ ਸਿੰਘ ਧਰਮਸੋਤ ਅਤੇ ਕਾਕਾ ਰਾਜਿੰਦਰ ਸਿੰਘ ਵੀ ਮੌਜੂਦ ਸਨ।

ਵਿਧਾਇਕ ਹਰਦਿਆਲ ਸਿੰਘ ਕੰਬੋਜ਼ ਨੇ ਬੈਠਕ ਵਿੱਚ ਕਿਹਾ ਕਿ ਐੱਸ ਡੀ ਐੱਮ ਰਵਿੰਦਰ ਸਿੰਘ ਅਰੋੜਾ ਨੇ ਉਨ੍ਹਾਂ ਦੇ ਆਪਣੇ ਪਿੰਡ ਸੁੱਲਰ ਦੀ ਪੰਚਾਇਤ ਤੋਂ ਸੱਤ ਲੱਖ ਰੁਪਏ ਰਿਸ਼ਵਤ ਮੰਗੀ ਹੈ। ਇਸ ਨਾਲ ਬੈਠਕ ਵਿੱਚ ਬੈਠੇ ਵੱਖ-ਵੱਖ ਵਿਭਾਗਾਂ ਦੇ ਕਰਮਚਾਰੀ ਅਤੇ ਅਧਿਕਾਰੀ ਹੈਰਾਨ ਹੋ ਗਏ ਅਤੇ ਡਿਪਟੀ ਕਮਿਸ਼ਨਰ ਕੁਮਾਰ ਅਮਿਤ ਨੇ ਵਿਧਾਇਕ ਨੂੰ ਇਸ ਕੇਸ ਵਿੱਚ ਜਾਂਚ ਕਰ ਕੇ ਬਣਦੀ ਕਾਰਵਾਈ ਦਾ ਭਰੋਸਾ ਦਿੱਤਾ। ਦੋਸ਼ ਲੱਗਣ ਪਿੱਛੋਂ ਰਾਤ ਕਰੀਬ ਨੌਂ ਵਜੇ ਚੀਫ ਸੈਕਟਰੀ ਕਰਣ ਅਵਤਾਰ ਸਿੰਘ ਨੇ ਐਸ ਡੀ ਐਮ ਦਾ ਤਬਾਦਲੇ ਦਾ ਹੁਕਮ ਜਾਰੀ ਕਰ ਦਿੱਤਾ ਅਤੇ ਉਨ੍ਹਾਂ ਦਾ ਕਾਰਜਭਾਰ ਡੀ ਸੀ ਨੂੰ ਸੌਂਪ ਦਿੱਤਾ।

## ਕਾਰ ਅੱਗੇ ਪਸ਼ੂ ਆਉਣ ਨਾਲ ਹਾਦਸਾ, ਦੋ ਮਰੇ

ਕਪੂਰਥਲਾ, 20 ਨਵੰਬਰ (ਪੋਸਟ ਬਿਊਰੋ)- ਸਥਾਨਕ ਫੱਤੂ-ਢੀਂਗਾ ਰੋਡ ਉੱਤੇ ਕੱਲ੍ਹ ਰਾਤ ਪਿੰਡ ਸੁਰਖਪੁਰ ਵਾਸੀ ਦੋ ਕਾਰ ਸਵਾਰ ਨੌਜਵਾਨਾਂ ਦੀ ਕਾਰ ਅੱਗੇ ਅਚਾਨਕ ਲਾਵਾਰਸ ਪਸ਼ੂ ਆ ਗਿਆ, ਜਿਸ ਨੂੰ ਬਚਾਉਂਦੇ ਹੋਏ ਕਾਰ ਪਸ਼ੂ ਨਾਲ ਟਕਰਾ ਕੇ ਪਲਟੀਆਂ ਖਾਂਦੀ ਦੂਰ ਜਾ ਡਿੱਗੀ। ਇਸ ਨਾਲ ਕਾਰ ਸਵਾਰ ਦੋਵਾਂ ਨੌਜਵਾਨਾਂ ਦੀ ਮੌਕੇ 'ਤੇ ਮੌਤ ਹੋ ਗਈ।

ਥਾਣਾ ਕੋਤਵਾਲੀ ਦੇ ਏ ਐਸ ਆਈ ਲਖਵਿੰਦਰ ਸਿੰਘ ਨੇ ਦੱਸਿਆ ਕਿ ਕੱਲ੍ਹ ਦੇਰ ਰਾਤ ਉਨ੍ਹਾਂ ਨੂੰ ਨਵਾਂ ਪਿੰਡ ਭੱਠਾ ਨੇੜੇ ਹਾਦਸਾ ਹੋਣ ਦੀ ਸੂਚਨਾ ਮਿਲੀ ਤਾਂ ਉਹ ਮੌਕੇ 'ਤੇ ਪੁੱਜੇ ਅਤੇ ਦੇਖਿਆ ਕਿ ਇੱਕ ਜ਼ੈਨ ਕਾਰ ਬੁਰੀ ਤਰ੍ਹਾਂ ਚਕਨਾਚੂਰ ਹੋ ਚੁੱਕੀ ਸੀ। ਕਾਰ ਵਿੱਚ 26 ਸਾਲਾ ਭੁਪਿੰਦਰ ਸਿੰਘ ਪਿੰਡ ਸੁਰਖਪੁਰ ਤੇ 34 ਸਾਲਾ ਅਵਤਾਰ ਸਿੰਘ ਵਾਸੀ ਸੁਰਖਪੁਰ ਸਨ। ਦੋਵੇਂ ਦੇਰ ਰਾਤ ਕਿਸੇ ਕੰਮ ਤੋਂ ਵਾਪਸ ਪਿੰਡ ਮੁੜ ਰਹੇ ਸਨ। ਤੇਜ਼ ਰਫਤਾਰ ਕਾਰ ਜਦੋਂ ਪਿੰਡ ਨਵ ਪਿੰਡ ਭੱਠਾ ਨੇੜੇ ਪੁੱਜੀ ਤਾਂ ਅਚਾਨਕ ਅੱਗੇ ਲਾਵਾਰਸ ਪਸ਼ੂ ਆ ਗਿਆ, ਜਿਸ ਨੂੰ ਬਚਾਉਣ ਦੇ ਚੱਕਰ 'ਚ ਚਾਲਕ ਨੇ ਜ਼ੋਰਦਾਰ ਬਰੇਕ ਲਗਾਈ, ਪਰ ਕਾਰ ਦੀ ਰਫਤਾਰ ਤੇਜ਼ ਹੋਣ ਕਾਰਨ ਕਾਰ ਪਸ਼ੂ ਨਾਲ ਟਕਰਾ ਕੇ ਪਲਟੀਆਂ ਖਾਂਦੀ ਹੋਏ ਸੜਕ ਕੰਢੇ ਜਾ ਡਿੱਗੀ। ਹਾਦਸੇ ਦੌਰਾਨ ਦੋਵੇਂ ਕਾਰ ਸਵਾਰਾਂ ਦੇ ਸਿਰ 'ਚ ਸੱਟ ਲੱਗਣ ਕਾਰਨ ਮੌਕੇ 'ਤੇ ਮੌਤ ਹੋ ਗਈ ਤੇ ਲਾਸ਼ਾਂ ਕਾਰ ਅੰਦਰ ਫਸ ਗਈਆਂ, ਜਿਨ੍ਹਾਂ ਨੂੰ ਬੜੀ ਮੁਸ਼ਕਲ ਨਾਲ ਕੱਢਿਆ ਗਿਆ।

A/Z CITY DRIVER WANTED
INNOVATION Transportation
◦A/Z City Drivers Needed
◦Good Pay and good Mileage
◦Day, Afternoon & Weekend Shifts
◦Weekly Pay
$22 /Hour
◦7 Days Work ◦All Shifts Available
Toronto ਤੇ Montreal ਲਈ ਵੀ ਡਰਾਇਵਰਾਂ ਦੀ ਲੋੜ ਹੈ
Call : 416- 268-9952
70 Delta Park Blvd, Unit # 4, Brampton

Beauty Parlour ਲਈ ਲੜਕੀਆਂ ਦੀ ਲੋੜ ਹੈ
Beauty/Hair Salon in Mississauga ਲਈ hair cutting (Gents/Ladies) ਅਤੇ Threading/waxing ਦਾ ਕੰਮ ਜਾਣਨ ਵਾਲੀਆਂ ਲੜਕੀਆਂ ਦੀ ਲੋੜ ਹੈ। Barber ਵੀ ਅਪਲਾਈ ਕਰ ਸਕਦੇ ਹਨ। ਵਧੇਰੀ ਜਾਣਕਾਰੀ ਲਈ ਸੰਪਰਕ ਕਰੋ
Off: 905-814-7400
Ph: 416-566-9678

Girl Needed for Sharing Room
25 ਸਾਲ ਤੋਂ 40 ਸਾਲਾਂ ਤੱਕ ਲੜਕੀ ਦੀ ਲੋੜ ਹੈ
1 ਬੈਡਰੂਮ ਬੇਸਮੈਂਟ, ਰੈਂਟ ਸ਼ੇਅਰ ਕੀਤਾ ਜਾਵੇਗਾ, ਸਾਰੀਆਂ ਸਹੂਲਤਾਂ ਦੇ ਨੇੜੇ ਜਿਵੇਂ ਬੱਸ ਸਟੈਂਡ, ਗਰੋਸਰੀ ਸਟੋਰ, ਆਦਿ। ਕਾਰ ਪਾਰਕਿੰਗ ਵੀ ਉਪਲੱਬਧ ਹੈ।
Brampton (Airport & Bovaird)
437-236-8153

Marriage
Matrimonial
ਰਿਸ਼ਤੇ ਹੀ ਰਿਸ਼ਤੇ
Starting at just $10
ਵਿਆਹ ਸ਼ਾਦੀ ਦਾ ਇਸ਼ਤਿਹਾਰ ਦੇਣ ਲਈ
ਕਾਲ ਕਰੋ: 905-793-2202

## ਲੜਕੀ ਦੀ ਲੋੜ

ਕੈਨੇਡਾ ਵਿਚ ਵੈੱਲ ਸੈਟਲਡ, ਵਿੰਨੀਪੈਗ ਰਹਿ ਰਹੇ ਕੈਨੇਡਾ ਤੋਂ ਐਮਬੀਏ ਦੀ ਡਿਗਰੀ ਪ੍ਰਾਪਤ ਗੁਲਾਟੀ ਪਰਿਵਾਰ ਦੇ 29 ਸਾਲਾ ਲੜਕੇ, ਕੱਦ 6 ਫੁੱਟ 3 ਇੰਚ ਲਈ ਲੰਮੀਂ ਉੱਚੀ ਤੇ ਪੜ੍ਹੀ ਲਿਖੀ ਯੋਗ ਕੰਨਿਆ ਦੀ ਜ਼ਰੂਰਤ ਹੈ। ਤਰਨਤਾਰਨ ਵਿਚ ਪਰਿਵਾਰ ਦਾ ਜਿਊਲਰੀ ਦਾ ਕਾਰੋਬਾਰ ਹੈ। ਚਾਹਵਾਨ ਸੱਜਣ ਇਨ੍ਹਾਂ ਨੰਬਰਾਂ ਉੱਤੇ ਸੰਪਰਕ ਕਰ ਸਕਦੇ ਹਨ-9815908662, 9815032106,416-817-4684.

ਜੱਟ ਸਿੱਖ ਧਨੋਆ ਲੜਕਾ, ਉਮਰ 27 ਸਾਲ ਕੱਦ 5'11'' ਮਿਕੈਨੀਕਲ ਇੰਜਨੀਅਰ ਅੰਮ੍ਰਿਤਧਾਰੀ ਵਿਜ਼ਿਟਰ ਵੀਜ਼ੇ ਉਤੇ ਆਏ, ਲਈ PR/Citizen/Student ਲੜਕੀ ਦੀ ਲੋੜ ਹੈ। ਲੜਕਾ ਆਪਣੇ ਮਾਮਾ-ਮਾਮੀ ਕੋਲ ਰਹਿ ਰਿਹਾ ਹੈ। ਤਲਾਕਸ਼ੁਦਾ ਉਤੇ ਵੀ ਗੌਰ ਕੀਤੀ ਜਾ ਸਕਦੀ ਹੈ। (Student ਦਾ ਖਰਚਾ ਵੀ ਕਰ ਸਕਦੇ ਹਾਂ) ਲੜਕੇ ਦਾ ਭਰਾ ਆਸਟ੍ਰੇਲੀਆ ਰਹਿ ਰਿਹਾ ਹੈ। ਸੰਪਰਕ: 416-708-4100

ਕੈਨੇਡੀਅਨ ਇਮੀਗ੍ਰੈਂਟ ਕੰਬੋਜ ਸਿੱਖ (ਚਤਰਥ) ਲੜਕਾ ਉਮਰ 32 ਸਾਲ 5'8'' ਸੋਹਣਾ ਸੁਨੱਖਾ, ਲਈ ਪੜ੍ਹੀ ਲਿਖੀ ਕੈਨੇਡਾ ਰਹਿੰਦੀ ਲੜਕੀ ਦੀ ਲੋੜ ਹੈ। ਮੁੰਡੇ ਦਾ ਸਾਰਾ ਪਰਿਵਾਰ ਕੈਨੇਡਾ ਸੈਟਲਡ ਹੈ। ਸੰਪਰਕ: 780-297-7375

ਜੱਟ ਸਿੱਖ ਲੜਕਾ, ਉਮਰ 28 ਸਾਲ, ਕੱਦ 5'10'', Dentist, MBA ਆਸਟਰੇਲੀਆ ਵਿੱਚ ਵੱਰਕ ਪਰਮਿਟ ਤੇ ਰਹਿੰਦੇ ਲੜਕੇ ਲਈ ਵਧੀਆ ਪੜ੍ਹੀ-ਲਿਖੀ ਲੜਕੀ ਦੀ ਲੋੜ ਹੈ। ਵਧੇਰੀ ਜਾਣਕਾਰੀ ਲਈ ਸੰਪਰਕ ਕਰੋ : 647-280-6503 । +91-98142-02918 (Whatsapp)

Seeking a suitable match for their son, never married, 43 years, 6' tall, fair, Ramdasia Gursikh, Amritdhari, Canadian citizen. Father class 1 retied officer and well settled family. Serious queries please respond on email sukhi_cancer@yahoo.com or call 416-721-5191 or 647-308-4411(contact after 5 pm)

## ਲੜਕੀ ਦੀ ਲੋੜ

ਜੱਟ ਸਿੱਖ ਲੜਕਾ ਗਰੇਵਾਲ, ਉੱਮਰ 35 ਸਾਲ, ਕੱਦ 5'5'', ਪੀ ਆਰ, ਕੈਨੇਡਾ ਵਿੱਚ ਵੈਲ ਸੈਟਲਡ, ਤਲਾਕਸ਼ੁਦਾ ਪਰ ਬੇਕਸੂਰ ਅਤੇ ਕੋਈ ਬੱਚਾ ਨਹੀਂ, ਨਸ਼ਾ ਰਹਿਤ, ਪੰਜਾਬ ਵਿੱਚ ਸ਼ਹਿਰੀ ਜ਼ਮੀਨ ਦਾ ਮਾਲਕ ਲਈ ਖਾਨਦਾਨੀ ਲੜਕੀ ਦੀ ਲੋੜ ਹੈ। ਪੀ ਆਰ ਲੜਕੀ ਨੂੰ ਪਹਿਲ। ਲੜਕੇ ਦੇ ਮਾਤਾ ਪਿਤਾ ਸੁਪਰਵੀਜ਼ੇ ਤੇ ਕੈਨੇਡਾ ਆਏ ਹਨ ਅਤੇ ਭੈਣ ਵੇਲ ਸੈਟਲਡ ਹੈ। ਲੜਕੇ ਦਾ ਭਰਾ ਅਮਰੀਕਾ ਵਿੱਚ ਰਹਿੰਦਾ ਹੈ। ਵਧੇਰੀ ਜਾਣਕਾਰੀ ਲਈ ਕਾਲ ਕਰੋ: 647-836-5403

ਜੱਟ ਸਿੱਖ ਲੜਕਾ, ਉਮਰ 31 ਸਾਲ, ਕੱਦ 5'-11'', ਨਸ਼ਾ ਰਹਿਤ, ਪੰਜਾਬ ਵਿੱਚ 15 ਕਿਲ੍ਹੇ ਜ਼ਮੀਨ ਦਾ ਮਾਲਕ, ਚੰਗੀ ਜੋਬ, ਲੜਕੇ ਦਾ ਭਰਾ ਕੈਨੇਡਾ ਵਿੱਚ Settled ਹੈ। ਕੈਨੇਡਾ ਵਿੱਚ ਵਰਕ ਪਰਮਿਟ ਤੇ ਰਹਿ ਰਿਹਾ, Divorcee ਵਾਸਤੇ ਤਲਾਕਸ਼ੁਦਾ ਲੜਕੀ ਦੀ ਲੋੜ ਹੈ। ਬੱਚੇ ਵਾਲੇ ਵੀ ਸੰਪਰਕ ਕਰ ਸਕਦੇ ਹਨ, Student ਤੇ ਵੀ ਗੋਰ ਕੀਤੀ ਜਾ ਸਕਦੀ ਹੈ। ਕਾਲ ਕਰੋ: 416-937-1934

Well settled Mair Rajput family in GTA looking for beautiful, tall, educated, preferably post graduate girl from a educated family for well-established handsome, vegetarian Canadian boy, 28 Yrs. / 5'-11", BBA & PG Dip. Mktg. running own business in GTA. Father & Mother doctors, having their own clinic & house in Brampton. Email Bio-data with Photograph at: vermaintoronto@gmail.com

Match for Handsome, Teetotaller, Punjabi Hindu Khatri/Sood boy 44/5'11''(Divorced), Looks Younger, Fair, well settled, Canadian Citizen (India born), Engineer, MBA, CAIB. Own house in Canada/India. Caste no Bar.Father retired officer and mother h/maker. Looking for unmarried, well mannered understand family values. Cell/whatsapp: 647-572-3089

Check our Free E-paper at: www.canadianpunjabipost.ca
ਕੈਨੇਡੀਅਨ ਪੰਜਾਬੀ ਪੋਸਟ
Award winning news paper | Canadian Punjabi Post
ਕਿਸੇ ਵੀ ਤਰ੍ਹਾਂ ਦੀ ਐਡ ਦੇਣ ਲਈ
ਕਾਲ ਕਰੋ: 905-793-2202

## ਲੜਕੇ ਦੀ ਲੋੜ

ਜੱਟ ਸਿੱਖ ਗਿੱਲ ਲੜਕੀ ਸੋਹਣੀ ਸੁਣਖੀ, 1990 , ਕੱਦ 5'4'', ਵਿਜ਼ਟਰ ਵੀਜੇ ਤੇ ਆਈ, B.A & Cosmetics Diploma ਖਾਨਦਾਨੀ ਲੜਕੀ ਜ਼ਿਲ੍ਹਾ ਲੁਧਿਆਣਾ ਲਈ, ਵੈਸ਼ਨੂ , ਕੈਨੇਡੀਅਨ PR ਜਾਂ ਸਿਟੀਜ਼ਨ ਲੜਕੇ ਦੀ ਲੋੜ ਹੈ। ਲੜਕੀ ਆਪਣੇ ਤਾਏ, ਤਾਈ ਕੋਲ ਰਹਿ ਰਹੀ ਹੈ। ਤਲਾਕਸ਼ੁਧਾ ਤੇ ਵੀ ਗੌਰ ਕੀਤੀ ਜਾ ਸਕਦੀ ਹੈ। ਇਕ ਭਰਾ ਜੋ ਕਿ ਕੈਨੇਡਾ ਵਿੱਚ ਵੈਲ ਸੇਟਲਡ ਹੈ। ਵਿਆਹ ਵਧੀਆ। ਸੰਪਰਕ ਕਰੋ : 647-267-0656 । 416-509-7252 । +91 92741-00004

Seeking a suitable match for Canadian born punjabi tonk kshatriya girl, 35 yrs old, 5'3", educated in accounting. Boy should be vegetarian and educated. No caste bar. Please send complete biodata and pictures at: canadian.alliance@yahoo.ca

ਜੱਟ ਸਿੱਖ ਲੱੜਕੀ, ਉਮਰ 28 ਸਾਲ, ਕੱਦ 5'-3'', ਬੀ.ਡੀ.ਐਸ (ਡੈਨਟਿਸਟ), ਅਮੈਰਿਕਨ ਸਿਟੀਜ਼ਨ, ਵਧੀਆ ਜੋਬ ਕਰਦੀ ਲੜਕੀ ਲਈ ਖਾਨਦਾਨੀ ਕੈਨੇਡੀਅਨ ਜਾਂ ਅਮੈਰਿਕਨ ਪੜ੍ਹੇ-ਲਿਖੇ ਸਿਟੀਜ਼ਨ ਲੜਕੇ ਦੀ ਲੋੜ ਹੈ। ਵਧੇਰੀ ਜਾਣਕਾਰੀ ਲਈ ਸੰਪਰਕ ਕਰੋ: 847-845-4866, 847-845-6195

ਰਸੂਖ਼ਦਾਰ ਪੰਜਾਬੀ ਖੱਤਰੀ ਪਰਿਵਾਰ ਦੀ ਖ਼ੂਬਸੂਰਤ ਤੇ ਚੰਗੀ ਪੜ੍ਹੀ ਲਿਖੀ ਲੜਕੀ ਲਈ ਵੈੱਲਸੈਟਲਡ ਤੇ ਯੋਗ ਵਰ ਦੀ ਭਾਲ ਹੈ। ਲੜਕੀ ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਤੋਂ ਜੀਆਈਐਸ ਐਂਡ ਰਿਮੋਟ ਸੈਂਸਿੰਗ ਵਿੱਚ ਪੋਸਟ ਗ੍ਰੈਜੂਏਟ ਹੈ। ਲੜਕੀ ਦੀ ਉਮਰ 29 ਸਾਲ, ਕੱਦ 5 ਫੁੱਟ 1 ਇੰਚ ਹੈ। ਲੜਕੀ ਸੁਸ਼ੀਲ ਤੇ ਪਰਿਵਾਰਪੱਖੀ ਸੋਚ ਰੱਖਣ ਵਾਲੀ ਹੈ। ਲੜਕੀ ਭਾਰਤ ਦੀ ਨਾਗਰਿਕ ਹੈ ਤੇ ਇਸ ਸਮੇਂ ਭਾਰਤ ਵਿੱਚ ਹੀ ਹੈ। ਭਰਾ ਦਾ ਪਰਿਵਾਰ ਸਥਾਈ ਤੌਰ ਉੱਤੇ ਟੋਰਾਂਟੋ ਸੈਟਲਡ ਹੈ। ਇਸ ਸਮੇਂ ਪਿਤਾ ਟੋਰਾਂਟੋ ਵਿੱਚ ਹਨ। ਸੰਪਰਕ : 416-890-2725 (ਪਿਤਾ), 416-457-8631 (ਭਰਾ), email- mthapar21@gmail.com

ਨਾਈ ਸਿੱਖ ਲੜਕੀਆਂ ਉਮਰ 27 ਸਾਲ, 5'-7", ਸੁੰਦਰ ਪਰਿਵਾਰਕ, ਕੈਨੇਡਾ ਵਰਕ ਪਰਮਿਟ ਅਤੇ ਦੂਜੀ ਲੜਕੀ ਉਮਰ 29 ਸਾਲ,5'-2.5", ਕੈਨੇਡਾ ਲਈ ਕੈਨੇਡੀਅਨ, ਖਾਨਦਾਨੀ ਪਰਿਵਾਰਾਂ ਲਈ ਸੁੱਧ ਵੈਸ਼ਨੂੰ ਲੜਕਿਆਂ ਦੀ ਲੋੜ ਹੈ। ਭਰਾ ਵਿਆਹਿਆ ਕੈਨੇਡੀਅਨ +1-204-914-8700 ਜਾਂ +91-94176-78050 ਜਾਂ sukhdevmc@gmail.com

## ਲੜਕੇ ਦੀ ਲੋੜ

ਕੈਨੇਡਾ ਦੀ ਪੀ.ਆਰ. ਅਤੇ ਇੱਥੇ ਆਈ.ਟੀ. ਖ਼ੇਤਰ ਵਿਚ ਨੌਕਰੀ ਕਰ ਰਹੀ 28 ਸਾਲਾ 5 ਫੁੱਟ 3 ਇੰਚ ਸਿੱਖ ਰਾਮਦਾਸੀਏ ਜੁਲਾਹੇ ਪਰਿਵਾਰ ਨਾਲ ਸਬੰਧਿਤ ਲੜਕੀ ਲਈ ਪੀ.ਆਰ./ਸਿਟੀਜ਼ਨ ਦਸਤਾਰਧਾਰੀ ਗੁਰਸਿੱਖ ਲੜਕੇ ਦੀ ਜ਼ਰੂਰਤ ਹੈ। ਲੜਕੀ ਦੇ ਮਾਤਾ-ਪਿਤਾ ਦੋਵੇਂ ਹੀ ਗਜ਼ਟਿਡ ਅਫ਼ਸਰ ਹਨ ਅਤੇ ਉਹ ਪੰਜਾਬ ਵਿਚ ਨੌਕਰੀ ਕਰਦੇ ਹਨ। ਟੋਰਾਂਟੋ ਏਰੀਏ ਵਿਚ ਵੱਸਦੇ ਆਈ.ਟੀ. ਖ਼ੇਤਰ ਨਾਲ ਸਬੰਧਿਤ/ਵਕੀਲ/ਸੀ.ਏ./ਬੈਂਕ ਅਫ਼ਸਰ ਨੂੰ ਪਹਿਲ ਦਿੱਤੀ ਜਾਏਗੀ।
ਇਸ ਸਬੰਧੀ 91-95010-29128 ਜਾਂ 91-95010-29129 Whatsapp ਨੰਬਰਾਂ 'ਤੇ ਸੰਪਰਕ ਕੀਤਾ ਜਾ ਸਕਦਾ ਹੈ।

ਜੱਟ ਸਿੱਖ ਸਰਾਂ, ਉਮਰ 32 ਸਾਲ, ਕੱਦ 6'' ਫੁੱਟ, **Canadian P.R** ਲੜਕੇ ਲਈ ਲੜਕੀ ਦੀ ਲੋੜ ਜਿਹੜੀ **Visitor/Nanny** ਜਾਂ ਫਿਰ **Student** ਹੋਵੇ ਅਤੇ ਉਮਰ 26 ਸਾਲ, ਜਾਂ ਉਸ ਤੋਂ ਉੱਪਰ ਹੋਵੇ। ਸੰਪਰਕ ਕਰੋ: 289-489-9321 ।

ਜੱਟ ਸਿੱਖ ਬੈਨੀਪਾਲ ਲੜਕੀ, ਉੱਮਰ 23 ਸਾਲ, ਯੋਗਤਾ ਬੀ ਐਸ ਸੀ ਨਰਸਿੰਗ, ਵਰਕ ਪਰਮਿਟ ਤੇ' ਰਹਿ ਰਹੀ ਅਤੇ ਬੇਲ ਕੰਪਨੀ ਵਿੱਨ ਨੌਕਰੀ ਕਰਦੀ ਲੜਕੀ ਲਈ ਲੜਕੇ ਦੀ ਲੋੜ ਹੈ। ਉਹੀ ਸੰਪਰਕ ਕਰਨ ਜੋ ਲੜਕੀ ਦੇ ਇੰਡੀਆ ਰਹਿੰਦੇ ਭਰਾ ਜਿਸਦੀ ਉੱਮਰ 26 ਸਾਲ, ਬੀ ਏ ਪਾਸ ਦਾ ਕੈਨੇਡਾ ਰਿਸ਼ਤਾ ਕਰਵਾ ਸਕਣ। ਕਾਲ ਕਰੋ: 647-544-3435

25 ਸਾਲਾਂ ਲੜਕੀ, 5'3'', ਕੈਮੀਕਲ ਟੈਕਨੀਸ਼ਅਨ ਦਾ ਕੋਰਸ ਕੀਤਾ ਹੈ ਅਤੇ ਵਿਜ਼ੀਟਰ ਵੀਜੇ ਤੇ' ਕੈਨੇਡਾ ਹੈ ਲਈ ਵੈਸ਼ਨੂੰ ਪੀ ਆਰ ਜਾਂ ਸਿਟੀਜਨ ਲੜਕੇ ਦੀ ਲੋੜ ਹੈ। ਕਾਲ 647-687-6642 ਜਾਂ +91-99142-41710

ਕੈਨੇਡੀਅਨ ਪੰਜਾਬੀ ਪੋਸਟ
Award winning news paper | Canadian Punjabi Post
ਕਿਸੇ ਵੀ ਤਰ੍ਹਾਂ ਦੀ ਐਡ ਦੇਣ ਲਈ
ਕਾਲ ਕਰੋ: 905-793-2202

UPPAL LAW
AVTAR UPPAL
Manager
IMMIGRATION SERVICES
✱ Visitor Visa
✱ Super Visa
✱ Study,Work,Visitor Extension Visa
✱ Spousal Applications
✱ Family Sponsorship
✱ Permanent Residence Card Renewal
✱ Citizenship Application
✱ All Invitation Letters
OTHER PRACTICES
✱ Criminal Law
✱ Family Law
✱ Power of Attorney
✱ Change of Name
✱ Notarization
✱ Travel Consent
✱ Affidavit
✱ Landlord and Tenant Matters
AMAN UPPAL
Barrister,Solicitor
FREE Consultation
Tel: 905-500-1507
351 Parkhurst Square, # 16, Brampton,ON L6T 0C2, Fax: 905-672-7848
* PRIOR APPOINTMENT NECESSARY

ਫੋਨਾਂ ਦੇ ਸਸਤੇ ਪਲਾਨ ਗਾਰੰਟਿਡ
ਸਸਤੇ ਫੋਨਾਂ ਦੇ ਪਲਾਨ, ਕਿ ਸੁਣ ਕੇ ਹੋ ਜਾਉਗੇ ਹੈਰਾਨ,
ਇਕ ਵਾਰੀ ਅਜਮਾਓ ਤੇ ਫਿਰ ਹੋਰਾਂ ਨੂੰ ਵੀ ਲਿਆਓ
15 ਸਾਲਾਂ ਤੋ ਇਕੋ ਨਾਮ-ਇਕੋ ਦੁਕਾਨ
(905)790-9999
2565 Steeles Ave. E, Brampton (Steeles/Torbram)

STARLANE PAINTING
Residential ▪ Commercial ▪ Industrial
▪ Hotel ▪ Motel ▪ Exterior
▪ Interior ▪ Spray Painting
▪ Office Painting ▪ Drywall Fixing
ਘਰ ਹੋਵੇ ਜਾਂ ਹੋਵੇ ਦੁਕਾਨ ਅਸੀ ਵਧਾਈਏ ਰੰਗਾਂ ਨਾਲ ਉਸ ਦੀ ਸ਼ਾਨ
Call For FREE Estimate
7 Days A Week
ਹਰ ਤਰ੍ਹਾਂ ਦੀ ਵਧੀਆਂ ਪੇਂਟਿੰਗ ਲਈ 20 ਸਾਲਾਂ ਤੋਂ ਵੀ ਵੱਧ ਤਜਰਬੇਕਾਰ ਹਰਜੀਤ ਨੂੰ ਕਾਲ ਕਰੋ
416.230.4000 • 647.409.1092
www.STARLANEPAINTING.com
ਹਰਜੀਤ ਧਨੋਆ

# ਨਿਊਜ਼ੀਲੈਂਡ ਪੁਲਿਸ ’ਚ ਤਿੰਨ ਸਾਲਾਂ ਦੌਰਾਨ 1800 ਪੁਲਿਸ ਅਫਸਰਾਂ ਦੀ ਭਰਤੀ ਦਾ ਟੀਚਾ ਪੂਰਾ

**ਭਾਰਤੀ ਮੂਲ ਦੇ ਪੁਲਿਸ ਅਫਸਰਾਂ ਦੀ ਕੁੱਲ ਗਿਣਤੀ ਹੋਈ 119**



ਔਕਲੈਂਡ, 20 ਨਵੰਬਰ (ਹਰਜਿੰਦਰ ਸਿੰਘ ਬਸਿਆਲਾ): ਅਕਤੂਬਰ 2017 ਦੇ ਵਿਚ ਪੁਲਿਸ ਵਿਭਾਗ ਦੇ ਵਿਚ 1800 ਨਵੇਂ ਪੁਲਿਸ ਅਫਸਰ (ਫਰੰਟਲਾਈਨ) ਭਰਤੀ ਕਰਨ ਦਾ ਟੀਚਾ ਰੱਖਿਆ ਗਿਆ ਸੀ ਅਤੇ ਅੱਜ ਜਾਰੀ ਪ੍ਰੈਸ ਨੋਟ ਦੇ ਵਿਚ ਵਿਭਾਗ ਨੇ ਇਸ ਗੱਲ ਦੀ ਖੁਸ਼ੀ ਪ੍ਰਗਟ ਕੀਤੀ ਹੈ ਕਿ ਉਨ੍ਹਾਂ ਨੇ ਇਹ ਟੀਚਾ ਪੂਰਾ ਕਰਕੇ ਇਕ ਮੀਲ ਪੱਥਰ ਸਥਾਪਿਤ ਕੀਤਾ ਹੈ। ਇਹ ਮੀਲ ਪੱਥਰ ਕਿਵੇਂ ਹੈ? ਇਸਦਾ ਮੁੱਖ ਕਾਰਨ ਹੈ ਕਿ ਪੁਲਿਸ ਦੇ ਵਿਚ ਭਰਤੀ ਹੋਣ ਲਈ ਵਿਦਿਅਕ ਯੋਗਤਾ ਦੇ ਨਾਲ-ਨਾਲ ਸਰੀਰਕ ਯੋਗਤਾ, ਤੈਰਾਕੀ ਦੀ ਯੋਗਤਾ ਅਤੇ ਡ੍ਰਾਈਵਿੰਗ ਦੀ ਯੋਗਤਾ ਇਕ ਉਚ ਦਰਜੇ ਤੱਕ ਹੋਣੀ ਜਰੂਰੀ ਹੁੰਦੀ ਹੈ। ਪੁਲਿਸ ਵਿਭਾਗ ਇਸ ਯੋਗਤਾ ਦੇ ਪਹੁੰਚਣ ਤੱਕ ਵੱਡੀ ਸਹਾਇਤਾ ਕਰਦਾ ਹੈ ਤੇ ਲੋਕ ਆਪਣਾ ਭਵਿੱਖ ਇਸ ਜਾਨਦਾਰ ਤੇ ਸ਼ਾਨਦਾਰ ਪੇਸ਼ੇ ਵਿਚ ਭਾਲਦੇ ਹਨ।

ਅੱਜ ਵਿੰਗ-332 ਦਲ ਦੀ ਗ੍ਰੈਜੂਏਸ਼ਨ ਵਲਿੰਗਟਨ ਸਥਿਤ ਪੁਲਿਸ ਸਕੂਲ ਪੋਰੀਰੂਆ ਦੇ ਵਿਚ 2 ਵਜੇ ਹੋ ਰਹੀ ਹੈ ਜਿਸ ਦੇ ਵਿਚ ਮਾਣਯੋਗ ਪ੍ਰਧਾਨ ਮੰਤਰੀ ਸ੍ਰੀਮਤੀ ਜੈਸਿੰਡਾ ਅਰਡਨ, ਉਪ ਪ੍ਰਧਾਨ ਮੰਤਰੀ ਸ੍ਰੀ ਵਿਨਸਟਨ ਪੀਟਰਜ਼, ਪੁਲਿਸ ਮੰਤਰੀ ਸਟੂਆਰਟ ਨਾਸ਼ ਅਤੇ ਪੁਲਿਸ ਕਮਿਸ਼ਨਰ ਮਾਈਕ ਬੁੱਸ਼ ਸ਼ਾਮਿਲ ਹੋਣਗੇ। ਇਸ ਪਾਸਿੰਗ ਗਰੁੱਪ ਦੇ ਵਿਚ 59 ਪੁਲਿਸ ਅਫਸਰ ਗ੍ਰੈਜੂਏਸ਼ਨ ਪ੍ਰਾਪਤ ਕਰਨਗੇ ਜਿਸ ਦੇ ਵਿਚ ਦੋ ਭਾਰਤੀ ਮੂਲ ਦੇ ਨੌਜਵਾਨ ਵੀ ਸ਼ਾਮਿਲ ਹਨ ਜਿਨ੍ਹਾਂ ਦੀ ਪੁਸ਼ਟੀ ਇਸ ਪੱਤਰਕਾਰ ਨੇ ਵਿਭਾਗ ਨੂੰ ਈਮੇਲ ਅਤੇ ਫੋਨ ਕਰਕੇ ਪ੍ਰਾਪਤ ਕੀਤੀ। ਹੋਰ ਪ੍ਰਾਪਤ ਜਾਣਕਾਰੀ ਦੇ ਅਨੁਸਾਰ ਇਸ ਵੇਲੇ ਨਿਊਜ਼ੀਲੈਂਡ ਪੁਲਿਸ ਦੇ ਵਿਚ 117 ਭਾਰਤੀ ਮੂਲ ਦੇ ਮੁੰਡੇ ਕੁੜੀਆਂ ਕਾਂਸਟੇਬਲ, ਸਰਜਾਂਟ, ਇੰਸਪੈਕਟਰ ਤੇ ਪ੍ਰਿੰਸੀਪਲ ਅਡਵਾਈਜ਼ਰ ਅਤੇ ਹੋਰ ਦਫਤਰੀ ਵਜੋਂ ਸੇਵਾਵਾਂ ਨਿਭਾਅ ਰਹੇ ਹਨ ਅਤੇ ਹੁਣ ਇਹ ਅੰਕੜਾ 119 ਹੋ ਜਾਵੇਗਾ। ਅੱਜ ਹੋ ਰਹੀ ਇਸ ਗ੍ਰੈਜੂਏਸ਼ਨ ਪ੍ਰੇਡ ਦੇ ਵਿਚ ਦੋ ਅਜਿਹੇ ਪੁਲਿਸ ਅਫਸਰ ਆਪਣੀ ਵਿਥਿਆ ਸੁਣਾਉਣਗੇ ਜਿਨ੍ਹਾਂ ਨੂੰ ਪੁਲਿਸ ਦੇ ਵਿਚ ਭਰਤੀ ਹੋਣ ਦੇ ਵਿਚ ਐਨੀ ਦਿੱਕਤ ਆਈ ਕਿ ਪੁੱਛੋ ਨਾ....ਪਰ ਉਨ੍ਹਾਂ ਹੌਂਸਲਾ ਨਹੀਂ ਛੱਡਿਆ ਅਤੇ ਭਰਤੀ ਹੋ ਕੇ ਹੀ ਹਟੇ। ਇਕ ਦੀ ਤਾਂ ਨਜ਼ਰ ਵੀ ਥੋੜ੍ਹੀ ਕਮਜ਼ੋਰ, ਡ੍ਰਾਈਵਿੰਗ ਲਾਈਸੰਸ ਵੀ ਨਹੀਂ, ਤੈਰਾਕੀ ਵੀ ਨਹੀਂ ਪਰ ਫਿਰ ਵੀ ਉਸਨੇ ਇਕ-ਇਕ ਕਰਕੇ ਆਪਣੀ ਯੋਗਤਾ ਬਰਾਬਰ ਕਰ ਲਈ। ਅੱਜ ਅਜਿਹੇ ਹੀ ਪੁਲਿਸ ਅਫਸਰਾਂ ਨੂੰ ਮੌਕੇ ਉਤੇ ਸਨਮਾਨਿਤ ਵੀ ਕੀਤਾ ਜਾ ਰਿਹਾ ਹੈ। ਨਵੇਂ ਪੁਲਿਸ ਮੁਲਾਜ਼ਮਾਂ ਨੂੰ ਪਾਸਿੰਗ ਪ੍ਰੇਡ ਤੋਂ ਬਾਅਦ ਇਕ ਹਫਤੇ ਦੀ ਛੁੱਟੀ ਹੋਵੇ ਅਤੇ ਉਹ ਫਿਰ ਤਰੋ ਤਾਜ਼ਾ ਹੋ ਕੇ ਆਪਣੀ ਡਿਊਟੀ ਸੰਭਾਲ ਲੈਣਗੇ। ਨਵੇਂ ਮੁਲਾਜਮਾਂ ਦੇ ਵਿਚੋਂ ਕਾਊਂਟੀਜ਼ ਮੈਨਕਾਓ ਦੇ ਲਈ 13, ਔਕਲੈਂਡ ਦੇ ਲਈ 6 ਅਤੇ ਵਲਿੰਗਟਨ ਦੇ ਲਈ 6, ਨਰਾਥਲੈਂਡ ਲਈ 2, ਵਾਇਟੀਮਾਟਾ ਲਈ 9, ਵਾਇਕਾਟੋ ਲਈ 3, ਬੇਅ ਆਫ ਪਲੈਂਟੀ ਲਈ 5, ਈਸਟਨਰਨ ਲਈ 2, ਸੈਂਟਰਲ 3, ਟੈਸਮਨ ਲਈ 1, ਕੈਂਟਰਬਰੀ ਲਈ 6 ਅਤੇ ਸਦਰਨ ਲਈ 3 ਪੁਲਿਸ ਮੁਲਾਜ਼ਮ ਹੋਣਗੇ। 1840 ਦੇ ਵਿਚ ਨਿਊਜ਼ੀਲੈਂਡ ਪੁਲਿਸ ਦੀ ਸ਼ੁਰੂਆਤ ਹੋਈ ਸੀ ਅਤੇ ਇਸ ਵੇਲੇ ਪੁਲਿਸ ਦੇ ਵਿਚ 2000 ਤੋਂ ਵੱਧ ਮਹਿਲਾ ਪੁਲਿਸ ਮੁਲਾਜਮ ਹਨ ਅਤੇ ਕੁੱਲ 14,000 ਤੋਂ ਉਤੇ ਮੁਲਾਜ਼ਮ ਹਨ।

# ਨਿਊਜ਼ੀਲੈਂਡ ਇਮੀਗ੍ਰੇਸ਼ਨ ਮੰਤਰੀ ਨੇ ਭਾਰਤੀ ਹਾਈ ਕਮਿਸ਼ਨਰ ਨਾਲ ਕੀਤੀ ਵਿਚਾਰ ਚਰਚਾ



ਔਕਲੈਂਡ, 20 ਨਵੰਬਰ (ਹਰਜਿੰਦਰ ਸਿੰਘ ਬਸਿਆਲਾ): ਅੱਜ ਨਿਊਜ਼ੀਲੈਂਡ ਦੇ ਇਮੀਗ੍ਰੇਸ਼ਨ ਮੰਤਰੀ ਸ੍ਰੀ ਇਆਨ ਲੀਸ ਗਾਲੋਵੇਅ ਨੇ ਅੱਜ ਭਾਰਤੀ ਹਾਈ ਕਮਿਸ਼ਨਰ ਸ੍ਰੀ ਮੁਕਤੇਸ਼ ਕੁਮਾਰ ਪਰਦੇਸ਼ੀ ਦੇ ਨਾਲ ਇਮੀਗ੍ਰੇਸ਼ਨ ਮਸਲਿਆਂ ਦੇ ਉਤੇ ਵਿਚਾਰ ਕੀਤੀ। ਇਸ ਵਿਚਾਰ ਚਰਚਾ ਦੇ ਵਿਚ ਵਿਆਹ ਵਾਲਾ ਵੀਜ਼ਾ, ਵਰਕ ਵੀਜ਼ਾ ਅਤੇ ਸਟੂਡੈਂਟ ਵੀਜੇ ਬਾਰੇ ਖੁੱਲ੍ਹ ਕੇ ਗੱਲਬਾਤ ਕੀਤੀ ਗਈ। ਮੰਤਰੀ ਸਾਹਿਬ ਨੇ ਭਾਰਤੀ ਹਾਈ ਕਮਿਸ਼ਨਰ ਦੇ ਨਾਲ ਆਪਣੀ ਤਸਵੀਰ ਵੀ ਸ਼ੋਸ਼ਲ ਮੀਡੀਆ ਉਤੇ ਸਾਂਝੀ ਕੀਤੀ ਹੈ ਅਤੇ ਖੁਸ਼ੀ-ਖੁਸ਼ੀ ਲਿਖਿਆ ਹੈ ਕਿ ਨਿਊਜ਼ੀਲੈਂਡ ਅਤੇ ਇੰਡੀਆ ਰਿਲੇਸ਼ਨਸ਼ਿੱਪ ਬਹੁਤ ਤਾਕਤਵਾਰ ਹੈ ਅਤੇ ਅਸੀਂ ਲੋਕਾਂ ਦੀ ਭਲਾਈ ਲਈ ਇਕੱਠੇ ਕੰਮ ਕਰ ਰਹੇ ਹਾਂ।

ਵਰਨਣਯੋਗ ਹੈ ਕਿ ਪਿਛਲੇ ਕੁਝ ਮਹੀਨਿਆਂ ਤੋਂ ਵੀਜ਼ਿਆਂ ਦੇ ਵਿਚ ਵਰਤੀ ਜਾ ਰਹੀ ਢਿੱਲ ਮੱਠ ਅਤੇ ਬਿਨ੍ਹਾਂ ਵਜ੍ਹਾ ਲਗਾਈਆਂ ਜਾ ਰਹੀਆਂ ਸ਼ਰਤਾਂ ਦੇ ਨਾਲ ਸਥਾਨਕ ਮੀਡੀਆ ਵੀ ਸਰਗਰਮ ਸੀ, ਵਿਰੋਧ ਪ੍ਰਦਰਸ਼ਨ, ਵਿਰੋਧ ਰੈਲੀਆਂ ਅਤੇ ਵਿਸ਼ੇਸ਼ ਬੈਠਕਾਂ ਵੀ ਕੀਤੀ ਜਾ ਰਹੀਆਂ ਹਨ, ਜਿਨ੍ਹਾਂ ਨੇ ਇਮੀਗ੍ਰੇਸ਼ਨ ਦਾ ਧਿਆਨ ਇਸ ਪਾਸੇ ਖਿੱਚਿਆ ਲਗਦਾ ਹੈ।

## ਗੁਰੂ ਰਾਮਦਾਸ ਸਟੇਡੀਅਮ ਗੁਰੂਹਰਸਹਾਏ ਦਾ ਅੰਤਰ-ਰਾਸ਼ਟਰੀ ਕਬੱਡੀ ਕੱਪ ਲਈ ਜਾਇਜ਼ਾ



ਗੁਰੂਹਰਸਹਾਏ(ਫਿਰੋਜਪੁਰ) 20 ਨਵੰਬਰ (ਗਿਆਨ ਸਿੰਘ): 4 ਦਸੰਬਰ ਨੂੰ ਹੋਣ ਵਾਲੇ ਅੰਤਰ-ਰਾਸ਼ਟਰੀ ਕਬੱਡੀ ਕੱਪ ਲਈ ਸਬੰਧਿਤ ਵਿਭਾਗਾਂ ਵੱਲੋਂ ਖੇਡ ਸਟੇਡੀਅਮ ਦੀ ਸਾਫ-ਸਫਾਈ, ਪਾਣੀ, ਬਿਜਲੀ, ਵਾਈਟਵਾਸ ਆਦਿ ਦੇ ਪੁਖ਼ਤਾ ਪ੍ਰਬੰਧ ਕਰ ਲਏ ਜਾਣ। ਇਹ ਪ੍ਰਗਟਾਵਾ ਡਿਪਟੀ ਕਮਿਸ਼ਨਰ ਚੰਦਰ ਗੈਂਦ ਨੇ ਗੁਰੂ ਰਾਮਦਾਸ ਸਟੇਡੀਅਮ ਗੁਰੂਹਰਸਹਾਏ ਦਾ ਜਾਇਜ਼ਾ ਮੌਕੇ ਕੀਤਾ। ਇਸ ਮੌਕੇ ਉਨ੍ਹਾਂ ਨਾਲ ਐੱਸ.ਐੱਸ.ਪੀ. ਸ੍ਰੀ. ਵਿਵੇਕ ਐੱਸ. ਸੋਨੀ ਅਤੇ ਵਧੀਕ ਡਿਪਟੀ ਕਮਿਸ਼ਨਰ (ਜ.) ਸ੍ਰ. ਰਵਿੰਦਰ ਸਿੰਘ ਵੀ ਹਾਜ਼ਰ ਸਨ।

ਡਿਪਟੀ ਕਮਿਸ਼ਨਰ ਨੇ ਕਿਹਾ ਕਿ ਇਹ ਅੰਤਰਰਾਸ਼ਟਰੀ ਕਬੱਡੀ ਕੱਪ ਸ੍ਰੀ. ਗੁਰੂ ਨਾਨਕ ਦੇਵ ਜੀ ਦੇ 550 ਸਾਲਾ ਪ੍ਰਕਾਸ਼ ਉਤਸਵ ਨੂੰ ਸਮਰਪਿਤ ਹੋਵੇਗਾ। ਉਨ੍ਹਾਂ ਕਿਹਾ ਕਿ ਸਾਫ਼ ਸਫ਼ਾਈ ਨੂੰ ਮੱਦੇਨਜ਼ਰ ਰੱਖਦੇ ਹੋਏ ਸਬੰਧਿਤ ਵਿਭਾਗ ਵੱਲੋਂ ਸਟੇਡੀਅਮ ਦੇ ਆਲੇ-ਦੁਆਲੇ ਚਿੱਟਾ ਰੰਗ (ਵਾਈਟ ਵਾਸ) ਕੀਤਾ ਜਾਵੇ। ਉਨ੍ਹਾਂ ਕਿਹਾ ਕਿ ਖੇਤੀਬਾੜੀ ਵਿਭਾਗ ਨੂੰ ਕਿਹਾ ਕਿ ਸਟੇਡੀਅਮ ਵਾਲੀ ਥਾਂ ਨੂੰ ਰੋਟਾਵੇਟਰ ਰਾਹੀਂ ਸਾਫ਼ ਕੀਤਾ ਜਾਵੇ। ਉਨ੍ਹਾਂ ਈ.ਓ. ਨੂੰ ਕਿਹਾ ਕਿ ਜੇਕਰ ਸਾਫ਼ ਸਫ਼ਾਈ ਵਿੱਚ ਦਿੱਕਤ ਆਉਂਦੀ ਹੈ ਤਾਂ ਉਹ ਨਰੇਗਾ ਰਾਹੀਂ ਸਟੇਡੀਅਮ ਦੀ ਜਲਦੀ ਤੋਂ ਜਲਦੀ ਸਫ਼ਾਈ ਕਰਨ। ਉਨ੍ਹਾਂ ਕਿਹਾ ਕਿ ਸਬੰਧਿਤ ਅਧਿਕਾਰੀਆਂ ਵੱਲੋਂ ਸਟੇਡੀਅਮ ਦੀ ਬੈਰੀਕੇਡਿੰਗ, ਡੈਕੋਰੇਸ਼ਨ, ਹੋਰਡਿੰਗ ਤੇ ਬੈਨਰ, ਪੰਜਾਬੀ ਕਲਾਕਾਰ ਦੀ ਸਟੇਜ, ਕਬੱਡੀ ਗਰਾਊਂਡ ਨੂੰ ਮੈਚਾਂ ਲਈ ਤਿਆਰ ਕਰਨਾ, ਸਾਊਂਡ ਸਿਸਟਮ, ਜਨਰੇਟਰ ਅਤੇ ਐੱਲ.ਈ.ਡੀ. ਸਕਰੀਨ ਆਦਿ ਦੇ ਢੁਕਵੇਂ ਪ੍ਰਬੰਧ ਕਰ ਲਏ ਜਾਣ। ਉਨ੍ਹਾਂ ਕਿਹਾ ਕਿ ਲੋਕਾਂ ਦੇ ਬੈਠਣ ਲਈ ਸਾਫ਼ ਸਥਾਨ ਤੋਂ ਇਲਾਵਾ ਪੀਣ ਵਾਲੇ ਪਾਣੀ, ਬਾਥਰੂਮ/ਟੁਆਇਲੇਟ ਆਦਿ ਪ੍ਰਬੰਧ ਕੀਤੇ ਜਾਣ।

ਇਸ ਮੌਕੇ ਐੱਸ.ਡੀ.ਐੱਮ. ਫ਼ਿਰੋਜ਼ਪੁਰ ਅਮਿਤ ਗੁਪਤਾ, ਐੱਸ.ਡੀ.ਐੱਮ ਗੁਰੂਹਰਸਹਾਏ ਸ੍ਰੀ. ਕੁਲਦੀਪ ਬਾਵਾ, ਜ਼ਿਲ੍ਹਾ ਵਿਕਾਸ ਤੇ ਪੰਚਾਇਤ ਅਫ਼ਸਰ ਹਰਜਿੰਦਰ ਸਿੰਘ, ਜ਼ਿਲ੍ਹਾ ਖੇਡ ਅਫ਼ਸਰ ਸੁਨੀਲ ਕੁਮਾਰ, ਸਹਾਇਕ ਡਾਇਰੈਕਟਰ ਯੁਵਕ ਸੇਵਾਵਾਂ ਜਗਜੀਤ ਸਿੰਘ ਚਾਹਲ, ਸਕੱਤਰ ਰੈੱਡ ਕਰਾਸ ਅਸ਼ੋਕ ਬਹਿਲ, ਪ੍ਰਿੰਸੀਪਲ ਗੱਟੀ ਰਾਜੋ ਕੇ ਡਾ. ਸਤਿੰਦਰ ਸਿੰਘ, ਐੱਸ.ਡੀ.ਓ ਜਤਿੰਦਰ ਸਿੰਘ, ਸੈਕਟਰੀ ਮਾਰਕਿਟ ਕਮੇਟੀ ਸਤਨਾਮ ਸਿੰਘ,ਆੜ੍ਹਤੀਏ ਐਸੋਸੀਏਸ਼ਨ ਦੇ ਪ੍ਰਧਾਨ ਰਵੀ ਸ਼ਰਮਾ, ਬੀ.ਡੀ.ਓ. ਸਰਬਜੀਤ ਸਿੰਘ, ਗੁਰਦੇਵ ਸਿੰਘ, ਕੇਵਲ ਕ੍ਰਿਸ਼ਨ ਅਤੇ ਪ੍ਰਦੀਪ ਕੁਮਾਰ ਸਮੇਤ ਵੱਖ-ਵੱਖ ਵਿਭਾਗਾਂ ਦੇ ਅਧਿਕਾਰੀ ਵੀ ਹਾਜ਼ਰ ਸਨ।

TransExpert NOW HIRING! Skylark Logistics Inc.
Full Time Mechanic Also Needed
Highway US Drivers & Owner Operators Wanted
• 2 year experience must. • Drivers paid 60C per mile.
• Midwest runs. • Direct deposit payments.
• Friendly dispatch and flexible schedule.
• Brand new automatic trucks.
• New trailers so no hassle at scales.
• On site fuel and scale.
Also Flatbed owner operators are needed.
Regular flatbed freight.
*Yards located in Milton ON and Puslinch both on Highway 401
Contact 6474064420 or 6479220000
if busy send txt message.

JOBS! JOBS! JOBS! JOBS! JOBS!
General Labour/ Unloader/ Window Assemblers & Machine Operators/Drivers (AZ/DZ/G)/ Forklift , Office Jobs, Electrician, Mechanic
◦Full time/Part time workers Needed
◦ਵਿੰਡੋ, ਮੈਟਲ, ਬੇਕਰੀ ਕੰਮਪਨੀਆਂ ◦ਸਿਨ ਨੰਬਰ ਹੋਣਾ ਜ਼ਰੂਰੀ
◦ਦਿਨ, ਦੁਪਿਹਰ ਤੇ ਰਾਤ ਦਾ ਕੰਮ Available
2355 Derry Rd E, Unit#20, 2nd Floor, Mississauga
Torbram/Derry intersection Manjit: 416.477.3344

ਕੈਨੇਡੀਅਨ ਪੰਜਾਬੀ ਪੋਸਟ
Award winning news paper | Canadian Punjabi Post
CLASSIFIEDS
Starting at just $10
ਕਿਸੇ ਵੀ ਤਰ੍ਹਾਂ ਦੀ ਐਡ ਦੇਣ ਲਈ
ਕਾਲ ਕਰੋ: 905-793-2202

Honesty, Reliability, Commitment
SELL FOR MORE BUY FOR LESS
▪ 1 yr Home Warranty ▪ We Help to get mortgage
Free valuation & Lowest Commission ▪ Special for First Time Home Buyer
OPEN HOUSE UNTIL SOLD
HIGHER STANDARDS FIVE STAR CERTIFIED TEAM
Silvercity B. 905.913.8500
HIRA RANDHWA Broker 416.319.0551
BHUPENDRA DHILLON Sales Representative 647-896-1877
Hirarandhawa@yahoo.ca HiraRandhawa.com Dhillonbhupendra@hotmail.com

For SUPER-VISA INSURANCE, TRAVEL INSURANCE RESP
Call: 416-319-0551

ਫੈਨਸਾਂ ਜਾਂ ਘਰਾਂ ਦੇ ਰੰਗ ਕਰਨ ਲਈ ਇਕੋ ਨਾਂ, ਇਕੋ ਨੂੰ:
647 202 7902 ਜਾਂ 647 794 6514
8 ਸਾਲਾਂ ਦਾ ਤਜ਼ਰਬਾ। ਵਾਜਿਬ ਰੇਟ ਤੇ ਸਮੇ ਸਿਰ ਕੰਮ
ਰੇਟ: $14/ਘੰਟਾ

ਟੱਰਕ ਤੇ ਟ੍ਰੇਲਰ ਰਿਪੇਅਰ ਸ਼ਾਪ ਨੂੰ ਮਕੈਨਿਕਾਂ ਦੀ ਲੋੜ ਹੈ
• 6 ਦਿਨ ਕੰਮ ਸੋਮਵਾਰ ਤੋ ਸ਼ਨੀਵਾਰ • Biweekly payment
• Homely Environment • ਵਧੀਆ ਤਨਖਾਹ
Minimum 1 year experience & Trained mechanic
ਵਧੇਰੀ ਜਾਣਕਾਰੀ ਲਈ ਸੰਪਰਕ ਕਰੋ:
647.898.4042/416.505.6857
(Call from 9am to 6pm)

amar™ INTERMODAL • TRANSPORT • STORAGE
HIRING DRIVERS for Ontario and Montreal
Hiring Owner Operators Drivers
1 Year Prior Experience
Flexible in time
Good Salary
Contact Now
P: 905-893-2270 Ext 121
F: 905-893-9545
E: info@amartransport.com
W: www.amartransport.com
Lanes
Toronto local work
Montreal local work
Montreal Toronto highway work
7290 Major Mackenzie Drive Kleinberg, Ont. L0J 1C0

Call for Free Estimates
A-1 RENOVATION GTA INC
416-456-1462
OVER 15 YEARS OF SERVICE
New Basement $1,000
Services: • Complete Basement • Tiles • Bathrooms • Plumbing • Laminate • Hardwood Floor • Painting
Professionals in Completing Basements within 3 Weeks
info@a1renovationgta.com
www.a1renovationgta.com
A-1 RENOVATION GTA INC.
22 Listcreek Road, Brampton L6p 2n6

GF1 Security Jobs - Security Guard Training - Licensing
Job Guaranteed after completion of the training
Weekend ਤੇ ਵੀ Security ਲਈ Training Classes ਲਗਾਈਆਂ ਜਾਂਦੀਆਂ ਹਨ
▪ Ministry of Community Safety and Correctional Services approved. ▪ We speak English, Hindi, Punjabi &Urdu.
▪ Training by Professional Instructors. First Aid & CPR certification included. ▪ Limited time offer:$199/-
We Also Provide All Level's of First Aid & CPR Training
• Emergency First Aid & CPR Level's A.B.C
• Standard First Aid & CPR Level's A.B.C.HCP
• Stay at Home Course
• Baby Sitting Course
• Little Rescuers
H.O: 1332 Khalsa Dr.,Unit 3,2nd Floor,Mississauga, L5S1W5
(Near Dixie Gurdwara)
647-710-7760
Email: info@gf1security.com
1085 Bellamy Rd (N)
Unit #210 Scarbrough (Toronto)
647-929-7736
Web: www.gf1security.com
REVIVE EMS
CANADIAN RED CROSS Training Partner

V4U LOGISTIC INC.
Delivering "Satisfaction"... On Time ...Every Time
NOW HIRING
A/Z Drivers Needed
For Canada To US Runs
Local City Drivers @ 22/hr
• General Freight
• Yard to Yard Work
• Up to 3500 miles/wk
• 2 Yr. Exp
• Clear CVOR & Abstract
For Owner Operator upto $1.62/mile
USA Driver $0.60/mile | Canada wide $0.50/mile
☆ Disability Insurance
☆ Travel Insurance
☆ Medical Benefits
☆ Dental Benefits
ਪਰਗਟ ਸਿੰਘ ਨੂੰ ਫੋਨ ਕਰੋ:
416-625-3096
ਟਰੱਕ ਮਕੈਨਿਕ ਦੀ ਵੀ ਲੋੜ ਹੈ

AL EMPLOYMENT SERVICES INC
ਕੀ ਤੁਸੀਂ ਕੰਮ ਲੱਭ ਰਹੇ ਹੋ? ਤਾਂ ਅੱਜ ਹੀ ਕਾਲ ਕਰੋ!
Looking for Experienced:
◦ Machine Operators ◦ AZ-DZ Drivers
◦ Forklift Driver ◦ Machine Mechanic
◦ Millwright's
(905) 564-2322 | (416) 700 0011
Monday-Friday (10am to 5:30pm)
6630 Tomken Rd., Mississauga, L5T 1N1

HOMELIFE SILVERCITY Realty Inc. Brokerage
Kulwinder Chhina
SALES REPRESENTATIVE
647.293.2327
www.Kulwinderchhina.com

PESTAGON Ltd
PEST CONTROL SERVICES
* RESIDENTIAL * COMMERCIAL
LICENCED BY GOVERNMENT
INSURED & BONDED
EVERY SERVICE WITH WARRANTY
SERVING GTA
CALL: 905-463-2153
Ants, Wasp, Centepede, Fleas, Bed Bugs

RESIDENTIAL - COMMERCIAL PROPERTY - INDUSTRIAL
For all your Real Estate Need Call
416.262.2600
Email: karampunian@gmail.com
KARAM SINGH PUNIAN Sales Representative
HomeLife Maple Leaf Realty Ltd.
80 Eastern Ave, Brampton, ON
Tel: 905.456.9090

# ਵਿਆਹ ਦੀਆਂ ਰਸਮਾਂ 'ਤੇ ਭਾਰੂ ਪਈ ਮੰਡੀ

– ਡਾ. ਰਾਜਵੰਤ ਕੌਰ ਪੰਜਾਬੀ

ਪੂਰੇ ਵਿਸ਼ਵ ਵਿੱਚ ਭਾਰਤੀ ਵਿਆਹ ਸਮਾਗਮ ਆਪਣੀ ਵਿਲੱਖਣ ਪਛਾਣ ਰੱਖਦੇ ਹਨ। ਇਥੇ ਸਿਰਫ ਮਨੁੱਖਾਂ ਦੇ ਨਹੀਂ, ਦੇਵੀ ਦੇਵਤਿਆਂ, ਪੌਦਿਆਂ ਤੇ ਜਾਨਵਰਾਂ ਦੇ ਵਿਆਹ ਵੀ ਧੂਮ ਧਾਮ ਨਾਲ ਕੀਤੇ ਜਾਂਦੇ ਹਨ। ਅਜੋਕੇ ਸਮਾਜ ਵਿੱਚ ਗਰੀਬ ਬੰਦੇ ਲਈ ਧੀ ਪੁੱਤ ਦਾ ਵਿਆਹ ਕਰਨਾ ਸਹਿਜ ਕਾਰਜ ਨਹੀਂ ਰਿਹਾ। ਇਸ ਨੇ ਬੇਹੱਦ ਜਟਿਲ ਅਤੇ ਖਰਚੀਲੇ ਆਯੋਜਨ ਵਾਲੇ ਸਮਾਰੋਹ ਦਾ ਰੂਪ ਧਾਰਨ ਕਰ ਲਿਆ ਹੈ। ਧੂਮ ਧੜਾਕੇ ਨਾਲ ਕੀਤੇ ਜਾਂਦੇ ਵਿਆਹਾਂ ਦਾ ਖਰਚ ਪੰਦਰਾਂ ਵੀਹ ਲੱਖ ਤੋਂ ਘੱਟ ਕਿਆਸ ਹੀ ਨਹੀਂ ਕੀਤਾ ਜਾ ਸਕਦਾ।

ਸਾਹਾ ਚਿੱਠੀ ਮਹਿੰਗੇ ਕਾਰਡਾਂ ਰਾਹੀਂ ਸੱਦਾ ਪੱਤਰਾਂ ਦਾ ਰੂਪ ਲੈ ਚੁੱਕੀ ਹੈ। ਗੁੜ ਦੀ ਭੇਲੀ ਦੀ ਥਾਂ ਪੰਜੀਰੀ ਜਾਂ ਵਿਭਿੰਨ ਕਿਸਮਾਂ ਦੀ ਮਠਿਆਈ ਵੰਡਣ ਦਾ ਰੁਝਾਨ ਹੋ ਗਿਆ ਹੈ। ਪੂੰਜੀਪਤੀ ਆਪਣੀ ਔਲਾਦ ਦੇ ਵਿਆਹ ਪੰਜ ਤਾਰਾ ਹੋਟਲਾਂ ਵਿੱਚ ਕਰਨ ਲੱਗੇ ਹਨ। ਬਰਾਤ ਦੇ ਢੁਕਾਅ ਵੇਲੇ ਲਾੜਾ ਘੋੜੀ ਤੋਂ ਉਤਰਨ ਦੀ ਥਾਂ ਮਹਿੰਗੀ ਕਾਰ ਤੋਂ ਉਤਰਨਾ ਪਸੰਦ ਕਰਦਾ ਹੈ। ਜੁਲਾਈ 2016 ਵਿੱਚ ਉੜੀਸਾ ਦੀ ਰਾਜਧਾਨੀ ਭੁਵਨੇਸ਼ਵਰ ਵਿੱਚ ਏਅਰ ਫੋਰਸ ਦੇ ਇੱਕ ਅਫਸਰ ਨੇ ਆਪਣੇ ਵਿਆਹ ਨੂੰ ਯਾਦਗਾਰੀ ਬਣਾਉਣ ਲਈ ਘੋੜੀ, ਕਾਰ ਦੀ ਥਾਂ ਹੈਲੀਕਾਪਟਰ ਵਰਤਿਆਂ ਅਤੇ ਪੈਲੇਸ ਨੇੜੇ ਪੈਰਾਸ਼ੂਟ ਰਾਹੀਂ ਉਤਰਿਆ। ਅਜਿਹੇ ਰੁਝਾਨਾਂ ਦੀ ਦੇਖਾ ਦੇਖੀ ਮੱਧ-ਵਰਗੀ ਤਬਕਾ ਤੇ ਹੇਠਲੇ ਵਰਗ ਵਾਲੇ ਪਰਵਾਰ ਵੀ ਚਾਦਰ ਤੋਂ ਬਾਹਰ ਪੈਰ ਪਸਾਰਨ ਲੱਗੇ ਹਨ। ਹੁਣ ਕਿਸੇ-ਕਿਸੇ ਘਰ ਹਲਵਾਈ ਬਿਠਾਏ ਜਾਂਦੇ ਹਨ ਤੇ ਖੁੱਲ੍ਹੀ ਭਾਜੀ ਪਕਵਾਈ ਜਾਂਦੀ ਹੈ। ਮਠਿਆਈ ਬਾਹਰੋਂ ਬਣੀ ਬਣਾਈ ਡੱਬਿਆਂ ਵਿੱਚ ਪੈਕ ਕੀਤੀ ਘਰ ਆ ਜਾਂਦੀ ਹੈ। ਵਿਆਹ ਲਈ ਲੋੜੀਂਦੀ ਰਸਦ ਵੀ ਬਾਜ਼ਾਰੋਂ ਖਰੀਦੀ ਜਾਂਦੀ ਹੈ। ਇਸ ਲਈ ਅਜਿਹੀਆਂ ਸਿੱਠਣੀਆਂ ਸੁਣਨ ਨੂੰ ਨਹੀਂ ਮਿਲਦੀਆਂ:

ਸ਼ੀਲੋ ਕੁੜੀ ਐ ਬੈਠੀ
ਜਿਵੇਂ ਫੁੱਟੇ ਭੜੋਲੇ ਦਾ ਥੱਲਾ
ਨਿਕੰਮੀਏ ਕੰਮ ਕਰ ਨੀਂ
ਤੈਂ ਕਿਉਂ ਛੱਡਿਆ ਧੰਦਾ
ਨਿਕੰਮੀਏ ਕੰਮ ਕਰ ਨੀਂ

ਪਿੰਡਾਂ ਵਿੱਚ ਵਿਆਹੁਲੇ ਘਰ ਵਿੱਚ ਕਈ-ਕਈ ਦਿਨ ਪਹਿਲਾਂ ਪ੍ਰਾਹੁਣੇ ਆਉਣੇ ਸ਼ੁਰੂ ਹੋ ਜਾਂਦੇ ਸਨ। ਪ੍ਰਾਹੁਣਿਆਂ ਵਿੱਚੋਂ ਨਾਨਕਾ ਮੇਲ ਦੀ ਵਿਸ਼ੇਸ਼ ਉਡੀਕ ਕੀਤੀ ਜਾਂਦੀ ਸੀ। ਨਾਨਕਾ ਮੇਲ ਵਿਆਹ ਵਾਲੇ ਘਰ ਦੀ ਰੌਣਕ ਨੂੰ ਹੋਰ ਖਿੱਚ ਭਰਪੂਰ ਬਣਾਉਣ ਦੇ ਮੰਤਵ ਅਧੀਨ ਆਪਣੇ ਨਾਲ ਵੱਧ ਤੋਂ ਵੱਧ ਜੀਅ ਲੈ ਆਉਂਦਾ। ਇਸ ਮੇਲ ਦੀਆਂ ਔਰਤਾਂ ਪਿੰਡ ਵੜਦਿਆਂ ਸਾਰ ਜੋਸ਼ ਨਾਲ ਪ੍ਰਵੇਸ ਕਰਦੀਆਂ, ਖਰੂਦ ਪਾਉਂਦੀਆਂ ਤੇ ਗੀਤ ਗਾਉਂਦੀਆਂ ਆਉਂਦੀਆਂ। ਨਾਨਕਾ ਧਾੜ ਦੀ ਗ੍ਰਿਫਤ ਵਿੱਚ ਆਇਆ ਹਰ ਵਿਅਕਤੀ ਵਿਅੰਗ ਅਤੇ ਟਕੋਰਾਂ ਦਾ ਸ਼ਿਕਾਰ ਬਣਦਾ। ਮਰਦਾਂ ਨੂੰ ਚੋਭਾਂ ਲਾ ਕੇ ਖੂਬ ਠਿੱਠ ਕੀਤਾ ਜਾਂਦਾ। ਇਨ੍ਹਾਂ ਗੀਤਾਂ ਦਾ ਮਨਰੋਥ ਕਿਸੇ ਨੂੰ ਮਾਨਸਿਕ ਕਸ਼ਟ ਦੇਣਾ ਨਹੀਂ, ਅਜਿਹਾ ਸੱਭਿਆਚਾਰਕ ਵਾਤਾਵਰਨ ਉਪਜਾਉਣਾ ਹੁੰਦਾ, ਜਿਸ ਨਾਲ ਵਿਆਹ ਦੀ ਰਸਮ ਹੋਰ ਰੌਣਕੀ ਬਣ ਜਾਵੇ:

ਆਹੋ ਜੀ ਬੰਬੀਹਾ ਬੋਲੇ।
ਖੜੋਤੀ ਕੁੜੀ ਦੇ ਬਾਰ ਨੀਂ ਬੰਬੀਹਾ ਬੋਲੇ।
ਸਿਖਰ ਦੁਪਹਿਰੇ ਬੋਲੇ ਨੀਂ ਬੰਬੀਹਾ ਬੋਲੇ।
ਬੰਬੀਹਾ ਰਾਤੀਂ ਬੋਲੇ ਤੇ ਬੋਲੇ ਪ੍ਰਭਾਤ ਨੀਂ, ਬੰਬੀਹਾ ਬੋਲੇ।

ਅੱਜ ਨਾਨਕਾ ਮੇਲ ਦੀ ਓਹੋ ਜਿਹੀ ਆਮਦ ਨਜ਼ਰ ਨਹੀਂ



ਆਉਂਦੀ। ਘਰਾਂ ਵਿੱਚ ਨਿਭਾਈ ਜਾਂਦੀ ਮਹਿੰਦੀ ਅਤੇ ਵਟਣਾ ਲਾਉਣ ਦੀ ਰਸਮ ਤੇ ਨਾਲ ਗਾਏ ਜਾਂਦੇ ਸੁਹਾਗ ਗੀਤਾਂ ਵਾਲੇ ਰਸਭਿੰਨੇ ਵਾਤਾਵਰਨ ਦੀ ਥਾਂ ਬਿਊਟੀ ਪਾਰਲਰਾਂ ਵਿੱਚ ਬੁਕਿੰਗ ਕਰਵਾ ਕੇ ਘਰਾਂ ਵਿੱਚ ਪੈਦਾ ਹੁੰਦੀ ਸੁੰਨ ਨਜ਼ਰ ਆਉਂਦੀ ਹੈ। ਵਿਆਹ ਤੋਂ ਪਹਿਲੀ ਸ਼ਾਮ ਨਾਨਕਾ ਮੇਲ ਵੱਲੋਂ ਪਿੱਤਲ ਦੀ ਗਾਗਰ/ ਵਲਟੋਹੀ ਉਤੇ ਆਟੇ ਦੇ ਦੀਵਿਆਂ ਦੀਆਂ ਕਤਾਰਾਂ ਬਣਾ ਕੇ ਤਿਆਰ ਕੀਤੀ ਜਾਂਦੀ ਜਾਗੋ ਕਿਤੇ-ਕਿਤੇ ਦੇਖਣ ਨੂੰ ਮਿਲਦੀ ਹੈ। ਜਾਗੋ ਕੱਢਦਿਆਂ ਦੋ ਕੁੜੀਆਂ, ਜਿਨ੍ਹਾਂ ਦੀਆਂ ਅੱਖਾਂ ਵਿੱਚ ਕੱਜਲ ਤੇ ਮੂੰਹ ਗੋਰੇ ਕੀਤੇ ਹੁੰਦੇ, ਨੂੰ ਗੋਰੇ ਬਣਾ ਕੇ ਆਪਣੇ ਅੱਗੇ ਲਾਉਣਾ ਬੀਤੇ ਦੀ ਬਾਤ ਬਣ ਗਿਆ ਹੈ। ਸਾਰੀਆਂ ਮੇਲਣਾਂ ਨਾਲ-ਨਾਲ ਗੀਤ ਗਾਉਂਦੀਆਂ, ਸ਼ੋਰ ਮਚਾਉਂਦੀਆਂ ਜਾਂਦੀਆਂ। ਕਈ ਘਰ ਜਾਗੋ ਵਿੱਚ ਤੇਲ ਪਾਉਂਦੇ ਅਤੇ ਕਈ ਸ਼ਗਨ ਦਿੰਦੇ। ਪਿੰਡ ਦੇ ਮੁਖੀਏ ਤੇ ਰਿਸ਼ਤੇਦਾਰੀ ਵਾਲੇ ਘਰਾਂ ਵਿੱਚ ਗਿੱਧਾ ਪਾਇਆ ਜਾਂਦਾ। ਜਾਗੋ ਦੌਰਾਨ ਪਿੰਡ ਦੀ ਪਰਿਕਰਮਾ ਕਰਦੇ ਸਮੇਂ ਨਾਨਕੀਆਂ ਆਪਣੇ ਨਾਲ ਸਲੰਘ (ਤੂੜੀ ਹਿਲਾਉਣ ਵਾਲ ਸੋਟੀ, ਜਿਸ ਉਤੇ ਉਹ ਘੁੰਗਰੂ ਬੰਨ੍ਹੇ ਹੁੰਦੇ) ਵੀ ਲੈ ਲੈਂਦੀਆਂ। ਪਿੰਡ ਦੇ ਸੁੱਤੇ ਲੋਕਾਂ ਨੂੰ ਜਗਾਉਣ ਖਾਤਰ ਉਸ ਦੀ ਵਰਤੋਂ ਲੋਕਾਂ ਦੇ ਘਰਾਂ ਦੇ ਦਰਵਾਜ਼ੇ ਖੜਕਾਉਣ ਅਤੇ ਸੜਕ ਉਤੇ ਦੱਬ-ਦੱਬ ਕੇ ਮਾਰਨ ਲਈ ਕੀਤੀ ਜਾਂਦੀ ਹੈ। ਇਸ ਪ੍ਰਕਾਰ ਉਹ ਪਿੰਡ ਦੇ ਲੰਬੜਦਾਰ ਤੋਂ ਲੈ ਕੇ ਜਮਾਂਦਰ ਤੱਕ ਸਭ ਨੂੰ ਆਪਣੀਆਂ ਪਤਨੀਆਂ ਨੂੰ ਜਗਾਉਣ ਦਾ ਹੋਕਾ ਦਿੰਦੀਆਂ। ਆਪਣੇ ਵਿਸ਼ਾਲ ਸਮੂਹ ਨੂੰ 'ਹਾਕਮ ਦੀ ਚੌਕੀ' ਨਾਲ ਤੁਲਨਾ ਦੇਂਦੀਆਂ ਉਹ ਪੁਰਸ਼ ਪ੍ਰਧਾਨ ਸਮਾਜ ਨੂੰ ਖਬਰਦਾਰ ਕਰਦੀਆਂ:

ਕੋਈ ਵੇਚੇ ਸੁੰਢ ਜਵੈਣ, ਕੋਈ ਵੇਚੇ ਰਾਈ
ਚੌਕੀਦਾਰ ਆਪਣੀ ਜੋਰੂ ਵੇਚੇ, ਟਕੇ-ਟਕੇ ਸਿਰ ਸਾਹੀ
ਖਬਰਦਾਰ ਰਹਿਣਾ ਜੀ, ਚੌਕੀ ਹਾਕਮਾਂ ਦੀ ਆਈ।

ਅੱਜ ਕੱਲ੍ਹ ਜਾਗੋ ਘਰ ਤਿਆਰ ਨਹੀਂ ਕੀਤੀ ਜਾਂਦੀ। ਲੋਕ ਵੀ ਜਲਦੀ ਨਹੀਂ ਸੌਂਦੇ। ਸੁੱਤਿਆਂ ਨੂੰ ਜਗਾਉਣ ਲਈ ਵਰਤੀ ਜਾਂਦੀ ਸਲੰਘ ਸ਼ਿੰਗਾਰੀ ਹੋਈ ਸੋਟੀ ਦੇ ਰੂਪ ਵਿੱਚ ਅੱਜ ਜਾਗਦਿਆਂ ਨੂੰ ਜਗਾਉਂਦੀ ਹੈ ਜੋ ਸੈੱਲ ਵਾਲੀ ਜਾਗੋ ਦੇ ਨਾਲ ਬਾਜ਼ਾਰੋ ਖਰੀਦੀ ਜਾਂਦੀ ਹੈ। ਸੈੱਲ ਨਾਲ ਚੱਲਦੀ ਬਾਜ਼ਾਰੀ ਜਾਗੋ ਦੇ ਸੈੱਲ ਕੁਝ ਸਮੇਂ ਬਾਅਦ ਆਪਣਾ ਰੰਗ ਦਿਖਾ ਦਿੰਦੇ ਹਨ ਤੇ ਮਾਹੌਲ ਨੂੰ ਫਿੱਕਾ ਕਰ ਦਿੰਦੇ ਹਨ। ਪਾਣੀ ਵਾਰਨ ਵਾਲੀ ਗੜਵੀ ਵੀ ਬਾਜ਼ਾਰੋਂ ਖਰੀਦ ਲਈ ਜਾਂਦੀ ਹੈ।

ਅਜੋਕੇ ਵਿਆਹਾਂ ਦਾ ਕੁਝ ਹੋਰ ਪੱਖ ਚਰਚਾ ਦੀ ਮੰਗ ਕਰਦੇ ਹਨ। ਪਦਾਰਥਵਾਦੀ ਯੁੱਗ ਵਿੱਚ ਰਿਸ਼ਤਿਆਂ ਵਿੱਚ ਗਰਮਜੋਸ਼ੀ ਘਟਦੀ ਜਾਂਦੀ ਹੈ, ਜਦੋਂ ਕਿ ਲੈਣ ਦੇਣ 'ਤੇ ਖਰਚ ਹੋਣ ਵਾਲੀ ਰਾਸ਼ੀ ਹੱਦ ਬੰਨੇ ਟੱਪਦੀ ਜਾ ਰਹੀ ਹੈ। ਬਹੁਤੇ ਰਿਸ਼ਤੇਦਾਰ ਸਿੱਧੇ ਵਿਆਹ ਪੈਲੇਸ ਵਿੱਚ ਆਉਂਦੇ ਅਤੇ ਉਥੋਂ ਆਪਣੇ ਘਰ ਵਿਦਾ ਹੋ ਜਾਂਦੇ ਹਨ। ਕੱਪੜਿਆਂ ਅਤੇ ਹਾਰ ਸ਼ਿੰਗਾਰ ਉਤੇ ਲੱਖਾਂ ਰੁਪਿਆ ਖਰਚ ਹੋਣ ਲੱਗ ਪਿਆ ਹੈ। ਸਿਰਫ ਲਾੜੇ ਲਾੜੀ ਦੀ ਪੁਸ਼ਾਕ 'ਤੇ ਖਰਚ ਹੋਈ ਰਾਸ਼ੀ ਦੰਦਾਂ ਥੱਲੇ ਉਂਗਲਾਂ ਦਿਵਾ ਦਿੰਦੀ ਹੈ। ਵਿਆਹ ਦੇ ਖੁਸ਼ਗਵਾਰ ਮਾਹੌਲ ਨੂੰ ਰਸਭਿੰਨਾ ਬਣਾਉਣ ਵਾਲੀਆਂ ਰਾਤ ਦੀਆਂ ਗਾਉਣ ਮਹਿਫਿਲਾਂ ਨੇ ਵੀ ਆਪਣਾ ਰੰਗ ਵਟਾ ਲਿਆ ਹੈ। ਉਨ੍ਹਾਂ ਮਹਿਫਿਲਾਂ ਦੀ ਥਾਂ 'ਤੇ ਕਈ-ਕਈ ਦਿਨ ਮੀਟ ਸ਼ਰਾਬ ਦੇ ਦੌਰ ਚੱਲਦੇ ਹਨ। ਲੇਡੀਜ਼ ਸੰਗੀਤ ਦੇ ਨਾਂ ਉੱਤੇ ਹੁਣ ਦੇਖਣ ਸੁਣਨ ਨੂੰ ਮਿਲਦਾ ਹੈ, ਡੀ ਜੇ ਸਿਸਟਮ ਨਾਲ ਚੱਲਣ ਵਾਲਾ ਸ਼ੋਰ ਸ਼ਰਾਬੇ ਨਾਲ ਭਰਪੂਰ ਨਾਚ ਗਾਨ।

ਵਿਸ਼ਵੀਕਰਨ ਦੇ ਪ੍ਰਭਾਵ ਤੋਂ ਪਹਿਲਾਂ ਭਾਰਤ ਵਿੱਚ ਲਾੜੀ ਦੇ ਰੂਪ ਵਿੱਚ ਇਕ ਲੜਕੀ ਆਪਣੇ ਵਿਆਹ ਦੀਆਂ ਰਸਮਾਂ ਨੂੰ ਸ਼ਰਮ ਤੇ ਲਾਜ ਦੀ ਮੂਰਤੀ ਬਣੀ ਨਿਭਾਉਂਦੀ ਸੀ। ਇਸ ਸੰਦਰਭ ਵਿੱਚ ਵੀ ਹਾਲਾਤ ਬਦਲ ਗਏ ਹਨ। ਸਟੇਜ ਦੇ ਸਿੰਘਾਸਨੀ ਸੈਟ 'ਤੇ ਲਾੜੇ ਨਾਲ ਸੁਸ਼ੋਭਿਤ ਲਾੜੀ ਖੂਬ ਖੁੱਲ੍ਹ ਡੁੱਲ੍ਹ ਮਹਿਸੂਸਦੀ ਨਿਸੰਗ ਵਿਚਰਦੀ ਨਜ਼ਰ ਆਉਂਦੀ ਹੈ। ਵਿਆਹੁਲੀ ਜੋੜੀ ਆਪਣਾ ਪ੍ਰੀ ਵੈਡਿੰਗ ਸ਼ੂਟ ਮੈਰਿਜ ਪੈਲੇਸ/ ਪੰਡਾਲ ਵਿੱਚ ਆਪਣੇ ਅਤੇ ਪਤੀ ਦੇ ਪੂਰੇ ਪਰਵਾਰ ਦੇ ਨਾਲ ਹਾਜ਼ਰ ਬਾਕੀ ਮਹਿਮਾਨਾਂ ਨਾਲ ਬੜੇ ਚਾਅ ਅਤੇ ਖੁਸ਼ੀ ਨਾਲ ਵੇਖਦੀ ਹੈ। ਧਾਰਮਿਕ ਪੱਖੋਂ ਵਿਆਹ ਨੂੰ ਪ੍ਰਵਾਨਗੀ ਮਿਲ ਜਾਣ ਉਪਰੰਤ ਨਵੀਂ ਜੋੜੀ ਖੁੱਲ੍ਹ ਕੇ ਨੱਚਦੀ ਹੈ। ਅਨੇਕ ਜੋੜੇ ਇਸ ਮੌਕੇ ਨੱਚਣ ਲਈ ਚੰਗੀ ਫੀਸ ਦੇ ਕੇ ਵਿਆਹ ਤੋਂ ਪਹਿਲਾਂ ਵਿਸ਼ੇਸ਼ ਤੌਰ 'ਤੇ ਸਿਖਲਾਈ ਲੈਂਦੇ ਹਨ।


ਲੜਕੀ-ਲੜਕੇ ਦੇ ਸੰਜੋਗ ਦਾ ਸਬੱਬ ਹੁਣ ਨਾਈ ਨਹੀਂ ਬਣਦਾ। ਵਿਗਿਆਪਨ /ਇਸ਼ਤਿਹਾਰਬਾਜ਼ੀ ਇਸ ਪੱਖੋਂ ਅਹਿਮ ਭੂਮਿਕਾ ਨਿਭਾ ਰਹੀ ਹੈ। ਨਾਈਆਂ ਕੋਲ ਰਿਸ਼ਤਾ ਤੈਅ ਕਰਨ ਦਾ ਹੱਕ ਹੋਣ ਸਮੇਂ ਲੜਕੇ-ਲੜਕੀ ਨੇ ਵਿਆਹ ਦੀਆਂ ਰਸਮਾਂ ਸੰਪੂਰਨ ਹੋਣ ਤੱਕ ਇਕ ਦੂਜੇ ਨੂੰ ਪਹਿਲਾਂ ਕਦੇ ਵੇਖਿਆ ਨਹੀਂ ਸੀ ਹੁੰਦਾ। ਉਦੋਂ ਗੀਤਾਂ ਰਾਹੀਂ ਅਕਸਰ ਇਹ ਪੁੱਛ ਲਿਆ ਜਾਂਦਾ ਸੀ ਕਿ ਵਿਚੋਲੇ ਦੀ ਭੂਮਿਕਾ ਕਿਸ ਨੇ ਨਿਭਾਈ ਹੈ। ਮਾਨਵੀ ਸਬੰਧਾਂ ਦੀ ਮਜ਼ਬੂਤੀ ਦੇ ਸਿਲਸਿਲੇ ਵਿੱਚ ਇਹ ਸ਼ੁਭ ਸ਼ਗਨ ਹੈ ਕਿ ਨੌਜਵਾਨ ਪੀੜ੍ਹੀ ਜਾਤ ਪਾਤ ਦੇ ਬੰਧਨਾਂ ਨੂੰ ਤੋੜਦੀ ਨਜ਼ਰ ਆ ਰਹੀ ਹੈ। ਇਸ ਪ੍ਰਚਲਨ ਦਾ ਅਸਰ ਮਾਪਿਆਂ ਵਿੱਚ ਵੀ ਵੇਖਣ ਨੂੰ ਮਿਲਣ ਲੱਗਾ ਹੈ। ਉਹ ਆਪਣੀ ਔਲਾਦ ਲਈ ਅਨੁਕੂਲ ਜੀਵਨ ਸਾਥੀ ਦੀ ਤਲਾਸ਼ ਵਾਸਤੇ ਜਾਤੀ ਬੰਧਨਾਂ ਵਿੱਚ ਢਿੱਲ ਲੈਣ ਲੱਗ ਪਏ ਹਨ।

ਇਸ ਲੇਖ ਦਾ ਮਕਸਦ ਏਨਾ ਹੀ ਹੈ ਕਿ ਮੰਡੀ ਨੇ ਵਿਆਹ ਦੀਆਂ ਬੇਲੋੜੀਆਂ ਰਸਮਾਂ ਘਟਾਉਣ ਦੀ ਥਾਂ ਇਨ੍ਹਾਂ ਵਿੱਚ ਵਾਧਾ ਹੀ ਕੀਤਾ ਹੈ, ਜਿਸ ਕਰਕੇ ਬੇਲੋੜੇ ਖਰਚ ਕਾਰਨ ਬਹੁ ਗਿਣਤੀ ਘਰਾਂ ਦੀ ਮਾਲੀ ਹਾਲਤ ਡਾਵਾਂਡੋਲ ਹੋ ਜਾਂਦੀ ਹੈ ਜੋ ਛੇਤੀ ਕੀਤੇ ਅਤੇ ਸੌਖਿਆਂ ਪਰਵਾਰ ਦੀ ਗੱਡੀ ਨੂੰ ਲੀਹ 'ਤੇ ਨਹੀਂ ਆਉਣ ਦਿੰਦੀ। ▫

## ਵਿਅੰਗ

# ਮਹਾ ਦਲਿੱਦਰ ਪੰਚਾਇਤ

-ਅਜੈ ਕੁਮਾਰ



ਬੀਤੇ ਦਿਨੀਂ ਵਿਸ਼ਵ ਪੱਧਰੀ ਸਮਾਜ ਸੇਵੀ ਸੰਸਥਾ ਖਾਓ ਪੀਓ ਨੈਸ਼ਨਲ ਫਰੰਟ ਦੇ ਸੱਦੇ 'ਤੇ ਇੱਕ ਹੰਗਾਮੀ ਮਹੱਤਵ ਪੂਰਨ ਮਹਾਂ ਦਲਿੱਦਰ ਪੰਚਾਇਤ ਬੋਹੜ ਵਾਲੇ ਚੌਕ, ਗੋਪਾਲ ਨਗਰ, ਜਲੰਧਰ ਸ਼ਹਿਰ ਵਿਖੇ ਹੋਈ ਤਾਂ ਇਸ ਵਿੱਚ ਦੁਨੀਆ ਭਰ ਤੋਂ ਆਏ ਅਤਿ ਦਲਿੱਦਰ ਮਹਾਂਪੁਰਸ਼ਾਂ ਅਤੇ ਨਾਮੀ ਚੁਗਲਖੋਰਾਂ ਨੇ ਹਿੱਸਾ ਲਿਆ। ਇਨ੍ਹਾਂ 'ਚ ਪ੍ਰਮੁੱਖ ਤੌਰ ਉਤੇ ਵਿਆਹ ਵਾਲੇ ਜੋੜਿਆਂ 'ਚ ਆਪਸੀ ਝਗੜਾ ਪੈ ਜਾਣ 'ਤੇ ਉਸ ਨੂੰ ਹੋਰ ਤੇਜ਼ੀ ਨਾਲ ਵਧਾਉਣ ਵਾਲੇ ਸੂਝਵਾਨ, ਅੜੀਅਲ, ਸੜੀਅਲ, ਖਚਰੇ, ਨਿੱਕੀ ਜਿਹੀ ਗੱਲ ਨੂੰ ਪਹਾੜ ਬਣਾ ਕੇ ਦੱਸਣ ਵਾਲੇ, ਹਰ ਵੇਲੇ ਲੜਾਈ ਪੁਆਉਣ ਵਾਲੇ, ਬਲਦੀ ਅੱਗ ਵਿੱਚ ਤੇਲ ਪਾਉਣ ਵਾਲੇ, ਚੁਗਲੀ ਦੇ ਦੀਵਾਨੇ, ਬਿਨਾਂ ਮਤਲਬ ਤੋਂ ਹਰ ਕੰਮ 'ਚ ਟੰਗ ਅੜਾਉਣ ਵਾਲੇ, ਬਣਦੀ ਗੱਲ ਨੂੰ ਵਿਗਾੜਨ ਵਾਲੇ, ਕਿਚਕਿਚ ਪਾਉਣ ਵਾਲੇ, ਅਵਾਗੌਣ ਸ਼ੋਰ ਸ਼ਰਾਬਾ ਕਰਨ ਵਾਲੇ, ਹਰ ਇੱਕ ਤੋਂ ਪੈਸੇ ਲੈ ਕੇ ਮੁਕਰਨ ਵਾਲੇ, ਕਮੇਟੀਆਂ ਪਾ ਕੇ ਪਹਿਲੀ ਕਮੇਟੀ ਚੁੱਕ ਕੇ ਸ਼ਹਿਰ ਛੱਡ ਜਾਣ ਵਾਲੇ, ਥਾਈਂ-ਥਾਈਂ ਕਮੇਟੀ ਪਾ ਕੇ ਚੁੱਕ ਕੇ ਨਾ ਦੇਣ ਵਾਲੇ, ਕਿੱਟੀ ਦੀ ਹਰ ਬੋਲੀ ਉੱਤੇ ਖਾਣ ਪੀਣ ਲਈ ਆਪਣੇ ਆਪਣੇ ਪੰਜ-ਸੱਤ ਸਾਥੀ ਲੈ ਕੇ ਜਾਣ ਵਾਲੇ, ਅਜਿਹੇ ਸੂਝਵਾਨ ਅਤੇ ਭਲੇਮਾਮਸ ਲੋਕਾਂ ਨੇ ਭਾਰੀ ਗਿਣਤੀ ਵਿੱਚ ਹਾਜ਼ਰੀ ਭਰੀ। ਇਸ ਮਹਾਂ ਦਲਿੱਦਰ ਪੰਚਾਇਤ 'ਚ ਕਈ ਮਹੱਤਵ ਪੂਰਨ ਮਤਿਆਂ ਤੋਂ ਬਿਨਾ ਮੁੱਖ ਰੂਪ ਵਿੱਚ ਹੇਠ ਲਿਖੇ ਮਤੇ ਸਰਬ ਸੰਮਤੀ ਨਾਲ ਪਾਸ ਹੋ ਗਏ ਜਿਵੇਂ ਦਾਜ ਨੂੰ ਕਲੰਕ ਸਮਝਣ ਵਾਲੇ ਲੋਕਾਂ ਦੇ ਖਿਲਾਫ ਸਖਤ ਐਕਸ਼ਨ ਲੈਣਾ, ਆਬਾਦੀ ਕੰਟਰੋਲ ਕਰਨ ਦਾ ਨਾਅਰਾ ਦੇਣ ਵਾਲੇ ਲੋਕਾਂ ਨੂੰ ਮੂੰਹ ਤੋੜ ਜਵਾਬ ਦੇਣਾ, ਹਮ ਦੋ ਹਮਾਰੇ ਸੌ ਨੂੰ ਧਿਆਨ 'ਚ ਰੱਖਦੇ ਹੋਏ ਯੋਜਨਾਬੱਧ ਤਰੀਕੇ ਨਾਲ ਤੇਜ਼ੀ ਨਾਲ ਕੰਮ ਕਰਨਾ, ਬਿਨਾਂ ਕੁਝ ਲਏ-ਦਿੱਤੇ ਝਟਪਟ ਲੜਾਈ ਮੁਕਾਉਣ ਵਾਲੀ ਪੰਚਾਇਤ ਅਤੇ ਉਸ ਦੇ ਮੈਂਬਰਾਂ ਨੂੰ ਫੌਰੀ ਤੌਰ 'ਤੇ ਡਿਸਮਿਸ ਕਰਨ ਦੀ ਮੁਹਿੰਮ ਤੇਜ਼ੀ ਨਾਲ ਚਲਾਉਣ, ਬਿਨਾਂ ਵਜ੍ਹਾ ਗੁਆਂਢੀਆਂ ਦੇ ਘਰ ਝਾਤੀਆਂ ਮਾਰਨ ਵਾਲੇ ਤੇ ਬਿਨਾਂ ਮੰਗੇ ਸਲਾਹ ਦੇਣ ਵਾਲੇ ਲੋਕਾਂ ਨੂੰ ਮੁਫਤ ਬੱਸਾਂ ਅਤੇ ਰੇਲ ਗੱਡੀਆਂ ਦਾ ਸਫਰ ਕਰਾਉਣ ਲਈ ਟੱਬਰ ਤੇ ਮਿੱਤਰ ਮੰਡਲੀ ਸਮੇਤ ਪਾਸ ਬਣਵਾ ਕੇ ਦੇਣ, ਚੁਗਲਖੋਰਾਂ ਨੂੰ ਜੀਭ ਘਸਾਈ ਭੱਤਾ ਦੇਣ ਅਤੇ ਇਸ ਦੇ ਨਾਲ ਖਾਸ ਤੌਰ 'ਤੇ ਕੌਲੀ ਚੱਟ ਵਿਹਲੜ ਪ੍ਰਧਾਨਾਂ ਤੇ ਗੱਲੀਂ-ਬਾਤੀਂ ਬਦਮਾਸ਼ਾਂ ਦੀਆਂ ਕਹਾਣੀਆਂ ਸੁਣਾ ਕੇ ਮੁਹੱਲਿਆਂ ਵਿੱਚ ਬਣੇ ਉਸਤਾਦਾਂ ਨੂੰ ਉਨ੍ਹਾਂ ਦੇ ਇਲਾਕੇ ਵੱਚ ਹੁੰਦੇ ਹਰ ਸਰਕਾਰੀ ਕੰਮ 'ਚੋਂ 25 ਫੀਸਦੀ ਕਮਿਸ਼ਨ ਦੇਣਾ ਆਦਿ। ਇਸ ਇਤਿਹਾਸਕ ਤੇ ਸ਼ਾਨਦਾਰ ਮੌਕੇ 'ਤੇ ਵਿਜੇ ਜ਼ਾਲਮ ਅਤੇ ਸੁਦੇਸ਼ ਡਰਪੋਕ ਵੱਲੋਂ ਸਾਂਝੇ ਰੂਪ ਵਿੱਚ ਲਿਖੀ ਗਈ ਸ਼ਰਾਬ ਪੀ ਕੇ ਜਨਾਨੀ ਤੋਂ ਬਚਣ ਲਈ 11 ਹਜ਼ਾਰੇ ਬਹਾਨੇ ਦੇ ਟਾਈਟਲ ਵਾਲੀ ਕਿਤਾਬ ਰਿਲੀਜ਼ ਕੀਤੀ ਗਈ।

ਇਸ ਮਹਾਂ ਦਲਿੱਦਰ ਪੰਚਾਇਤ ਵਿੱਚ ਹਰ ਜਗ੍ਹਾ ਲੱਗੇ ਲੰਗਰ ਦੀ ਭੀੜ ਦਾ ਮੋਹਰਲੀ ਕਤਾਰ ਵਿੱਚ ਹਿੱਸਾ ਬਣਨ ਵਾਲੇ ਸੱਜਣਾਂ ਨੂੰ ਤੇ ਕਈ ਦਿਨਾਂ ਦਾ ਲੰਗਰ ਪੈਕ ਕਰ ਕੇ ਘਰ ਸਟਾਕ ਰੱਖਣ ਵਾਲੇ ਬੰਦਿਆਂ ਨੂੰ ਉਚੇਰੇ ਤੌਰ 'ਤੇ ਪੰਜ-ਪੰਜ ਕਿਲੋ ਰੇਤਾ ਦੇ ਕੇ ਸਨਮਾਨਤ ਕੀਤਾ ਗਿਆ। ਇਸ ਮਹਾ ਦਲਿੱਦਰ ਪੰਚਾਇਤ 'ਚ ਹੋਰਨਾਂ ਤੋਂ ਇਲਾਵਾ ਮਧੂ ਖੂਬਸੂਰਤ, ਸਾਹਿਲ ਸ਼ਾਂਤ, ਸਾਹਿਬ ਫਾਈਟਰ , ਅਮਨ ਸਿਰਫਿਰੀ, ਰੇਖਾ ਵਿਹਲੀ, ਸੰਨੀ ਸ਼ਾਂਤ, ਮੋਨਿਕਾ ਦਲੇਰ, ਰਜਨੀ ਕਠੋਰ, ਬੰਸੋ ਚੁਗਲਖੋਰ, ਕੰਮੋ ਲਾਲਚੀ, ਸੋਨੂੰ ਪ੍ਰੇਮੀ, ਪਿੰਕਾ ਦਿਮਾਗੀ, ਓਮੀ ਗਿੱਠਾ, ਨੰਨਾ ਫੁਕਰਾ, ਸ਼ਸ਼ੀ ਬਲੈਕਮੇਲਰ, ਅਜੈ ਮੂਰਖ, ਬੰਟੂ ਚੁਸਤ ਰਾਜਨ ਠੀਕ ਠਾਕ, ਰਿੰਕੂ ਸ਼ਾਇਰ, ਤਰਸੇਮ ਜ਼ਖਮੀ, ਲੱਭਾ ਕਾਇਰ, ਨੀਲਮ ਦੁਖੀ, ਬੰਟੀ ਸੁਖੀ ਤੇ ਦੇਸ ਰਾਜ ਵੱਡੇ ਸਿਰ ਵਾਲਾ ਮੌਜੂਦ ਸਨ।

## ਕਹਾਣੀ

# ਦੌਣ

-ਮਨਦੀਪ ਸਿੰਘ ਡਡਿਆਣਾ

ਆਲੇ ਦੁਆਲੇ ਵੇਖ ਕੇ ਜਿਵੇਂ ਮੈਂ ਕੋਈ ਚੋਰੀ ਕਰ ਰਿਹਾ ਹੋਵਾਂ, ਖਸਤਾ ਹਾਲ ਹੋਈ ਰੱਸੀ ਦਾ ਵਲ ਮੰਜੇ ਦੇ ਸੇਰਵੇ ਨਾਲ ਮਾਰ ਕੇ ਮੈਂ ਉਤੇ ਦਰੀ ਸਿੱਧੀ ਕਰ ਦਿੱਤੀ। ਬਿਸਤਰਾ ਸਿੱਧਾ ਜਿਹਾ ਹੋ ਗਿਆ ਅਤੇ ਉਤੇ ਇੰਜ ਪਰਦਾ ਕੱਜਿਆ ਗਿਆ, ਜਿਵੇਂ ਹੇਠਾਂ ਵੀ ਸਭ ਠੀਕ ਹੋਵੇ। ਮੇਰੇ ਮਨ ਨੂੰ ਤਸੱਲੀ ਹੋਈ ਅਤੇ ਮੈਂ ਰੇਹੜਾ ਜੋੜ ਕੇ ਕੱਖ ਲੈਣ ਖੇਤਾਂ ਵੱਲ ਜਾਣ ਲਈ ਤੁਰਨ ਹੀ ਲੱਗਾ ਸੀ।

'ਪਹਿਲਾਂ ਮੰਜੇ ਵਿੱਚ ਦੌਣ ਲਿਆ ਕੇ ਪਾ ਦਿੰਦੇ।' ਪਿੱਛੋਂ ਪਤਨੀ ਦੀ ਆਵਾਜ਼ ਸੁਣਾਈ ਦਿੱਤੀ।

'ਕਿੱਥੇ ਖੁੱਲ੍ਹੀ ਹੋਣੀ ਅਜੇ ਦੁਕਾਨ, ਲਾਲਾ ਨ੍ਹੀਂ ਆਉਂਦਾ ਇੰਨੇ ਸਾਝਰੇ।' ਮੈਂ ਕਿਹਾ।

'ਦੇਖ ਤਾਂ ਆਉਂਦੇ, ਕਈ ਵਾਰ ਇਥੇ ਹੀ ਹੁੰਦਾ ਏ ਰਾਤ ਨੂੰ।' ਉਹ ਫਿਰ ਬੋਲੀ।

ਮੈਂ ਰੇਹੜੇ ਤੋਂ ਵੱਖ ਕਰਕੇ ਵੱਛਾ ਫਿਰ ਖੁਰਲੀ ਨਾਲ ਬੰਨ੍ਹ ਦਿੱਤਾ ਅਤੇ ਦੁਕਾਨ ਵੱਲ ਚੱਲ ਪਿਆ।

'ਮੇਰੇ ਲਈ ਕੰਮ ਫਿਰ ਵਧਾ ਦਿੱਤਾ। ਇਕ ਵਾਰ ਬਿਸਤਰੇ ਮਸਾਂ ਇਕੱਠੇ ਕਰਦੀ ਆਂ, ਇਹਨੇ ਫਿਰ ਵਿਛਾ 'ਤਾ। ਇਹਨੂੰ ਰੱਬ ਦੇ ਬੰਦੇ ਨੂੰ ਅਕਲ ਨ੍ਹੀਂ ਆਉਣੀ।' ਉਹ ਮੇਰੇ ਵਿਛਾਏ ਬਿਸਤਰੇ ਨੂੰ ਇਕੱਠਾ ਕਰਦੀ ਬੁੜਬੁੜ ਕਰ ਰਹੀ ਸੀ। ਅੱਗੇ ਜਾ ਕੇ ਵੇਖਿਆ ਤਾਂ ਦੁਕਾਨ ਅਜੇ ਖੁੱਲ੍ਹੀ ਨਹੀਂ ਸੀ। ਮੈਂ ਘਰ ਵੱਲ ਮੁੜ ਪਿਆ। ਵਾਪਸ ਆਇਆ ਤਾਂ ਪਤਨੀ ਸ਼ਾਇਦ ਮੈਨੂੰ ਹੀ ਉਡੀਕ ਰਹੀ ਸੀ।

'ਕੀ ਗੱਲ ਆਇਆ ਨ੍ਹੀਂ ਹਾਲੇ ਲਾਲਾ, ਖੁੱਲ੍ਹੀ ਨ੍ਹੀਂ ਹੱਟੀ?' ਪਤਨੀ ਨੇ ਪੁੱਛਿਆ।

'ਨਹੀਂ, ਅਜੇ ਨ੍ਹੀਂ ਆਇਆ। ਮੈਂ ਕਿਹਾ ਤਾਂ ਸੀ ਕਿ ਇੰਨੇ ਸਾਝਰੇ ਨ੍ਹੀਂ ਆਉਂਦਾ ਉਹ। ਦਸ ਵਜੇ ਤੋਂ ਬਾਅਦ ਹੀ ਆਉਂਦੈ।' ਮੈਂ ਜੁਆਬ ਦਿੱਤਾ।

'ਮੈਂ ਰੋਜ਼ ਕਹਿੰਦੀ ਆਂ ਕਿ ਸ਼ਾਮ ਨੂੰ ਲਿਆ ਕੇ ਰੱਖ ਲਉ ਦੌਣ, ਪਰ ਮੇਰੀ ਕਿਹੜਾ ਕੋਈ ਮੰਨਦਾ ਐ।' ਉਹ ਖਿਝ ਕੇ ਬੋਲੀ।

ਮੈਂ ਉਸ ਦੀ ਗੱਲ ਅਣਸੁਣੀ ਕਰਕੇ ਦੁਬਾਰਾ ਰੇਹੜਾ ਜੋੜ ਕੇ ਖੇਤ ਨੂੰ ਤੁਰ ਪਿਆ। ਖੇਤ ਵਿੱਚ ਕੰਮ ਕਰਦਿਆਂ ਵੀ ਮੇਰੇ ਸਿਰ ਵਿੱਚ ਮੱਠਾ-ਮੱਠਾ ਦਰਦ ਹੁੰਦਾ ਰਿਹਾ। ਦਰਦ ਤਾਂ ਹੋਣਾ ਹੀ ਸੀ, ਪਿਛਲੀਆਂ ਤਿੰਨ ਰਾਤਾਂ ਤੋਂ ਮੱਛਰ ਨੇ ਮੇਰੀ ਨੀਂਦ ਉਡਾ ਕੇ ਰੱਖ ਦਿੱਤੀ ਸੀ। ਮੇਰੀ ਪਤਨੀ ਨੂੰ ਮੈਨੂੰ ਜ਼ਿੰਮੇਵਾਰੀ ਦਾ ਅਹਿਸਾਸ ਕਰਵਾਉਣ ਦਾ ਨੁਕਤਾ ਮੇਰੀ ਨੀਂਦ ਖਾ ਗਿਆ ਸੀ। ਇਸੇ ਨੁਕਤੇ ਕਾਰਨ ਪਿਛਲੀਆਂ ਤਿੰਨ ਰਾਤਾਂ ਤੋਂ ਮੇਰੀ ਚਮੜੀ ਮੱਛਰਾਂ ਨੇ ਖਾ ਲਈ ਸੀ। ਘਰ ਦੇ ਬਾਕੀ ਤਿੰਨੇ ਜੀਅ ਸਾਰੀ ਰਾਤ ਸੁੱਤੇ ਰਹਿੰਦੇ। ਮੈਂ ਉਲੂ ਵਾਂਗ ਜਾਗਦਾ, ਮੱਛਰਾਂ ਨਾਲ ਅਣਐਲਾਨੀ ਜੰਗ ਵਿੱਚ ਸਦਾ ਹਾਰ ਜਾਂਦਾ। ਘਰ ਵਿੱਚ ਕੁੱਲ ਛੇ ਮੰਜੇ ਸਨ ਅਤੇ ਚਾਰ ਜੀਅ। ਦੋ ਮੰਜਿਆਂ ਦੀਆਂ ਬਾਹੀਆਂ ਟੁੱਟਿਆਂ ਮਹੀਨੇ ਤੋਂ ਉਪਰ ਹੋ ਚੁੱਕਾ ਸੀ। ਉਨ੍ਹਾਂ ਪਿੱਛੇ ਵੀ ਮੇਰੀ ਪਤਨੀ ਮੇਰੇ ਨਾਲ ਕਈ ਵਾਰ ਲੜਾਈ ਕਰ ਚੁੱਕੀ ਸੀ। ਉਸ ਦੀ ਗੱਲ ਠੀਕ ਸੀ, ਜੇ ਵੇਲੇ ਕੁਵੇਲੇ ਕੋਈ ਰਿਸ਼ਤੇਦਾਰ ਆ ਜਾਵੇ ਤਾਂ ਬੜੀ ਮੁਸ਼ਕਲ ਹੋਣੀ ਸੀ, ਆਂਢੀਆਂ ਤੋਂ ਮੰਗ ਕੇ ਮੰਜਾ ਲਿਆਉਣਾ ਪੈਣਾ ਸੀ। ਬਾਕੀ ਜਿਹੜੇ ਮੰਜੇ ਸਹੀ ਸਨ, ਉਨ੍ਹਾਂ ਵਿੱਚੋਂ ਵੀ ਇਕ ਦੀ ਦੌਣ ਬੁਰੀ ਤਰ੍ਹਾਂ ਟੁੱਟ ਚੁੱਕੀ ਸੀ। ਪਤਨੀ ਨੇ ਪਹਿਲਾਂ ਕਈ ਵਾਰ ਮੈਨੂੰ ਕਿਹਾ ਕਿ

'ਨਵੀਂ ਦੌਣ ਲਿਆ ਕੇ ਮੰਜੇ ਵਿੱਚ ਪਾ ਦਿਉ।' ਮੇਰੇ ਕੰਨਾਂ 'ਤੇ ਜੂੰ ਨਾ ਸਰਕੀ। ਇਸ ਤੋਂ ਅੱਕ ਕੇ ਉਸ ਨੇ ਇਹ ਕਹਿੰਦਿਆਂ ਉਹੀ ਟੁੱਟੀ ਦੌਣ ਵਾਲਾ ਮੰਜਾ ਮੇਰੇ ਲਈ ਡਾਹ ਦਿੱਤਾ, 'ਜਦੋਂ ਤੁਸੀਂ ਪਓਗੇ ਤਾਂ ਤੁਹਾਨੂੰ ਜ਼ਿੰਮੇਵਾਰੀ ਦਾ ਅਹਿਸਾਸ ਹੋਊ।'

ਦੌਣ ਪਾਉਣੀ ਸੌਖੀ ਸੀ, ਪਰ ਇਸ ਲਈ ਪਤਨੀ ਨੇ ਸ਼ਰਤ ਰੱਖ ਦਿੱਤੀ, 'ਦੌਣ ਦੁਪਹਿਰ ਤੋਂ ਪਹਿਲਾਂ ਪਾਉਣੀ ਚਾਹੀਦੀ ਐ। ਸ਼ਾਮ ਜਾਂ ਰਾਤ ਨੂੰ ਨ੍ਹੀਂ ਪਾਉਣੀ ਚਾਹੀਦੀ, ਇਨ੍ਹਾਂ ਵੇਲਿਆਂ ਵਿੱਚ ਤਾਂ ਦੌਣ ਨੂੰ ਵਲ ਪਾਉਣਾ ਵੀ ਮਾੜੈ।' ਉਸ ਨੇ ਗੂੜ੍ਹ ਗਿਆਨ ਦੀ ਗੱਲ ਦੱਸੀ ਸੀ।

'ਸ਼ਾਮ ਜਾਂ ਰਾਤ ਨੂੰ ਦੌਣ ਪਾਇਆਂ ਕਿਤੇ ਨ੍ਹੀਂ ਪਰਲੋ ਆਉਂਦੀ।' ਮੈਂ ਸਹਿਜ ਸੁਭਾਅ ਹੀ ਉਸ ਦੇ ਕਹੇ ਦਾ ਖੰਡਨ ਕਰ ਦਿੱਤਾ ਸੀ।

'ਪਰਲੋ ਦਾ ਤਾਂ ਉਦੋਂ ਪਤਾ ਲੱਗੇਗਾ ਜਦੋਂ ਰਾਤ ਨੂੰ ਕੰਧਾਂ ਕੌਲਿਆਂ 'ਚ ਵੱਜਦੇ ਫਿਰੇ, ਕੁਵੇਲੇ ਦੀ ਪਾਈ ਦੌਣ ਅੰਧ-ਰਾਤਾ ਕਰ ਦਿੰਦੀ ਐ। ਸਿਆਣੇ ਤਾਂ ਕਹਿੰਦੇ ਨੇ ਕਿ ਕੁਵੇਲੇ ਦੌਣ ਪਾਉਣ ਵਾਲੇ ਦੇ ਘਰ ਕੁੜੀਆਂ ਜੰਮਦੀਆਂ ਨੇ..।' ਅਜੇ ਉਹ 'ਗੂੜ੍ਹ ਗਿਆਨ' ਮੇਰੇ ਦਿਮਾਗ ਵਿੱਚ ਭਰ ਹੀ ਰਹੀ ਸੀ ਕਿ ਬਾਹਰ ਦਰਵਾਜ਼ੇ ਅੱਗੇ ਬੁਲੇਟ ਆ ਕੇ ਰੁਕਿਆ। ਮੈਂ ਓਧਰ ਤੁਰ ਗਿਆ। ਬੁਲੇਟ, ਅਵਤਾਰ ਡਾਕਟਰ ਦਾ ਸੀ।

ਜੇ ਉਸ ਸਮੇਂ ਡਾਕਟਰ ਅਵਤਾਰ ਗਾਂ ਨੂੰ ਦਵਾਈ ਦੇਣ ਨਾ ਆਉਂਦਾ ਤਾਂ ਉਹ ਹੋਰ ਪਤਾ ਨਹੀਂ ਕਿਹੜੀਆਂ-ਕਿਹੜੀਆਂ ਸਿਆਣਪਾਂ ਦੀ ਗੁੜ੍ਹਤੀ ਦਿੰਦੀ। ਡਾਕਟਰ ਦੇ ਆਉਣ ਨਾਲ ਉਸ ਦਾ ਗਿਆਨ ਉਪਦੇਸ਼ ਬੰਦ ਹੋ ਗਿਆ ਅਤੇ ਮੈਂ ਸੁਖ ਦਾ ਸਾਹ ਲਿਆ, ਪਰ ਇਸੇ ਗਿਆਨ ਕਾਰਨ ਹੁਣ ਤੱਕ ਮੰਜੇ ਵਿੱਚ ਦੌਣ ਨਹੀਂ ਸੀ ਪਈ। ਸਵੇਰੇ ਦੁਕਾਨ ਬੰਦ ਹੁੰਦੀ ਸੀ, ਜਦੋਂ ਤੱਕ ਖੁੱਲ੍ਹਦੀ ਮੈਂ ਕੰਮ ਕਰਨ ਖੇਤਾਂ ਵਿੱਚ ਚਲਾ ਜਾਂਦਾ। ਸ਼ਾਮ ਵੇਲੇ ਮੁੜਦਾ ਤਾਂ ਉਦੋਂ ਤੱਕ ਦੌਣ ਪਾਉਣ ਦਾ ਵੇਲਾ ਲੰਘ ਚੁੱਕਾ ਹੁੰਦਾ। ਕਈ ਵਾਰ ਮੈਂ ਕਿਹਾ, 'ਜਗਮੀਤ ਤੋਂ ਦੌਣ ਮੰਗਵਾ ਲੈ, ਉਂਜ ਵੀ ਵੀਹ ਵਾਰ ਜਾਂਦੈ ਦੁਕਾਨ 'ਤੇ।'



ਉਹ ਪਤਾ ਨਹੀਂ ਕਿਉਂ ਮੈਨੂੰ ਚੰਗੀ ਤਰ੍ਹਾਂ ਜ਼ਿੰਮੇਵਾਰੀ ਦਾ ਅਹਿਸਾਸ ਕਰਾਉਣ ਉਤੇ ਤੁਲੀ ਹੋਈ ਹੈ। ਮੁੰਡਾ ਕਾਲਜ ਤੋਂ ਵੀ ਜਲਦੀ ਆ ਜਾਂਦਾ ਹੈ। ਅੱਧ ਵਿੱਚ ਤਾਂ ਘਰ ਹੀ ਹੁੰਦਾ ਹੈ, ਪਰ ਦੌਣ ਤਾਂ ਜਿਵੇਂ ਮੇਰੀ ਜ਼ਿੰਮੇਵਾਰੀ ਬਣ ਗਈ।

ਤਿੰਨੇਂ ਰਾਤਾਂ ਦੀ ਕਹਾਣੀ ਲਗਭਗ ਇਕੋ ਜਿਹੀ ਹੈ। ਹਰ ਰਾਤ ਮੈਂ ਕਿਸੇ ਤਰ੍ਹਾਂ ਟੁੱਟੀ ਦੌਣ ਵਾਲੇ ਮੰਜੇ ਉਤੇ ਮੱਛਰਦਾਨੀ ਲਾ ਲੈਂਦਾ ਹਾਂ। ਇਹ ਮੱਛਰ ਵੀ ਅੱਜ ਕੱਲ੍ਹ ਦੇ ਮੌਸਮ ਵਿੱਚ ਪਤਾ ਨਹੀਂ ਕਿੱਥੋਂ ਪੈਦਾ ਹੁੰਦਾ ਹੈ। ਬਾਹਰ ਤਾਂ ਹੋਣਾ ਹੀ ਹੈ, ਪਰ ਜੇ ਅੰਦਰ ਪਵੋ ਤਾਂ ਵੀ ਦਰਵਾਜ਼ਿਆਂ, ਖਿੜਕੀਆਂ ਦੀਆਂ ਵਿਰਲਾਂ ਰਾਹੀਂ ਅੰਦਰ ਪੁੱਜ ਜਾਂਦਾ ਹੈ। ਮੈਨੂੰ ਅੰਦਰ ਉਂਜ ਵੀ ਨੀਂਦ ਨਹੀਂ ਆਉਂਦੀ, ਗਰਮੀ ਵਿੱਚ ਮੇਰਾ ਦਮ ਘੁਟਦਾ ਹੈ। ਪੱਖੇ ਦੀ ਗਰਮ ਹਵਾ ਪਿੰਡਾ ਸਾੜਦੀ ਹੈ। ਮੈਨੂੰ ਪਹਿਲਾਂ ਤੋਂ ਬਾਹਰ ਪੈਣ ਦੀ ਆਦਤ ਹੈ। ਪਿਛਲੀਆਂ ਦੋਵੇਂ ਰਾਤਾਂ ਵਾਂਗ ਪਤਨੀ ਨੇ ਮੇਰਾ ਬਿਸਤਰਾ ਟੁੱਟੀ ਦੌਣ ਵਾਲੇ ਮੰਜੇ 'ਤੇ ਵਿਛਾ ਕੇ ਮੱਛਰਦਾਨੀ ਲਾ ਦਿੱਤੀ। ਇਸ ਨੂੰ ਟੁੱਟੀ ਹੋਈ ਦੌਣ ਵਾਲੇ ਮੰਜੇ ਦੀ ਥਾਂ ਜੇ ਦੌਣ ਹੀਣਾ ਮੰਜਾ ਕਹਾਂ ਤਾਂ ਵੀ ਕੋਈ ਫਰਕ ਨਹੀਂ ਪੈਣਾ ਕਿਉਂਕਿ ਜੋ ਦੌਣ ਤਾਂ ਇਸ ਵਿੱਚ ਨਾਂ ਦੀ ਹੀ ਹੈ, ਬਸ ਚਾਰ ਪੰਜ ਛਿੱਦੀਆਂ-ਛਿੱਦੀਆਂ ਬੋਦੀਆਂ ਜਿਹੀਆਂ ਰਸੀਆਂ। ਜਿੰਨੀ ਦੇਰ ਮੈਂ ਜਾਗਦਾ ਰਿਹਾ, ਬਚ ਕੇ ਪਿਆ ਰਿਹਾ।

ਪਤਾ ਨਹੀਂ ਕਦੋਂ ਮੇਰੀ ਅੱਖ ਲੱਗੀ ਤੇ ਮੇਰਾ ਪੈਰ ਦੌਣ ਦੀ ਬੋਦੀ ਹੋਈ ਰੱਸੀ 'ਤੇ ਰੱਖਿਆ ਗਿਆ। ਰੱਸੀ ਟੁੱਟਦੇ ਸਾਰ ਬਿਸਤਰਾ ਇਕ ਪਾਸਿਉਂ ਹੇਠਾਂ ਲਟਕ ਗਿਆ। ਮੱਛਰ ਜਿਵੇਂ ਹੜ੍ਹ ਦੇ ਪਾਣੀ ਵਾਂਗ ਡਾਫ ਲਾਈ ਖੜਾ ਸੀ, ਮੇਰੇ 'ਤੇ ਟੁੱਟ ਪਿਆ। ਜਦੋਂ ਮੱਛਰ ਦੇ ਹਮਲੇ ਨਾਲ ਜਾਗ ਖੁੱਲ੍ਹੀ ਤਾਂ ਮੈਂ ਚਾਦਰਾ ਉਪਰ ਲੈ ਲਿਆ।

ਮੇਰੇ ਕੋਲ ਨੇੜਲੇ ਮੰਜੇ 'ਤੇ ਪਤਨੀ ਅਤੇ ਉਸ ਤੋਂ ਅਗਲੇ ਮੰਜੇ 'ਤੇ ਮੇਰਾ ਪੁੱਤ ਜਗਮੀਤ ਸਿੰਘ ਹੈ, ਧੀ ਅੰਦਰ ਪਈ ਹੈ। ਜਗਮੀਤ ਦੇ ਪਾਸਾ ਬਦਲਣ ਨਾਲ ਮੰਜਾ ਖੜਕਿਆ। ਮੈਨੂੰ ਜਗਮੀਤ 'ਤੇ ਖਿਝ ਚੜ੍ਹੀ, 'ਮੈਂ ਇਹ ਬੇਆਰਾਮੀ ਇਸੇ ਕਾਰਨ ਭੁਗਤ ਰਿਹਾ ਹਾਂ। ਨਾ ਇਹ ਪਿਛਲੇ ਮਹੀਨੇ ਰੇਹੜਾ ਚੜ੍ਹਾ ਕੇ ਦੋ ਮੰਜਿਆਂ ਦੀਆਂ ਬਾਹੀਆਂ ਤੋੜਦਾ ਤੇ ਨਾ ਮੈਨੂੰ ਟੁੱਟੀ ਦੌਣ ਵਾਲੇ ਇਸ ਮੰਜੇ 'ਤੇ ਪੈਣਾ ਪੈਂਦਾ। ਇਸ ਤੋਂ ਤੋਂ ਵੱਛਾ ਹੀ ਸੰਭਾਲਿਆ ਨਹੀਂ ਗਿਆ। ਦੋ ਮੰਜਿਆਂ ਦੀਆਂ ਬਾਹੀਆਂ ਟੁੱਟ ਗਈਆਂ।' ਮੈਂ ਕਿਹਾ ਸੀ ਕਿ ਉਨ੍ਹਾਂ ਟੁੱਟੇ ਮੰਜਿਆਂ ਵਿੱਚੋਂ ਇਕ ਦੀ ਦੌਣ ਕੱਢ ਕੇ ਪਾ ਲੈਂਦਾ ਹਾਂ, ਪਰ ਪਤਨੀ ਨਹੀਂ ਮੰਨਦੀ।

ਕਹਿੰਦੀ, 'ਇਹਦੇ ਵਿੱਚ ਨਵੀਂ ਪਾਓ। ਦੂਜੇ ਮੰਜਿਆਂ ਨੂੰ ਮਿਸਤਰੀ ਬੁਲਾ ਕੇ ਠੀਕ ਕਰਾਉ।' ਸਤਵੀਰ ਮਿਸਤਰੀ ਨੂੰ ਕਈ ਵਾਰ ਕਿਹਾ ਵੀ ਹੈ, ਪਰ ਉਹ ਵੀ ਮੀਣਾ ਜਿਹਾ 'ਕਰ ਦੇਊ' ਕਹਿ ਕੇ ਮੁੜ ਨਹੀਂ ਬਹੁੜਿਆ।

ਮੈਂ ਚਾਦਰਾ ਲੈ ਕੇ ਲੰਮਾ ਪੈ ਗਿਆ। ਚਾਦਰਾ ਉਪਰ ਲੈਣ ਨਾਲ ਗਰਮੀ ਕਾਰਨ ਸਾਹ ਬੰਦ ਹੋਣ ਨੂੰ ਆਵੇ। ਮੈਂ ਉਠ ਬੈਠਾ ਤੇ ਮੱਛਰਦਾਨੀ ਖੋਲ੍ਹ ਕੇ ਝਾੜੀ। ਫਿਰ ਸੋਚਿਆ ਕਿ ਬਿਸਤਰਾ ਠੀਕ ਤਰ੍ਹਾਂ ਵਿਛਾ ਕੇ ਮੱਛਰਦਾਨੀ ਦੁਬਾਰਾ ਲਾ ਲਵਾਂ। ਜਦੋਂ ਮੈਂ ਬਿਸਤਰਾ ਠੀਕ ਕਰਕੇ ਵਿਛਾਉਣ ਲੱਗਾ ਤਾਂ ਦੌਣ ਦੋ ਥਾਂ ਤੋਂ ਟੁੱਟੀ ਹੋਈ। ਮੈਂ ਪਤਨੀ ਵੱਲ ਵੇਖਿਆ। ਉਹ ਘੁਰਾੜੇ ਮਾਰ ਰਹੀ ਸੀ, ਪਰ ਦੌਣ ਨੂੰ ਗੱਠ ਦੇਣ ਦਾ ਮੇਰਾ ਹੌਸਲਾ ਨਾ ਪਿਆ। ਪਰਸੋਂ ਇਸੇ ਤਰ੍ਹਾਂ ਪਤਨੀ ਨੂੰ ਸੁੱਤੀ ਸਮਝ ਕੇ ਮੈਂ ਦੌਣ ਨੂੰ ਗੱਠ ਦੇਣ ਲੱਗਾ ਸੀ ਕਿ ਉਸ ਦੀ ਅੱਖ ਖੁੱਲ੍ਹ ਗਈ ਸੀ। ਫਿਰ ਮੈਂ ਜਾਣਦਾ ਹਾਂ ਕਿ ਉਸ ਨੇ ਮੇਰੇ ਨਾਲ ਕਿੰਨੀ ਕੁਪੱਤ ਕੀਤੀ ਸੀ। ਆਪਣੀ ਮਾਂ ਦੀ ਆਵਾਜ਼ ਸੁਣ ਕੇ ਦੋਵੇਂ ਨਿਆਣੇ ਜਾਗ ਪਏ, ਪਰ ਮੈਂ ਜਾਗਦਾ ਹੀ ਸੌਂ ਗਿਆ ਸੀ। ਉਹ ਕਾਫੀ ਦੇਰ ਬੋਲਦੀ ਰਹੀ, ਨਾਲੇ ਮੇਰੀ ਘਰ ਅਤੇ ਆਉਣ ਵਾਲੀਆਂ ਪੀੜ੍ਹੀਆਂ ਪ੍ਰਤੀ ਵਫਾਦਾਰੀ ਦੀ ਘਾਟ ਦਾ ਉਲਾਂਭਾ ਦਿੰਦੀ ਰਹੀ ਸੀ।

ਇਸੇ ਲਈ ਅੱਜ ਗੱਠ ਦੇਣ ਦਾ ਮੇਰਾ ਹੌਸਲਾ ਨਾ ਪਿਆ। ਪਤਨੀ ਤੋਂ ਨਹੀਂ, ਡਰਦਾ ਤਾਂ ਮੈਂ ਅੰਧਰਾਤਾ ਹੋਣ ਤੋਂ ਵੀ ਸੀ, ਹੋਰ ਨਾ ਕਿਤੇ ਰਾਤ ਨੂੰ ਦਿਸਣੋਂ ਹੀ ਹਟ ਜਾਵੇ। ਮੈਂ ਉਸੇ ਤਰ੍ਹਾਂ ਚਾਦਰਾ ਲੈ ਕੇ ਲੰਮਾ ਪੈ ਗਿਆ, ਪਰ ਗਰਮੀ ਕਾਰਨ ਨੀਂਦ ਨਾ ਆਵੇ। ਆਖਰ ਇਕ ਹੱਲ ਲੱਭਿਆ। ਬਿਸਤਰਾ ਦੌਣ ਦੇ ਆਰੰਭ ਤੋਂ ਮੋੜ ਕੇ ਦੌਣ ਬਾਹਰ ਛੱਡ ਕੇ ਮੈਂ ਮੱਛਰਦਾਨੀ ਦੱਬ ਦਿੱਤੀ। ਮੱਛਰ ਤਾਂ ਅੰਦਰ ਨਾ ਆਇਆ ਅਤੇ ਮੈਂ ਲੱਤਾਂ ਮੋੜ ਕੇ ਗੱਠ ਜਿਹੀ ਬਣ ਕੇ ਲੰਮਾ ਪੈ ਗਿਆ। ਦਿਨ ਦਾ ਥੱਕਿਆ ਹੋਣ ਕਾਰਨ ਝੋਲੀ ਬਣੇ ਮੰਜੇ 'ਤੇ ਵੀ ਨੀਂਦ ਆ ਗਈ। ਫਿਰ ਦੋ ਕੁ ਘੰਟੇ ਬਾਅਦ ਜਾਗ ਖੁੱਲ੍ਹ ਗਈ ਜਦੋਂ ਮੇਰੀ ਲੱਤ ਸਿੱਧੀ ਹੋ ਗਈ ਤੇ ਮੱਛਰ ਫਿਰ ਅੰਦਰ ਵੜ ਆਇਆ। ਉਦੋਂ ਤੱਕ ਹਵਾ ਵਿੱਚ ਥੋੜ੍ਹੀ ਜਿਹੀ ਠੰਢਕ ਆ ਗਈ ਸੀ। ਮੈਂ ਚਾਦਰਾ ਸਿਰ ਤੱਕ ਖਿੱਚ ਲਿਆ। ਨੀਂਦ ਤਾਂ ਨਾ ਆਈ, ਪਰ ਰਾਤ ਗੁਜ਼ਰ ਗਈ। ਸਵੇਰੇ ਉਠ ਕੇ ਚਾਹ ਪਾਣੀ ਪੀ ਕੇ ਖੇਤ ਵੱਲ ਤੁਰਨ ਲੱਗਿਆ ਤਾਂ ਸੋਚਿਆ ਕਿ ਮੰਜੇ ਦੀ ਟੁੱਟੀ ਦੌਣ ਨੂੰ ਹੁਣੇ ਗੱਠ ਮਾਰ ਜਾਵਾਂ। ਪਤਨੀ ਨੇ ਬਿਸਤਰਾ ਇਕੱਠਾ ਕਰ ਦਿੱਤਾ ਸੀ। ਮੈਂ ਦੌਣ ਨੂੰ ਗੰਢ ਦੇ ਕੇ ਬਿਸਤਰਾ ਵਿਛਾ ਕੇ ਵੇਖਣ ਲੱਗਾ ਅਤੇ ਤੱਸਲੀ ਕਰ ਲਈ।

ਸਾਰਾ ਦਿਨ ਖੇਤ ਵਿੱਚ ਲੰਘ ਗਿਆ। ਸ਼ਾਮ ਨੂੰ ਅਜੇ ਘਰ ਵੜਿਆ ਸੀ ਕਿ ਪਤਨੀ ਬੋਲੀ, 'ਦੌਣ ਹੁਣੇ ਲਿਆ ਕੇ ਰੱਖ ਲਉ, ਸਵੇਰੇ ਪਾ ਲਿਓ, ਫੇਰ ਸਵੇਰੇ ਲਾਲਾ ਨ੍ਹੀਂ ਮਿਲਦਾ ਹੱਟੀ ਵਿੱਚ।'

ਮੈਂ ਸੁਣ ਕੇ ਦੁਕਾਨ ਵੱਲ ਤੁਰ ਪਿਆ। ਦੌਣ ਖਰੀਦ ਕੇ ਘਰ ਆ ਕੇ ਵਿਹੜੇ ਵਿੱਚ ਕੰਧ 'ਤੇ ਲੱਗੇ ਕਿੱਲੇ ਉਤੇ ਟੰਗ ਦਿੱਤੀ। ਸੂਰਜ ਛਿਪਿਆ ਤਾਂ ਪਤਨੀ ਨੇ ਫਿਰ ਉਹੀ ਟੁੱਟੀ ਦੌਣ ਵਾਲਾ ਮੰਜਾ ਮੇਰੇ ਲਈ ਡਾਹ ਦਿੱਤਾ। ਪਿਛਲੇ ਚਾਰ ਦਿਨਾਂ ਤੋਂ ਤਿੰਨੇ ਜੀਅ ਮੇਰੇ ਤੋਂ ਪਹਿਲਾਂ ਮੰਜੇ ਮੱਲ ਲੈਂਦੇ ਹਨ ਜਿਵੇਂ ਤਿੰਨਾਂ ਨੇ ਕੋਈ ਸਲਾਹ ਕੀਤੀ ਹੋਵੇ। ਸਵੇਰ ਦੀਆਂ ਦਿੱਤੀਆਂ ਗੱਠਾਂ ਕਾਰਨ ਮਨ ਨੂੰ ਤਸੱਲੀ ਹੋਈ। ਮੱਛਰਦਾਨੀ ਬੜੀ ਸਾਵਧਾਨੀ ਨਾਲ ਬਿਸਤਰੇ ਹੇਠ ਦੱਬ ਲਈ, ਪਰ ਘੰਟੇ ਕੁ ਦੀ ਨੀਂਦ ਤੋਂ ਬਾਅਦ ਫਿਰ ਰੱਸੀ ਟੁੱਟ ਗਈ। ਪਿਛਲੀਆਂ ਰਾਤਾਂ ਦਾ ਸੰਘਰਸ਼ ਫਿਰ ਸ਼ੁਰੂ ਹੋ ਗਿਆ। ਚਾਦਰਾ ਲੈਂਦਾ ਤਾਂ ਗਰਮੀ ਲੱਗਦੀ, ਨਾ ਲੈਂਦਾ ਤਾਂ ਮੱਛਰ ਵੱਢਦਾ। ਕੰਧ 'ਤੇ ਲਟਕਦੀ ਦੌਣ ਵੇਖ ਕੇ ਮੇਰਾ ਮਨ ਕਰੇ ਕਿ ਨਵੀਂ ਦੌਣ ਪਾ ਲਵਾਂ, ਪਰ ਹੌਸਲਾ ਨਾ ਪਿਆ। ਮੈਂ ਨੇੜਲੇ ਮੰਜੇ 'ਤੇ ਪਈ ਜਗਮੀਤ ਵੱਲ ਵੇਖਿਆ। ਮੈਂ ਸੋਚਿਆ, 'ਮੇਰੇ ਤਾਂ ਮੁੰਡਾ ਹੈ।' ਫਿਰ ਇਹ ਸੋਚ ਕੇ ਰੁਕ ਗਿਆ ਕਿ ਕਿਤੇ ਜਗਮੀਤ ਦੇ ਕੁੜੀਆਂ..।

ਫਿਰ ਪਤਾ ਨਹੀਂ ਕਦੋਂ ਮੇਰੀ ਸੋਚ ਬੀਰੇ ਤੇ ਹੋਰ ਦੋ-ਦੋ, ਤਿੰਨ-ਤਿੰਨ ਕੁੜੀਆਂ ਵਾਲਿਆਂ 'ਤੇ ਚਲੇ ਗਈ। ਫਿਰ ਸ਼ਰੀਕੇ ਵਿੱਚੋਂ ਆਪਣੇ ਚਾਚੇ ਦੇ ਮੁੰਡੇ ਜਰਨੈਲ ਬਾਰੇ ਸੋਚਿਆ ਜੋ ਸ਼ਹਿਰ ਰਹਿੰਦਾ ਹੈ। ਉਸ ਦੇ ਚਾਰ ਕੁੜੀਆਂ ਹਨ, ਪਰ ਉਹ ਤਾਂ ਕੀ, ਉਸ ਦੇ ਪਿਓ ਨੇ ਵੀ ਕਦੇ ਮੰਜੇ ਉੱਤੇ ਪੈ ਕੇ ਨਹੀਂ ਵੇਖਿਆ ਹੋਣਾ, ਉਨ੍ਹਾਂ ਨੇ ਕੁਵੇਲੇ ਦੌਣ ਕਦੋਂ ਪਾ ਲਈ! ਉਨ੍ਹਾਂ ਦੇ ਤਾਂ ਬੈਡ ਨੇ। ਮੇਰੀ ਸੋਚ ਨੇ ਕਾਢ ਕੱਢੀ। ਫਿਰ ਵੀ ਮੇਰਾ ਦੌਣ ਪਾਉਣ ਦਾ ਹੌਸਲਾ ਨਾ ਪਵੇ। ਕਦੇ ਮੈਨੂੰ ਕੁੜੀਆਂ ਡਰਾਉਣ, ਕਦੇ ਅੰਧ-ਰਾਤਾ। ਫਿਰ ਸੋਚਿਆ ਕਿ ਕੁੜੀਆਂ ਕਿਹੜੀ ਗੱਲੋਂ ਮੁੰਡਿਆਂ ਤੋਂ ਮਾੜੀਆਂ ਨੇ, ਹੁਣ ਤਾਂ ਸਗੋਂ ਹਰ ਖੇਤਰ ਵਿੱਚ ਕੁੜੀਆਂ ਮੁੰਡਿਆਂ ਤੋਂ ਵਧ ਕੇ ਨੇ। ਦੂਜੀ ਰਹੀ ਅੰਧ-ਰਾਤਾ ਹੋਣ ਦੀ ਗੱਲ, ਮੈਂ ਕਿਹੜਾ ਰਾਤ ਨੂੰ ਸੂਈ ਵਿੱਚ ਧਾਗਾ ਪਾਉਣੈ ਜਾਂ ਰੌਲ ਲਾਉਣੀ ਐ। ਇਸੇ ਤਰ੍ਹਾਂ ਘੰਟਾ ਕੁ ਸੋਚ ਦੇ ਘੋੜੇ ਭੱਜਦੇ ਰਹੇ। ਕਦੇ ਮੇਰਾ ਮਨ ਦੌਣ ਪਾਉਣ ਨੂੰ ਕਰਦਾ, ਪਰ ਫਿਰ ਮੈਂ ਡਰ ਜਾਂਦਾ। ਆਖਰ ਗਿਆਰਾਂ ਕੁ ਵਜੇ ਮੈਂ ਪਤਨੀ ਦੇ ਮੰਜੇ ਵੱਲ ਨੂੰ ਤੁਰ ਪਿਆ। ਉਹ ਘੂਕ ਸੁੱਤੀ ਪਈ ਸੀ। ਮੈਨੂੰ ਤਸੱਲੀ ਹੋਈ। ਮੈਂ ਜਾ ਕੇ ਕਿੱਲੇ ਤੋਂ ਦੌਣ ਲਾਹ ਲਈ।

ਦੌਣ ਚੁੱਕ ਕੇ ਮੈਂ ਫਿਰ ਪਤਨੀ ਵੱਲ ਵੇਖਿਆ। ਉਹ ਮੇਰੇ ਵੱਲ ਪਿੱਠ ਕਰੀ ਪਈ ਸੀ। ਮੈਂ ਦੌਣ ਪਾਉਣੀ ਸ਼ੁਰੂ ਕਰ ਦਿੱਤੀ। ਅਚਾਨਕ ਮੰਜਾ ਖੜਕਿਆ। ਮੈਂ ਵੇਖਿਆ, ਪਤਨੀ ਨੇ ਕਰਵਟ ਬਦਲੀ ਸੀ। ਉਸ ਦਾ ਮੂੰਹ ਹੁਣ ਮੇਰੇ ਵੱਲ ਸੀ। ਮੈਂ ਉਸੇ ਤਰ੍ਹਾਂ ਦੌਣ ਸਮੇਤ ਲੰਮਾ ਪੈ ਗਿਆ। ਦੌਣ ਮੇਰੇ ਗਲ ਵਿੱਚ ਫਸ ਗਈ। ਮੇਰਾ ਮਨ ਕਰਦਾ ਕਿ ਇਸੇ ਨਾਲ ਗਲ ਫਾਹਾ ਲੈ ਕੇ ਦਰੱਖਤ ਨਾਲ ਲਟਕ ਜਾਵਾਂ। ਮੈਨੂੰ ਜਾਪਿਆ, ਜਿਵੇਂ ਮੇਰੀਆਂ ਅੱਖਾਂ ਅੱਗੇ ਹਨੇਰਾ ਜਿਹਾ ਛਾ ਰਿਹਾ ਹੋਵੇ। ਮੈਨੂੰ ਆਪਣਾ ਆਲਾ ਦੁਆਲਾ ਧੁੰਦਲਾ ਜਿਹਾ ਦਿਸਿਆ। ਮੇਰਾ ਦਿਲ ਅਣਜਾਣ ਡਰ ਨਾਲ ਭਰ ਗਿਆ। ਮੈਂ ਅੱਖਾਂ ਝਪਕੀਆਂ ਤੇ ਅੱਖਾਂ ਬੰਦ ਕਰਕੇ ਪੰਜ ਸੱਤ ਕੁ ਮਿੰਟ ਪਿਆ ਰਿਹਾ। ਮੱਛਰ ਨੇ ਬਹੁਤੀ ਦੇਰ ਮੈਨੂੰ ਇਸ ਤਰ੍ਹਾਂ ਵੀ ਪੈਣ ਨਾ ਦਿੱਤਾ। ਜਦੋਂ ਮੈਂ ਦੁਬਾਰਾ ਅੱਖਾ ਖੋਲ੍ਹੀਆਂ ਤਾਂ ਮੇਰੀ ਨਜ਼ਰ ਠੀਕ ਸੀ। ਮੈਂ ਤਾਰਿਆਂ ਵੱਲ ਤੱਕਿਆ। ਸਾਰੇ ਤਾਰਾ ਸਮੂਹ ਅਤੇ ਆਕਾਸ਼ਗੰਗਾ ਦੇ ਛੋਟੇ ਵੱਡੇ ਤਾਰੇ ਮੈਨੂੰ ਸਾਫ ਨਜ਼ਰ ਆਏ। ਮੇਰੇ ਮਨ ਨੂੰ ਤਸੱਲੀ ਹੋਈ। 'ਕੁਝ ਨ੍ਹੀਂ ਹੁੰਦਾ, ਇਹ ਸਭ ਵਹਿਮ ਨੇ,' ਮੇਰੇ ਮਨ ਦੇ ਕਿਸੇ ਹਿੱਸੇ ਵਿੱਚੋਂ ਸੋਚ ਜਾਗੀ।

ਅੱਧੇ ਕੁ ਘੰਟੇ ਬਾਅਦ ਪਤਨੀ ਨੇ ਫਿਰ ਕਰਵਟ ਲੈ ਕੇ ਮੇਰੇ ਵੱਲ ਪਿੱਠ ਕਰ ਲਈ। ਮੈਂ ਉਠ ਕੇ ਉਸ ਦੇ ਸੁੱਤੀ ਹੋਣ ਦੀ ਤਸੱਲੀ ਕੀਤੀ ਅਤੇ ਛੇਤੀ-ਛੇਤੀ ਪੂਰੀ ਦੌਣ ਕੱਸ ਲਈ ਅਤੇ ਮੱਛਰਦਾਨੀ ਲਾ ਕੇ ਲੰਮਾ ਪੈ ਗਿਆ। ਕੱਸੇ ਮੰਜੇ 'ਤੇ ਛੇਤੀ ਹੀ ਨੀਂਦ ਆ ਗਈ।

'ਟਲੇ ਨ੍ਹੀਂ ਫੇਰ, ਕਰ 'ਤੀ ਉਹੀ ਕਰਤੂਤ!' ਪਤਨੀ ਨੇ ਸਵੇਰੇ ਮੈਨੂੰ ਹਲੂਣਦਿਆਂ ਕਿਹਾ।

'ਕਿਹੜੀ ਕਰਤੂਤ?' ਮੈਂ ਪੁੱਛਿਆ।

'ਇਹੀ ਦੌਣ ਰਾਤ ਨੂੰ ਪਾ 'ਤੀ।' ਉਹ ਦੌਣ ਦੀ ਰੱਸੀ ਫੜਦੀ ਹੋਈ ਗੁੱਸੇ ਨਾਲ ਬੋਲੀ।

'ਰਾਤ ਨੂੰ ਕਾਹਨੂੰ ਤੜਕੇ ਪਾਈ ਆ, ਚਾਰ ਵਜੇ।' ਮੈਂ ਕਿਹਾ।

'ਚਲੋ ਸ਼ੁਕਰ ਐ ਨਹੀਂ ਤਾਂ..।' ਕਹਿੰਦੀ ਹੋਈ ਉਹ ਰਸੋਈ ਵਿੱਚ ਵੜ ਗਈ।

